# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ. ਏ. (ਰਾਜਨੀਤੀ ਵਿਗਿਆਨ)** **ਸਮੈਸਟਰ ਦੂਜਾ**

**ਯੂਨਿਟ : 2**

**ਮੀਡੀਅਮ : ਪੰਜਾਬੀ**

**ਪਾਠ ਨੰ.**


2.1 : ਸੁਤੰਤਰਤਾ ਦੀ ਧਾਰਨਾ: ਅਰਥ, ਪਰਿਭਾਸ਼ਾ, ਨਾਕਾਰਤਮਕ ਅਤੇ ਸਾਕਾਰਾਤਮਕ ਸੁਤੰਤਰਤਾ, ਵੱਖ ਵੱਖ ਕਿਸਮਾਂ ਅਤੇ ਸੁਤੰਤਰਤਾ ਵਿਚ ਸੁਰੱਖਿਆ

2.2 : ਸਮਾਨਤਾ ਦੀ ਧਾਰਨਾ : ਅਰਥ, ਪ੍ਰਕਾਰ, ਸੁਤੰਤਰਤਾ ਅਤੇ ਸਮਾਨਤਾ ਵਿਚ ਸੰਬੰਧ

2.3 : ਨਿਆਂ ਦੀ ਧਾਰਨਾ : ਇਸ ਦੇ ਵਿਭਿੰਨ ਪੱਖ ਅਤੇ ਸੁਤੰਤਰਤਾ, ਸਮਾਨਤਾ ਅਤੇ ਸੰਪਤੀ ਨਾਲ ਨਿਆਂ ਦਾ ਸੰਬੰਧ

2.4 : ਲੋਕਤੰਤਰ – ਅਰਥ, ਵਿਸ਼ੇਸ਼ਤਾਵਾਂ ਅਤੇ ਕਿਸਮਾਂ

2.5 : ਲੋਕਤੰਤਰ ਦੇ ਸਿਧਾਂਤ – ਉਦਾਰਵਾਦੀ ਤੇ ਮਾਰਕਸਵਾਦੀ



***Department website : www.pbidde.org***

ਪਾਠ ਨੰ. 2.1

# ਸੁਤੰਤਰਤਾ ਦੀ ਧਾਰਨਾ-ਅਰਥ, ਪਰਿਭਾਸ਼ਾ, ਨਾਕਾਰਾਤਮਕ ਅਤੇ ਸਾਕਾਰਾਤਮਕ ਸੁਤੰਤਰਤਾ ਅਤੇ ਸੁਤੰਤਰਤਾ ਦੀਆਂ ਕਿਸਮਾਂ

## (Concept of Liberty-Meaning, Definition, Negative and Positive Liberty and Types of Liberty)

ਪਾਠ ਦੀ ਰੂਪ ਰੇਖਾ

2.1.1. ਪਾਠ ਦਾ ਉਦੇਸ਼
2.1.2. ਭੂਮਿਕਾ
2.1.3. ਸੁਤੰਤਰਤਾ : ਅਰਥ ਅਤੇ ਪਰਿਭਾਸ਼ਾ
2.1.4. ਸੁਤੰਤਰਤਾ ਦੇ ਨਿਖੇਦਵਾਚਕ ਅਤੇ ਸਾਖੇਪਵਾਚਕ ਰੂਪ
    2.1.4.1. ਨਕਾਰਾਤਮਕ ਜਾਂ ਨਿਖੇਦਵਾਚਕ ਸੁਤੰਤਰਤਾ ਦਾ ਵਿਸ਼ਲੇਸ਼ਣ
    2.1.4.2. ਸਕਾਰਾਤਮਕ ਜਾਂ ਸਾਖੇਪਵਾਚਕ ਸੁਤੰਤਰਤਾ ਦਾ ਵਿਸ਼ਲੇਸ਼ਣ
2.1.5. ਸੁਤੰਤਰਤਾ ਦੀਆਂ ਕਿਸਮਾਂ
    2.1.5.1. ਪ੍ਰਾਕ੍ਰਿਤਕ ਸੁਤੰਤਰਤਾ
    2.1.5.2. ਨਾਗਰਿਕ ਸੁਤੰਤਰਤਾ
    2.1.5.3. ਰਾਜਨੀਤਿਕ ਸੁਤੰਤਰਤਾ
    2.1.5.4. ਆਰਥਿਕ ਸੁਤੰਤਰਤਾ
    2.1.5.5. ਰਾਸ਼ਟਰੀ ਸੁਤੰਤਰਤਾ
2.1.6. ਸੁਤੰਤਰਤਾ ਨੂੰ ਸੁਰੱਖਿਅਤ ਕਰਣ ਦੇ ਢੰਗ
    2.1.6.1. ਲਿਖਤੀ ਸੰਵਿਧਾਨ
    2.1.6.2. ਮੌਲਿਕ ਅਧਿਕਾਰਾਂ ਦੀ ਘੋਸ਼ਣਾ
    2.1.6.3. ਸੁਤੰਤਰ ਨਿਆਂਪਾਲਿਕਾ
    2.1.6.4. ਨਾਗਰਿਕਾਂ ਦੀ ਸੁਚੇਤਤਾ
    2.1.6.5. ਸ਼ਕਤੀਆਂ ਦਾ ਵਿਕੇਂਦਰੀਕਰਣ
    2.1.6.6. ਲੋਕ ਰਾਜ
    2.1.6.7. ਵਿਸ਼ੇਸ਼-ਅਧਿਕਾਰਾਂ ਦਾ ਖਾਤਮਾ
    2.1.6.8. ਯੋਗ-ਦਲ-ਪ੍ਰਣਾਲੀ
    2.1.6.9. ਕਾਨੂੰਨ ਦਾ ਸ਼ਾਸ਼ਨ
2.1.7. ਸਾਰਾਂਸ਼
2.1.8. ਸਵੈ ਅਭਿਆਸ ਲਈ ਪ੍ਰਸ਼ਨਾਂ ਅਤੇ ਉਨ੍ਹਾਂ ਦੇ ਉੱਤਰ
2.1.9. ਸੁਝਾਈਆਂ ਪੁਸਤਕਾਂ

2.1.1. **ਪਾਠ ਦਾ ਉਦੇਸ਼ (Objective of the Lesson)** :- ਪਿਆਰੇ ਵਿਦਿਆਰਥੀਓ, ਇਸ ਪਾਠ ਦਾ ਉਦੇਸ਼ ਤੁਹਾਨੂੰ ਸੁਤੰਤਰਤਾ ਵਰਗੀ ਮਹੱਤਵਪੂਰਣ ਧਾਰਣਾ ਦੇ ਵੱਖ ਪਹਿਲੂਆਂ ਤੋਂ ਜਾਣੂ ਕਰਾਉਣਾ ਹੈ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਜਾਣ ਸਕੋਗੇ ਕਿ ਸੁਤੰਤਰਤਾ ਕਿਸ ਨੂੰ ਕਹਿੰਦੇ ਹਨ, ਇਸ ਦੀਆਂ ਵੱਖ-ਵੱਖ ਕਿਸਮਾਂ ਕੀ ਹਨ ਅਤੇ ਇਸਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

2.1.2 **ਭੂਮਿਕਾ (Introduction)** : ਰਾਜ ਤੇ ਵਿਅਕਤੀ ਦਾ ਪਰਸਪਰ ਸੰਬੰਧ ਰਾਜਨੀਤੀ

ਵਿਗਿਆਨ ਦਾ ਇਕ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ। ਇਸ ਸੰਬੰਧ ਵਿਚ ਮੁੱਖ ਪ੍ਰਸ਼ਨ ਇਹ ਹੈ **ਕਿ ਰਾਜ ਸੱਤਾ ਵਿਅਕਤੀਗਤ ਸੁਤੰਤਰਤਾ ਨੂੰ ਖਤਮ ਕਰਦੀ ਹੈ ਜਾਂ ਉਸ ਦੀ ਸੁਰੱਖਿਆ ਕਰਦੀ ਹੈ ?** ਸਮਾਜ ਵਿਚ ਸਮਾਨਤਾ ਲਿਆਉਣ ਲਈ ਵਿਅਕਤੀਗਤ ਸੁਤੰਤਰਤਾ ਤੇ ਪਾਬੰਦੀਆਂ ਲਾਉਣੀਆਂ ਜ਼ਰੂਰੀ ਹੋ ਜਾਂਦੀਆਂ ਹਨ ਤਾਂ ਕਿ ਸੁਤੰਤਰਤਾ ਨੂੰ ਠੀਕ ਤਰ੍ਹਾਂ ਮਾਣਿਆ ਜਾ ਸਕੇ। ਸੋ ਇਹ ਰਾਜ ਦੀ ਸੱਤਾ ਹੀ ਹੈ ਜੋ ਵਿਅਕਤੀ ਦੀ ਸੁਤੰਤਰਤਾ ਨੂੰ ਸੁਰੱਖਿਅਤ ਰੱਖਦੀ ਹੈ ਅਤੇ ਵਿਅਕਤੀ ਨੂੰ ਸਮਾਨਤਾ ਪ੍ਰਦਾਨ ਕਰਦੀ ਹੈ। ਇਸ ਪਾਠ ਵਿਚ ਅਸੀਂ ਸੁਤੰਤਰਤਾ ਦੀ ਧਾਰਣਾ ਬਾਰੇ ਚਰਚਾ ਕਰਾਂਗੇ ਭਾਵ ਉਸ ਦੇ ਅਰਥ ਅਤੇ ਵੱਖ ਵੱਖ ਰੂਪਾਂ ਦਾ ਵਰਨਣ ਕਰਾਂਗੇ, ਨਾਲ ਹੀ ਸੁਤੰਤਰਤਾ ਦੇ ਨਿਖੇਧਾਤਮਕ ਅਤੇ ਸਾਕਾਰਾਤਮਕ ਪੱਖਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕਰਾਂਗੇ।

### 2.1.3 ਸੁਤੰਤਰਤਾ ਦਾ ਅਰਥ ਅਤੇ ਪਰਿਭਾਸ਼ਾ (Meaning and Definition of Liberty)

ਲਿਬਰਟੀ (Liberty) ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਲਿਬਰ (Liber) ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਸੁਤੰਤਰਤਾ'। ਇਸ ਲਈ ਇਸ ਦਾ ਸ਼ਾਬਦਿਕ ਅਰਥ ਇਹ ਹੋਇਆ ਕਿ ਮਨੁੱਖ ਉੱਤੇ ਕੋਈ ਪਾਬੰਦੀ ਨਾ ਹੋਵੇ ਅਤੇ ਉਸ ਨੂੰ ਆਪਣੀ ਮਨਮਰਜ਼ੀ ਅਨੁਸਾਰ ਕੰਮ ਦੀ ਸੁਤੰਤਰਤਾ ਹੋਵੇ। ਪਰ ਸਮਾਜ ਵਿਚ ਮਨੁੱਖ ਨੂੰ ਇਹੋ ਜਿਹੀ ਸੁਤੰਤਰਤਾ ਨਹੀਂ ਮਿਲ ਸਕਦੀ ਕਿਉਂਕਿ ਉਹ ਇਕ ਸਮਾਜਕ ਪ੍ਰਾਣੀ ਹੈ ਅਤੇ ਸਮਾਜ ਵਿਚ ਰਹਿੰਦਾ ਹੈ। ਆਪਣੀ ਸੁਤੰਤਰਤਾ ਮਾਣਨ ਲਗਿਆਂ ਉਸ ਨੂੰ ਦੂਜੇ ਵਿਅਕਤੀਆਂ ਦੀ ਸੁਤੰਤਰਤਾ ਦਾ ਵੀ ਖਿਆਲ ਰੱਖਣਾ ਪੈਂਦਾ ਹੈ। ਇਸ ਗੱਲ ਨੂੰ ਮੁੱਖ ਰੱਖਕੇ 1789 ਵਿਚ ਫ਼ਰਾਂਸ ਦੀ ਕ੍ਰਾਂਤੀ ਦੇ ਨੇਤਾਵਾਂ ਨੇ ਸੁਤੰਤਰਤਾ ਦੀ ਹੇਠ ਲਿਖੀ ਪ੍ਰੀਭਾਸ਼ਾ ਦਿੱਤੀ :-

''ਸੁਤੰਤਰਤਾ ਕਿਸੇ ਵੀ ਅਜਿਹੇ ਕੰਮ ਨੂੰ ਕਰਨ ਦਾ ਅਧਿਕਾਰ ਹੈ, ਜਿਸ ਨਾਲ ਕਿਸੇ ਦੂਜੇ ਨੂੰ ਹਾਨੀ ਨਾ ਹੋਵੇ।''

ਪ੍ਰੋ: ਲਾਸਕੀ ਅਨੁਸਾਰ, ਕਾਨੂੰਨ ਤੇ ਏਕਤਾ ਦੀ ਸਥਿਤੀ ਨਾਲੋਂ ਵਿਅਕਤੀਗਤ ਸੁਤੰਤਰਤਾ ਦਾ ਜ਼ਿਆਦਾ ਮਹੱਤਵ ਹੈ। ਆਪਣੀ ਪੁਸਤਕ 'ਗਰਾਮਰ ਆਫ਼ ਪਾਲੀਟਿਕਸ' ਵਿਚ ਉਹ ਲਿਖਦਾ ਹੈ ਕਿ ਸੁਤੰਤਰਤਾ ਤੋਂ ਭਾਵ ਇਕ ਅਜਿਹਾ ਵਾਤਾਵਰਣ ਹੈ ਜਿਸ ਵਿਚ ਮਨੁੱਖ ਨੂੰ ਆਪਣੇ ਵਿਕਾਸ ਦਾ ਪੂਰਾ ਮੌਕਾ ਮਿਲ ਸਕੇ। ਇਸ ਲਈ ਸੁਤੰਤਰਤਾ ਅਧਿਕਾਰਾਂ ਦੁਆਰਾ ਹੀ ਸੰਭਵ ਹੈ। ਬਿਨਾਂ ਅਧਿਕਾਰਾਂ ਦੇ ਮਨੁੱਖ ਇਕ ਅਜਿਹੇ ਕਾਨੂੰਨ ਦੇ ਅਧੀਨ ਹੋ ਜਾਂਦੇ ਹਨ ਜੋ ਉਹਨਾਂ ਦੇ ਵਿਅਕਤੀਤਵ ਦੇ ਵਿਕਾਸ ਦੀਆਂ ਜ਼ਰੂਰਤਾਂ ਵੱਲ ਕੋਈ ਧਿਆਨ ਨਹੀਂ ਦਿੰਦਾ। ਸੋ ਜਿੰਨੇ ਜ਼ਿਆਦਾ ਅਧਿਕਾਰ ਹੋਣਗੇ ਉਨੀ ਸੁਤੰਤਰਤਾ ਹੋਵੇਗੀ। ਸਦੀਆਂ ਦੇ ਤਜਰਬੇ ਤੋਂ ਬਾਅਦ ਅਸੀਂ ਜੀਵਨ ਜੀਣ ਲਈ ਕੁਝ ਕਾਨੂੰਨ ਬਣਾਏ ਹਨ, ਜੇ ਰਾਜ ਮਨੁੱਖ ਕੋਲੋਂ ਇਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਵਾਉਣਾ ਚਾਹੇ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਸ ਦੀ ਆਜ਼ਾਦੀ ਨੂੰ ਖਤਮ ਕੀਤਾ ਜਾ ਰਿਹਾ ਹੈ। ਸਾਂਝੇ ਹਿੱਤਾਂ ਦੇ ਵਿਕਾਸ ਲਈ ਮਨੁੱਖ ਦੀਆਂ ਨਿਜੀ ਗਤੀਵਿਧੀਆਂ ਤੇ ਕੁਝ ਬੰਧਨ ਲਗਾਉਣੇ ਜ਼ਰੂਰੀ ਹੋ ਜਾਂਦੇ ਹਨ। ਸੋ ਸੁਤੰਤਰਤਾ ਬੰਧਨਾਂ ਦੀ ਅਣਹੋਂਦ ਨਹੀਂ ਸਗੋਂ ਇਕ ਅਜਿਹੇ ਮਾਹੌਲ ਦੀ ਪ੍ਰਾਪਤੀ ਹੈ ਜਿਸ ਵਿਚ ਵਿਅਕਤੀਤਵ ਦਾ ਵਿਕਾਸ ਸੰਭਵ ਹੋ ਸਕੇ ਅਤੇ ਇਹ ਮਾਹੌਲ ਰਾਜ ਵਿਚ ਹੀ ਸੰਭਵ ਹੈ।

ਸੁਤੰਤਰਤਾ ਬਾਰੇ ਹੋਰ ਬਹੁਤ ਸਾਰੀਆਂ ਪ੍ਰੀਭਾਸ਼ਾਵਾ ਦਿੱਤੀਆਂ ਗਈਆਂ ਹਨ ਜਿਵੇਂ ਕਿ :

**ਜੀ.ਡੀ.ਐਚ. ਕੋਲ** (G.D.H. Cole) ਦੇ ਅਨੁਸਾਰ, 'ਬਿਨਾਂ ਕਿਸੇ ਬਾਹਰੀ ਰੁਕਾਵਟ ਤੋਂ ਆਪਣੇ ਵਿਅਕਤੀਗਤ ਦਾ ਪ੍ਰਗਟਾਓ ਕਰਨ ਦੇ ਅਧਿਕਾਰ ਨੂੰ ਸੁਤੰਤਰਤਾ ਕਹਿੰਦੇ ਹਨ।

**ਟੀ.ਐਚ. ਗਰੀਨ** (T.H. Green) ਦੇ ਅਨੁਸਾਰ, ''ਸੁਤੰਤਰਤਾ ਭੋਗਣ ਯੋਗ ਵਸਤੂਆਂ ਨੂੰ ਭੋਗਣ ਅਤੇ ਕਰਨ ਯੋਗ ਕਾਰਜਾਂ ਨੂੰ ਕਰਨ ਦੀ ਸਾਕਾਰਾਤਮਕ ਸ਼ਕਤੀ ਹੈ।''

ਪ੍ਰੋ. ਸੀਲੇ ਦਾ ਕਹਿਣਾ ਹੈ ਕਿ, ''ਅਤਿਸ਼ਾਸਨ ਦਾ ਉਲਟ ਹੀ ਸੁਤੰਤਰਤਾ ਹੈ।''

ਮੈਕਨੀ ਦੇ ਸ਼ਬਦਾਂ ਵਿਚ ''ਸੁਤੰਤਰਤਾ ਦਾ ਅਰਥ ਹਰ ਪ੍ਰਕਾਰ ਦੀਆਂ ਬੰਦਸ਼ਾਂ ਦੀ ਅਣਹੋਂਦ ਨਹੀਂ ਸਗੋਂ ਅਣਉਚਿਤ ਬੰਦਸ਼ਾਂ ਦੀ ਥਾਂ ਉਚਿਤ ਬੰਦਸ਼ਾਂ ਦੀ ਸਥਾਪਨਾ ਹੈ।'' ਇਹਨਾਂ ਪਰਿਭਾਸ਼ਾਵਾਂ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਸੁਤੰਤਰਤਾ ਦਾ ਅਸਲੀ ਅਰਥ ਹਰ ਪ੍ਰਕਾਰ ਦੇ ਪ੍ਰਤਿਬੰਧਾਂ ਦੀ ਅਣਹੋਂਦ ਨਹੀਂ ਸਗੋਂ ਅਣ-ਉਚਿਤ ਅਤੇ ਅਨੈਤਿਕ ਪ੍ਰਤਿਬੰਧਾਂ ਦੀ ਅਣਹੋਂਦ ਹੈ।

### 2.1.4 ਸੁਤੰਤਰਤਾ ਦੇ ਨਿਖੇਧਵਾਚਕ ਅਤੇ ਸਾਪੇਖਵਾਚਕ ਰੂਪ (Negative and Positive aspects of liberty)

ਸੁਤੰਤਰਤਾ ਦੇ ਦੋ ਪਹਿਲੂ ਮੰਨੇ ਜਾਂਦੇ ਹਨ :

(ੳ) ਨਿਖੇਧਵਾਚਕ ਜਾਂ ਨਾਕਾਰਾਤਮਕ ਸੁਤੰਤਰਤਾ

(ਅ) ਸਾਪੇਖਵਾਚਕ ਜਾਂ ਸਾਕਾਰਾਤਮਕ ਸੁਤੰਤਰਤਾ

**(ੳ) ਨਾਕਾਰਾਤਮਕ ਸੁਤੰਤਰਤਾ (Negative Liberty)** :– ਇਸ ਦਾ ਅਰਥ ਹੈ ਕਿ ਵਿਅਕਤੀ ਦੀ ਉਹ ਸੁਤੰਤਰਤਾ ਜਿਸ ਉਪਰ ਕਿਸੇ ਪ੍ਰਕਾਰ ਦੀ ਵੀ ਪਾਬੰਦੀ ਨਾ ਹੋਵੇ। ਉਸ ਨੂੰ ਮਨਮਾਨੀ ਕਰਨ ਦੀ ਇਜਾਜ਼ਤ ਹੋਵੇ ਪਰ ਇਸ ਤਰ੍ਹਾਂ ਦੀ ਸੁਤੰਤਰਤਾ ਦਾ ਸਮਾਜ ਵਿਚ ਹੋਣਾ ਅਸੰਭਵ ਹੈ। ਵਿਅਕਤੀਵਾਦੀ ਅਤੇ ਅਰਾਜਕਤਾਵਾਦੀ (Individualists and Anarchists) ਵੀ ਇਸ ਵਿਚਾਰ ਦੇ ਹਨ ਕਿ ਕਾਨੂੰਨ ਅਤੇ ਸੁਤੰਤਰਤਾ ਇਕ ਦੂਜੇ ਦੇ ਵਿਰੋਧੀ ਹਨ, ਇਸ ਲਈ ਰਾਜ ਨੂੰ ਨਾਗਰਿਕਾਂ ਦੇ ਜੀਵਨ ਵਿਚ ਬਿਲਕੁਲ ਦਖਲ ਨਹੀਂ ਦੇਣਾ ਚਾਹੀਦਾ। ਵਿਅਕਤੀਵਾਦੀ ਕਹਿੰਦੇ ਹਨ ਕਿ ਰਾਜ ਨੂੰ ਵਿਅਕਤੀਆਂ ਦੀ ਸੁਤੰਤਰਤਾ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ, ਪਰ ਉਸ ਨੂੰ ਵਿਅਕਤੀਆਂ ਦੇ ਕੰਮਾਂ ਵਿਚ ਦਖਲ ਨਹੀਂ ਦੇਣਾ ਚਾਹੀਦਾ ਅਤੇ ਅਮਨ ਕਾਇਮ ਰੱਖਣ ਅਤੇ ਜਾਨ ਦੀ ਰੱਖਿਆ ਵਾਸਤੇ ਵੀ ਘੱਟ ਤੋਂ ਘੱਟ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਅਨੁਸਾਰ ਵਿਅਕਤੀ ਨੂੰ ਸੰਪੂਰਣ ਸੁਤੰਤਰਤਾ ਹੋਣੀ ਚਾਹੀਦੀ ਹੈ। ਇਸ ਸੁਤੰਤਰਤਾ ਨੂੰ ਸੰਭਾਲਣ ਲਈ ਵਿਅਕਤੀਆਂ ਨੂੰ ਚਾਹੀਦਾ ਹੈ ਕਿ ਆਪਣੇ ਕੰਮ ਤੇ ਆਪ ਕੁਝ ਪਾਬੰਦੀਆਂ ਰੱਖਣ। ਰਾਜ ਨੂੰ ਚਾਹੀਦਾ ਹੈ ਕਿ ਵਿਅਕਤੀਆਂ ਦੇ ਕੰਮਾਂ ਤੇ ਕੁਝ ਰੋਕਾਂ ਲਗਾ ਕੇ ਉਹਨਾਂ ਨੂੰ ਦੂਜਿਆਂ ਦੇ ਕੰਮਾਂ ਵਿਚ ਦਖ਼ਲ ਦੇਣ ਤੋਂ ਰੋਕੇ ਤਾਂ ਜੋ ਸਮਾਜ ਵਿਚ ਸਭ ਲੋਕ ਸੁਤੰਤਰਤਾ ਦਾ ਪ੍ਰਯੋਗ ਕਰ ਸਕਣ। ਰਾਜ ਨੂੰ ਸੁਤੰਤਰਤਾ ਪ੍ਰਦਾਨ ਕਰਨ ਲਈ ਆਪਣੇ ਵਲੋਂ ਕੋਈ ਕਦਮ ਨਹੀਂ ਉਠਾਣੇ ਚਾਹੀਦੇ। ਸਿਰਫ਼ ਸੁਤੰਤਰਤਾ ਦੇ ਰਾਹ ਵਿਚ ਆਈਆਂ ਰੁਕਾਵਟਾਂ (Hinderances) ਨੂੰ ਹੀ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

**(ਅ) ਸਾਕਾਰਾਤਮਕ ਸੁਤੰਤਰਤਾ (Positive Liberty)** :– ਇਸ ਮਤ ਅਨੁਸਾਰ, ਰਾਜ ਦਾ ਕੰਮ ਇਹ ਹੀ ਨਹੀਂ ਕਿ ਉਹ ਸੁਤੰਤਰਤਾ ਦੇ ਰਾਹ ਵਿਚ ਆਈਆਂ ਰੋਕਾਂ ਨੂੰ ਦੂਰ ਕਰੇ, ਸਗੋਂ ਅਜਿਹਾ ਮਾਹੌਲ ਪ੍ਰਦਾਨ ਕਰਨਾ ਵੀ ਹੈ ਜਿਸ ਵਿਚ ਰਾਜ ਵਿਚਲੇ ਸਾਰੇ ਵਿਅਕਤੀ ਸ਼ਖਸੀਅਤ ਦਾ ਸਹੀ ਰੂਪ ਵਿਚ ਵਿਕਾਸ ਕਰ ਸਕਣ। ਸੁਤੰਤਰਤਾ ਦਾ ਸਿਰਫ਼ ਨਿਖੇਧਵਾਚਕ ਨਹੀਂ ਸਗੋਂ ਨਿਸ਼ਚੇਵਾਚਕ ਪੱਖ ਵੀ ਹੈ। ਜਿਵੇਂ ਬਾਰਕਰ ਨੇ ਲਿਖਿਆ ਹੈ ਕਿ ''ਜਿਸ ਤਰ੍ਹਾਂ ਬਦਸੂਰਤੀ ਦੀ ਅਣਹੋਂਦ ਸੁੰਦਰਤਾ ਨਹੀਂ ਹੈ, ਉਸੇ ਤਰ੍ਹਾਂ ਬੰਧਨਾਂ ਦਾ ਨਾ ਹੋਣਾ ਸੁਤੰਤਰਤਾ ਨਹੀਂ ਹੈ। ਇਸ ਲਈ ਸੁਤੰਤਰਤਾ ਸਿਰਫ ਉਸ ਵੇਲੇ ਸੰਭਵ ਹੋ ਸਕਦੀ ਹੈ ਅਤੇ ਸਥਿਰ ਰਹਿ ਸਕਦੀ ਹੈ ਜਦੋਂ ਕਿ ਰਾਜ ਰਾਹੀਂ ਅਜਿਹੀਆਂ ਹਾਲਤਾਂ ਦੀ ਸਥਾਪਨਾ ਕੀਤੀ ਜਾਵੇ ਜਿਨ੍ਹਾਂ ਵਿਚ ਮਨੁੱਖ ਆਪਣੀ ਸਖਸ਼ੀਅਤ ਦਾ ਪੂਰਣ ਵਿਕਾਸ ਕਰ ਸਕੇ।''

ਪ੍ਰੋਫੈਸਰ ਲਾਸਕੀ ਵੀ ਲਿਖਦੇ ਹਨ ਕਿ, ''ਸੁਤੰਤਰਤਾ ਤੋਂ ਭਾਵ ਇਕ ਅਜਿਹਾ ਵਾਤਾਵਰਣ ਹੈ ਜਿਸ ਵਿਚ ਹਰ ਆਦਮੀ ਨੂੰ ਉੱਚਤਮ ਹੋਣੀ ਨੂੰ ਪ੍ਰਾਪਤ ਕਰਨ ਦੇ ਮੌਕੇ ਮਿਲਦੇ ਹਨ।

ਇਸ ਸੰਬੰਧ ਵਿਚ ਪ੍ਰੋ. ਲਾਸਕੀ ਨੇ ਲਿਖਿਆ ਹੈ ਕਿ ਸੁੰਤਤਰ ਵਾਤਾਵਰਣ ਵਿਚ ਉਹਨਾਂ ਅਧਿਕਾਰਾਂ ਅਤੇ ਮੌਕਿਆਂ ਦਾ ਪ੍ਰਾਪਤ ਹੋਣਾ ਸ਼ਾਮਲ ਹੈ ਜਿਨ੍ਹਾਂ ਦੀ ਵਰਤੋਂ ਨਾਲ ਮਨੁੱਖ ਆਪਣੇ ਜੀਵਨ ਨੂੰ ਉੱਨਤ ਕਰ ਸਕੇ। ਅਧਿਕਾਰਾਂ ਦੀ ਅਣਹੋਂਦ ਵਿਚ ਸੁਤੰਤਰਤਾ ਦਾ ਹੋਣਾ ਅਸੰਭਵ ਹੋ ਕਿਉਂਕਿ ਅਧਿਕਾਰਾਂ ਤੋਂ ਰਹਿਤ ਜਨਤਾ ਨੂੰ ਉਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਜਿਨ੍ਹਾਂ ਦਾ ਸ਼ਖਸੀਅਤ ਦੇ ਵਿਕਾਸ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਹੋਰ ਵੀ ਸਪੱਸ਼ਟ ਹੋਣ ਲਈ ਅਸੀਂ ਇਕ ਹੋਰ ਪਰਿਭਾਸ਼ਾ ਦਿੰਦੇ ਹਾਂ। ਸੁਤੰਤਰਤਾ ਉਨ੍ਹਾਂ ਕੰਮਾਂ ਨੂੰ ਕਰਨ ਜਾਂ ਭੋਗਣ ਦਾ ਸਾਕਾਰਾਤਮਕ ਅਧਿਕਾਰ ਹੈ ਜੋ ਕਰਨ ਜਾਂ ਭੋਗਨ ਯੋਗ ਹੋਣ। ਦੂਜੇ ਸ਼ਬਦਾਂ ਵਿਚ **ਸੁਤੰਤਰਤਾ ਹਰ ਤਰ੍ਹਾਂ ਦੇ ਕੰਮਾਂ ਨੂੰ ਕਰਨ ਦਾ ਅਧਿਕਾਰ ਨਹੀਂ ਹੈ, ਸਗੋਂ ਉਨ੍ਹਾਂ ਦੀ ਕੰਮਾਂ ਨੂੰ ਕਰਨ ਦਾ ਅਧਿਕਾਰ ਹੈ ਜੋ ਕਰਨ ਯੋਗ ਹੋਣ।** (Liberty is positive power of doing or enjoying those things which are worth doing or enjoying).

ਸੁਤੰਤਰਤਾ ਦਾ ਭਾਵ ਪਾਬੰਦੀਆਂ ਦੀ ਅਣਹੋਂਦ ਜਾਂ ਮਨੁੱਖ ਨੂੰ ਮਨਮਰਜ਼ੀ ਕਰਨ ਦੀ ਖੁਲ੍ਹ ਨਹੀਂ। ਇਸ ਤਰ੍ਹਾਂ ਦੀ ਸੁਤੰਤਰਤਾ ਦਾ ਸਿੱਟਾ ਤਕੜਿਆਂ ਦੀ ਆਜ਼ਾਦੀ ਅਤੇ ਮਾੜਿਆਂ ਦੀ ਗੁਲਾਮੀ ਵਿਚ ਨਿਕਲੇਗਾ।

ਸੁਤੰਤਰਤਾ ਦਾ ਅਰਥ ਹੈ ਉਹ ਕੰਮ ਕਰਨ ਦਾ ਅਧਿਕਾਰ ਜਿਸ ਨਾਲ ਨਾ ਤਾਂ ਆਤਮ ਵਿਕਾਸ ਵਿਚ ਰੁਕਾਵਟ ਪਵੇ ਅਤੇ ਨਾ ਹੀ ਦੂਜਿਆਂ ਨੂੰ ਹਾਨੀ ਪਹੁੰਚੇ। ਇਸੇ ਲਈ ਲਾਸਕੀ ਨੇ ਸੁਤੰਤਰਤਾ ਦਾ ਅਰਥ ਉਸ ਵਾਤਾਵਰਣ ਦੀ ਰੱਖਿਆ ਤੋਂ ਲਿਆ ਹੈ ਜਿਸ ਵਿਚ ਵਿਅਕਤੀਆਂ ਨੂੰ ਆਪਣੇ ਉੱਚਤਮ ਵਿਕਾਸ ਲਈ ਮੌਕਾ ਮਿਲਦਾ ਹੈ।

ਸੁਤੰਤਰਤਾ ਦੇ ਇਹਨਾਂ ਦੋਵੇਂ ਪਹਿਲੂਆਂ ਦਾ ਹੋਰ ਵਿਸਥਾਰ ਨਾਲ ਵਰਨਣ ਹੇਠਾਂ ਕੀਤਾ ਗਿਆ ਹੈ।

### 2.1.4.1 ਨਾਕਾਰਾਤਮਕ ਸੁਤੰਤਰਤਾ ਦਾ ਵਿਸ਼ਲੇਸ਼ਣ (Analysis of Negative Liberty)

ਜਿਵੇਂ ਕਿ ਸੁਤੰਤਰਤਾ ਦਾ ਅਰਥ ਦੱਸਦੇ ਹੋਏ ਕਿਹਾ ਗਿਆ ਕਿ ਸੁਤੰਤਰਤਾ ਦੀ ਇਹ ਧਾਰਨਾ ਰਾਜ ਦੇ ਪੂਰਨ ਕੰਟਰੋਲ ਦੇ ਵਿਰੁਧ ਇਕ ਮੰਗ ਦੇ ਰੂਪ ਵਿਚ ਉਭਰੀ ਸੀ। ਉਹ ਕੰਟਰੋਲ ਜੋ ਮਨੁੱਖ ਦੀ ਸਾਰੀਆਂ ਕ੍ਰਿਆਵਾਂ ਨੂੰ ਪ੍ਰਭਾਵਿਤ ਕਰਦਾ ਸੀ ਇਸ ਤਰ੍ਹਾਂ ਸ਼ੁਰੂ ਦੇ ਸਮੇਂ ਵਿਚ ਇਸ ਮੰਗ ਦਾ ਨਿਖੇਧਵਾਚਕ ਜਾਂ ਨਾਕਾਰਾਤਮਕ ਹੋਣਾ ਲਾਜ਼ਮੀ ਸੀ ਕਿਉਂਕਿ ਮਨੁੱਖ ਦੀਆਂ ਕ੍ਰਿਆਵਾਂ ਤੇ ਇਸ ਤਰ੍ਹਾਂ ਦਾ ਕੰਟਰੋਲ ਹੋਵੇ ਇਹ ਇਸ ਦੇ ਵਿਰੁਧ ਸੀ। ਇਸ ਦਾ ਮੁੱਖ ਅਸੂਲ ਇਹ ਹੈ ਕਿ ਮਨੁੱਖ ਨੂੰ ਆਪਣੀ ਚੰਗਿਆਈ ਬੁਰਾਈ ਦਾ ਖੁਦ ਫੈਸਲਾ ਕਰਨ ਦਾ ਅਧਿਕਾਰ ਹੈ। ਇਸ ਧਾਰਣਾ ਨੇ ਹੀ ਵਿਅਕਤੀਵਾਦ ਨੂੰ ਆਧਾਰ ਦਿੱਤਾ।

17ਵੀਂ ਅਤੇ 18ਵੀਂ ਸਦੀ ਵਿਚ ਨਿਖੇਧਵਾਚਕ ਸੁਤੰਤਰਤਾ ਦਾ ਵਿਚਾਰ ਪੂਰਨ ਸਿਖਰ ਉੱਤੇ ਪਹੁੰਚ ਗਿਆ। ਹਾਬਜ਼, ਲਾਕ, ਜੈਫਰਸਨ, ਐਡਮ ਸਮਿਥ ਅਤੇ ਜੇ. ਐਸ. ਮਿਲ ਨੇ ਨਿਖੇਧਵਾਚਕ ਸੁਤੰਤਰਤਾ ਦੀ ਪ੍ਰੋੜਤਾ ਕੀਤੀ।

ਆਈਸੇਕ ਬਰਲਿਨ ਅਤੇ ਮਿਲਟਨ ਫਰਾਇਡਮੈਨ ਜਿਹੇ ਲਿਖਾਰੀਆਂ ਨੇ 20ਵੀਂ ਸਦੀ ਦੇ ਮੱਧ ਵਿਚ ਇਕ ਵਾਰ ਫੇਰ ਨਿਖੇਧਵਾਚਕ ਸੁਤੰਤਰਤਾ ਬਾਰੇ ਮੁੜ ਤੋਂ ਇਸ ਦੀ ਪ੍ਰੋੜਤਾ ਕਰਨੀ ਸ਼ੁਰੂ ਕੀਤੀ। ਇਹਨਾਂ ਸਭ ਦੇ ਵਿਚਾਰਾਂ ਦੀ ਵਿਆਖਿਆ ਕਰਨ ਤੋਂ ਪਹਿਲਾਂ ਅਸੀਂ ਸ਼ੁਰੂ ਤੋਂ ਹੀ ਇਹ ਸਪਸ਼ਟ ਕਰ ਦਿੰਦੇ ਹਾਂ ਕਿ ਜਦੋਂ ਪਹਿਲੀ ਸ਼੍ਰੇਣੀ ਦੇ ਵਿਦਵਾਨਾਂ ਨੇ ਨਿਖੇਧਵਾਚਕ ਸੁਤੰਤਰਤਾ ਦੀ ਪ੍ਰੋੜ੍ਹਤਾ ਨਿਰੰਕੁਸ਼ਵਾਦ ਅਤੇ ਧਾਰਮਿਕ ਰਾਜਾਂ ਦੇ ਵਿਰੋਧ ਵਿਚ ਕੀਤੀ, ਉਥੇ ਦੂਜੇ ਸੈਟ ਦੇ ਵਿਦਵਾਨਾਂ ਨੇ 20ਵੀਂ ਸਦੀ ਵਿਚ ਰਾਜ ਦੇ ਵਧਦੇ ਹੋਏ ਦਖਲ ਦੇ ਵਿਰੋਧ ਵਿਚ ਇਸ ਦਾ ਸਮਰਥਨ ਕੀਤਾ।

ਸ਼ੁਰੂ ਵਿਚ ਮਨੁੱਖੀ ਸੁਤੰਤਰਤਾ ਦੀ ਮੰਗ ਨੂੰ ਥਾਮਸ ਹਾਬਜ਼ ਅਤੇ ਜਾਨ ਲਾਕ ਦੀਆਂ ਲਿਖਤਾਂ ਵਿਚ ਪਾਇਆ ਜਾ ਸਕਦਾ ਹੈ। ਇਹਨਾਂ ਵਿਦਵਾਨਾਂ ਨੇ ਇਹ ਪ੍ਰਸ਼ਨ ਚੁਕਿਆ ਕਿ ਮਨੁੱਖ ਰਾਜ ਦੇ ਨਿਯਮਾਂ ਦੀ ਕਿਉਂ ਪਾਲਣਾ ਕਰਦਾ ਹੈ ? ਉਹ ਰਾਜ ਨੂੰ ਮਨੁੱਖ ਅਤੇ ਸਮਾਜ ਵਿਚਕਾਰ ਇਕ ਸਮਝੌਤਾ ਮੰਨਦੇ ਹਨ। ਹਾਬਜ਼ ਅਨੁਸਾਰ, ਮਨੁੱਖ ਸਮਾਜ ਵਿਚ ਕੁਝ ਕੁਦਰਤੀ ਅਧਿਕਾਰ ਲੈ ਕੇ ਪੈਦਾ ਹੁੰਦੇ ਹਨ ਭਾਵ ਪੂਰਨ ਸੁਤੰਤਰਤਾ ਦਾ ਅਧਿਕਾਰ। ਪਰ ਮਨੁੱਖ ਦੀ ਸੁਤੰਤਰਤਾ ਤੇ ਕੋਈ ਪਾਬੰਧੀ ਨਾ ਹੋਣ ਕਾਰਣ ਕੁਦਰਤੀ ਅਵਸਥਾ ਵਿਚ ਮਨੁੱਖ ਦੀ ਸੁਰੱਖਿਆ ਖਤਰੇ ਵਿਚ ਪੈ ਗਈ। ਇਸ ਲਈ ਵਿਅਕਤੀਆਂ ਨੇ ਮਿਲ ਕੇ ਆਪਸ ਵਿਚ ਸਮਝੌਤਾ ਕਰਕੇ 'ਲੇ ਵੀਅਥਨ' ਤਦੀ ਸਥਾਪਨਾ ਕੀਤੀ ਭਾਵ ਅਜਿਹਾ ਰਾਜਾ ਜਿਹੜਾ ਆਪਣੀ ਪਰਜਾ ਨੂੰ ਪੂਰਨ ਸੁਰੱਖਿਆ ਦੇ ਸਕੇ। ਪਰੰਤੂ ਹਾਬਜ਼ ਅਨੁਸਾਰ ਇਕ ਵਾਰੀ ਸਾਰੀਆਂ ਸ਼ਕਤੀਆਂ ਸ਼ਾਸ਼ਕ ਨੂੰ ਸੌਂਪਣ ਤੋਂ ਬਾਅਦ ਵਿਅਕਤੀ ਕਿਸੇ ਤਰ੍ਹਾਂ ਦੀ ਸੁਤੰਤਰਤਾ ਦੀ ਮੰਗ ਨਹੀਂ ਕਰ ਸਕਦੇ।

ਵਿਅਕਤੀਵਾਦ ਅਤੇ ਸੁਤੰਤਰਤਾ ਦਾ ਵਿਚਾਰ ਜਾਨ ਲਾਕ ਦੀਆਂ ਲਿਖਤਾਂ ਵਿਚ ਪੂਰਨ ਰੂਪ ਨਾਲ ਨਜ਼ਰ ਆਉਂਦਾ ਹੈ। ਉਸ ਅਨੁਸਾਰ ਸਮਝੌਤੇ ਦੇ ਅੰਤਰਗਤ ਰਾਜ ਦਾ ਇਹ ਧਰਮ ਹੈ ਕਿ ਉਹ ਮਨੁੱਖ ਦੀ ਸੁਤੰਤਰਤਾ ਅਤੇ ਸੰਪੱਤੀ ਦੀ ਰੱਖਿਆ ਕਰੇ। ਪਰਜਾ ਆਪਣੇ ਰਾਜਾ ਦੀ ਆਗਿਆ ਦੀ ਪਾਲਣਾ ਇਸ ਲਈ ਕਰਦੀ ਹੈ ਕਿ ਉਹਨਾਂ ਦੀ ਵਿਅਕਤੀਗਤ ਮੌਲਿਕ ਸੁਤੰਤਰਤਾਵਾਂ ਦੀ ਰੱਖਿਆ ਕਰੇਗਾ-ਸੁਤੰਤਰਤਾ ਦੀ ਰੱਖਿਆ ਅਤੇ ਸੰਪਤੀ ਦੀ ਰੱਖਿਆ ਜਿਹੜੇ ਉਹਨਾਂ ਦੇ ਕੁਦਰਤੀ ਅਧਿਕਾਰ ਹਨ। ਲਾਕ ਦੀ ਫਿਲਾਸਫੀ ਦਾ ਇਹ ਉਹ ਪਹਿਲੂ ਹੈ ਜਿਸ ਨੇ ਉਦਾਰਵਾਦੀ ਸਿਧਾਂਤ ਅਤੇ ਅਮਰੀਕਨ ਰਾਜਨੀਤਿਕ ਪ੍ਰਣਾਲੀ ਦੀਆਂ ਨੀਹਾਂ ਰੱਖੀਆਂ। ਜੈਫਰਸਨ ਨੇ ਲਾਕ ਦੇ ਸਿਧਾਂਤ ਨੂੰ ਸਪਸ਼ਟ ਕਰਦੇ ਹੋਏ ਕਿਹਾ ਕਿ ਰਾਜ ਮਨੁੱਖ ਦੀ ਨਿੱਜੀ ਸੁਤੰਤਰਤਾ ਵਿਚ ਦਖਲ ਨਹੀਂ ਦੇਵੇਗਾ ਅਤੇ ਉਸ ਦੀ ਸੁਰੱਖਿਆ ਦੀ ਗਾਰੰਟੀ ਹੋਵੇਗੀ ਭਾਵ ਮਨੁੱਖ ਨੂੰ ਸਾਰੇ ਪੱਖਾਂ ਵਿਚ ਪੂਰਨ ਰੂਪ ਨਾਲ ਸੁਤੰਤਰਤਾ-ਸਮਾਜਿਕ, ਆਰਥਿਕ ਅਤੇ ਰਾਜਨੀਤਕ। ਰਾਜ ਕੇਵਲ ਇਸ ਸੁਤੰਤਰਤਾ ਵਿਚ ਤਾਲਮੇਲ (Coordinate) ਕਰਨ ਦਾ ਰੋਲ ਅਦਾ ਕਰੇਗਾ। ਉਹ ਇਹਨਾਂ ਅਧਿਕਾਰਾਂ ਵਿਚ ਕੋਈ ਦਖਲ-ਅੰਦਾਜ਼ੀ ਨਹੀਂ ਕਰੇਗਾ। ਐਡਮ ਸਮਿਥ ਨੇ ਇਹਨਾਂ ਅਸੂਲਾਂ ਨੂੰ ਆਰਥਿਕ ਖੇਤਰ ਵਿਚ ਢਾਲ ਕੇ ਪੂੰਜੀਵਾਦੀ ਵਿਚਾਰਧਾਰਾ ਦੀ

ਨੀਹ ਰੱਖੀ। ਇਹਨਾਂ ਸਭ ਵਿਦਵਾਨਾਂ ਦਾ ਮੂਲ ਅਸੂਲ ਇਹ ਸੀ ਕਿ ਰਾਜ ਦੀ ਦਖਲ-ਅੰਦਾਜ਼ੀ ਘੱਟ ਤੋਂ ਘੱਟ ਹੋਵੇਗੀ। ਇਸੇ ਲਈ ਇਸ ਨੂੰ ਸੁਤੰਤਰਤਾ ਦਾ ਨਿਖੇਧਵਾਚਕ ਰੂਪ ਕਿਹਾ ਜਾਂਦਾ ਹੈ।

ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਸੰਸਕ੍ਰਿਤਕ ਸੁਤੰਤਰਤਾਵਾਂ ਨੇ ਹੌਲੇ ਹੌਲੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਪ੍ਰਣਾਲੀ ਦਾ ਵਿਕਾਸ ਕੀਤਾ ਜਿਹੜੀਆਂ ਲੋਕਾਂ ਦੀ ਭਾਗੀਦਾਰੀ ਉੱਤੇ ਆਧਾਰਿਤ ਸਨ। ਪਰਜਾਤੰਤਰੀ ਰਾਜਨੀਤਕ ਪ੍ਰਣਾਲੀ ਜਿਹੜੀ ਬਾਲਗ ਮਤਾਅਧਿਕਾਰ ਉੱਤੇ ਆਧਾਰਿਤ ਸੀ, ਲੋਕਾਂ ਦੇ ਰਾਜਨੀਤਿਕ ਅਧਿਕਾਰਾਂ ਅਤੇ ਆਤਮ ਸ਼ਾਸਨ ਦਾ ਇਕ ਪ੍ਰਵਾਣਿਤ ਰੂਪ ਬਣ ਕੇ ਉਭਰੀ। ਇਸ ਤਰ੍ਹਾਂ ਇਕ ਦੂਜੇ ਨਾਲ ਮੁਕਾਬਲੇ ਦੀ ਪੂਰਨ ਸੁਤੰਤਰਤਾ ਨੇ ਪੂੰਜੀਵਾਦ ਦਾ ਵਿਕਾਸ ਕੀਤਾ ਜਿਹੜਾ ਆਪਣੇ ਨਾਲ ਕੁਝ ਔਕੜਾਂ ਵੀ ਲਿਆਇਆ।

ਜੇ.ਐਸ.ਮਿਲ ਜਿਹੇ ਦਾਰਸ਼ਨਿਕ ਨੇ, ਜਿਹਨਾਂ ਨੇ ਪੂਰਣ ਸੁਤੰਤਰਤਾ ਦੇ ਦਰਸ਼ਨ ਨੂੰ ਮੰਨਿਆ ਸੀ, ਇਸ ਵਿਚ ਆਈਆਂ ਕੁਝ ਖ਼ਰਾਬੀਆਂ ਵੱਲ ਧਿਆਨ ਦੁਆਇਆ। ਅਸੀਮਿਤ ਸੁਤੰਤਰਤਾ ਨੇ ਇਕ ਬਹੁਮਤ ਵਰਗ ਨੂੰ ਵਧਾ ਦਿੱਤਾ ਸੀ ਜਿਸ ਨੇ ਅਲਪ ਸੰਖਿਅਕ ਦੀ ਸੁਤੰਤਰਤਾ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ। ਬਹੁਮਤ ਨੇ ਰਾਜਨੀਤਕ ਸ਼ਕਤੀ ਗ੍ਰਹਿਣ ਕਰਕੇ ਆਪਣੇ ਹਿੱਤਾਂ ਦੀ ਰਾਖੀ ਕਰਨੀ ਸ਼ੁਰੂ ਕਰ ਦਿੱਤੀ ਜਿਸ ਨੂੰ ਬਹੁਮਤ ਦੀ ਤਾਨਾਸ਼ਾਹੀ ਦਾ ਨਾਮ ਦਿਤਾ ਗਿਆ ਹੈ। ਜੇ.ਐਸ. ਮਿਲ ਨੇ ਪ੍ਰਜਾਤੰਤਰੀ ਪ੍ਰਣਾਲੀ ਦੀ ਆਲੋਚਨਾ ਕਰਦੇ ਹੋਏ ਇਹ ਕਿਹਾ ਸੀ, ਇਹ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿ ਮਨੁੱਖਾਂ ਦੀ ਸੁਤੰਤਰਤਾ ਦੀ ਰੱਖਿਆ ਕੀਤੀ ਜਾ ਸਕੇਗੀ। ਇਹ ਤਾਂ ਅਲਪ ਸੰਖਿਅਕਾਂ ਦੀ ਹਿੱਤਾਂ ਦਾ ਹਰਣ ਕਰਦੀ ਹੈ। ਇਸ ਤਰ੍ਹਾਂ ਦਾ ਸਵੈਸ਼ਾਸਨ ਮਨੁੱਖਾਂ ਦਾ ਆਪਣੇ ਉੱਤੇ ਸ਼ਾਸਨ ਕਰਨਾ ਨਹੀਂ ਹੈ। ਬਲਕਿ ਬਹੁਮਤ ਦਾ ਅਲਪਸੰਖਿਅਕ ਉਤੇ ਸ਼ਾਸਨ ਕਰਨਾ ਹੈ। ਸਮਾਜਿਕ ਖੇਤਰ ਵਿਚ ਵੀ ਸਮਾਜਿਕ ਇਕੱਠ ਕਈ ਵਾਰ ਅਲਪਮਤ ਨੂੰ ਡਰਾ-ਧਮਕਾ ਦਿੰਦਾ ਹੈ। ਸੰਖੇਪ ਵਿਚ ਮਿਲ ਉਹਨਾਂ ਦੀ ਸੁਤੰਤਰਤਾ ਦੀ ਰੱਖਿਆ ਕਰਨੀ ਚਾਹੁੰਦਾ ਸੀ ਜੋ ਅਲਪਮਤ ਵਿਚ ਹਨ। ਉਸ ਨੇ ਕ੍ਰਿਆ ਦੇ ਕਾਰਜ ਖੇਤਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਸਵੈ-ਸੰਬੰਧਿਤ ਕਾਰਜ ਖੇਤਰ (Self-regarding sphere) ਅਤੇ ਦੂਸਰੇ ਸੰਬੰਧਿਤ ਖੇਤਰ (other regarding sphere)। ਸਵੈ-ਸੰਬੰਧਿਤ ਖੇਤਰ ਦਾ ਸੰਬੰਧ ਮਨੁਖ ਦੇ ਆਪਣੇ ਨਾਲ ਹੈ ਜਿਸ ਵਿਚ ਰਾਜ ਨੂੰ ਕਿਸੇ ਵੀ ਤਰ੍ਹਾਂ ਦੀ ਦਖਲ-ਅੰਦਾਜ਼ੀ ਕਰਨ ਦਾ ਅਧਿਕਾਰ ਨਹੀਂ ਹੈ।

ਸਰ ਆਈਸੈਕ ਬਰਲਿਨ (Sir Issac Berlin) ਅਤੇ ਮਿਲਟਨ ਫਰਾਇਡਮੈਨ ਅਤੇ ਬੈਂਜਾਮਿਨ ਕੋਨਸਟੈਂਟ (Benjamin Constant) ਆਦਿ ਨੇ ਵੀ ਆਪਣੇ ਵਿਚਾਰ ਪੂਰਨ ਸੁਤੰਤਰਤਾ ਵਲ ਦਰਸਾਏ ਹਨ। ਅਜੋਕੀਆਂ ਸੱਚਾਈਆਂ ਉਤੇ ਆਧਾਰਿਤ ਹਨ। ਜਿਵੇਂ ਜਬਰੀ ਸ਼ਕਤੀ ਦਾ ਨਾ ਹੋਣਾ ਹੀ ਸੁਤੰਤਰਤਾ ਦਾ ਆਧਾਰ ਹੈ ਜੇਕਰ ਕਿਸੇ ਨੂੰ ਕੋਈ ਉਦੇਸ਼ ਪ੍ਰਾਪਤ ਕਰਨ ਤੋਂ ਰੋਕਿਆ ਜਾਂਦਾ ਹੈ ਤਾਂ ਉਥੇ ਕੋਈ ਰਾਜਨੀਤਿਕ ਸੁਤੰਤਰਤਾ ਜਾਂ ਆਜ਼ਾਦੀ ਨਹੀਂ ਹੈ। ਇਸ ਦਾ ਅਰਥ ਹੈ ਕਿ ਦੂਜੇ ਵਲੋਂ ਕਿਸੇ ਕਿਸਮ ਦੀ ਵੀ ਦਖਲ-ਅੰਦਾਜ਼ੀ ਨਹੀਂ ਹੋਣੀ ਚਾਹੀਦੀ। ਆਈਸੈਕ ਬਰਲਿਨ ਕਹਿੰਦਾ ਹੈ ਕਿ ਜੇਕਰ ਮੇਰੇ ਪਾਸ ਰੋਟੀ ਖਾਣ ਨੂੰ ਪੈਸਾ ਹੈ ਤਾਂ ਮੇਰੀ ਗ਼ਰੀਬੀ ਦਾ ਅਰਥ ਇਹ ਨਹੀਂ ਕਿ ਮੇਰੇ ਪਾਸ ਕੋਈ ਆਜ਼ਾਦੀ ਨਹੀਂ ਹੈ ਪਰ ਜੇਕਰ ਕਿਸੇ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਂਦਾ ਹੈ ਜਾਂ ਕਿਸੇ ਨੂੰ ਕੋਈ ਗੁਲਾਮ ਬਣਾ ਲੈਂਦਾ ਹੈ ਤਾਂ ਉਸ ਕੋਲ ਕੋਈ ਰਾਜਨੀਤਿਕ ਸੁਤੰਤਰਤਰਾ ਨਹੀਂ ਹੈ। ਉਸ ਦੇ ਵਿਚਾਰ ਵਿਚ ਪਰਜਾਤੰਤਰ ਅਤੇ ਸੁਤੰਤਰਤਾ ਵਿਚ ਕੋਈ ਸੰਬੰਧ ਨਹੀਂ ਹੈ ਕਿਉਂਕਿ ਹੋ ਸਕਦਾ ਹੈ ਕਿ ਪਰਜਾਤੰਤਰ ਰਾਜ ਵਿਚ ਦਖਲ-ਅੰਦਾਜ਼ੀ ਤਾਨਾਸ਼ਾਹੀ ਰਾਜ ਨਾਲੋਂ ਵੀ ਜ਼ਿਆਦਾ ਹੋਵੇ। ਇਸ ਤਰ੍ਹਾਂ ਉਸ ਦੇ ਸੁਤੰਤਰਤਾ ਬਾਰੇ ਵਿਚਾਰ ਪੂਰਨ ਰੂਪ ਨਾਲ ਨਿਖੇਧਵਾਚਕ ਹਨ। ਉਹ ਤਾਂ ਇਥੋਂ ਤੱਕ ਵੀ ਕਹਿੰਦਾ ਹੈ ਕਿ ਸਮਾਜਿਕ ਨਿਆਂ ਅਤੇ ਸੁਤੰਤਰਤਾ ਵਿਚ ਵੀ ਕੋਈ ਸੰਬੰਧ ਨਹੀਂ ਹੈ। ਇਸ ਲਈ ਉਹ ਸਮਾਜਿਕ ਨਿਆਂ ਨੂੰ ਵਧਾਉਣ ਲਈ ਕਲਿਆਣਕਾਰੀ ਤਰੀਕੇ ਦੇ ਵੀ ਖਿਲਾਫ਼ ਹੈ। ਕਿਉਂਕਿ ਇਸ ਮੁਤਾਬਕ ਉਹ ਮਨੁੱਖ ਦੀ ਸੁਤੰਤਰਤਾ ਵਿਚ ਦਖਲ-ਅੰਦਾਜ਼ੀ ਕਰਦਾ ਹੈ।

ਇਸ ਤਰ੍ਹਾਂ ਮਿਲਟਨ ਫਰਾਇਡਮੈਨ (Milton Friedman) ਵੀ ਨਿਖੇਧਵਾਚਕ ਸੁਤੰਤਰਤਾ ਦੀ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿਉਂਕਿ ਇਸ ਨਾਲ ਪੂੰਜੀਵਾਦ ਦੀ ਧਾਰਨਾ ਨੂੰ ਬਲ ਮਿਲਦਾ ਹੈ, ਜਿਸ ਵਿਚ ਮਨੁੱਖ ਵੱਧ ਤੋਂ ਵੱਧ ਸੁਤੰਤਰਤਾ ਮਾਣ ਸਕਦਾ ਹੈ। ਆਈਸੈਕ ਬਰਲਿਨ ਦੀ ਤਰ੍ਹਾਂ ਉਹ ਵੀ ਯਕੀਨ ਕਰਦਾ ਹੈ ਕਿ ਰਾਜਨੀਤਿਕ ਸੁਤੰਤਰਤਾ ਤੋਂ ਭਾਵ ਹੈ, ਇਕ ਵਿਅਕਤੀ ਦੁਆਰਾ ਦੂਜੇ ਵਿਅਕਤੀ ਉੱਤੇ ਜਬਰੀ ਸ਼ਕਤੀ ਦਾ ਪ੍ਰਯੋਗ ਨਾ ਕੀਤਾ ਜਾਣਾ। ਪੂੰਜੀਵਾਦ ਰਾਜ (ਜਿਸ ਵਿਚ ਸੁਤੰਤਰ ਮਾਰਕੀਟ ਦੀ ਪ੍ਰੋੜਤਾ ਕੀਤੀ ਜਾਂਦੀ ਹੈ। ਪੂੰਜੀਵਾਦ ਦੇ ਵਿਕਾਸ

ਲਈ ਮੁਕਾਬਲੇ (Competition) ਦਾ ਹੋਣਾ ਬਹੁਤ ਲਾਜ਼ਮੀ ਹੈ। ਰਾਜ ਦੁਆਰਾ ਆਰਥਿਕਤਾ ਅਤੇ ਸਮਾਜ ਕਲਿਆਣ ਨੂੰ ਨਿਯਮਤ ਕਰਨ ਲਈ ਦਖ਼ਲ-ਅੰਦਾਜ਼ੀ ਨਾਲ ਮਨੁੱਖ ਦੀ ਆਪਣੀ ਸੁਤੰਤਰਤਾ ਖ਼ਤਮ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਸਮਾਜਵਾਦ ਦੇ ਵੀ ਖਿਲਾਫ ਹੈ ਅਤੇ ਇਸ ਨੂੰ ਉਹ ਮਨੁੱਖ ਦੇ ਆਪਣੇ ਗੁਣ ਅਤੇ ਰਾਜਨੀਤਿਕ ਅਜ਼ਾਦੀ ਦੇ ਖਿਲਾਫ਼ ਸਮਝਦਾ ਹੈ ਅਤੇ ਸੁਤੰਤਰਤਾ ਨੂੰ ਨਿਆਂ ਅਤੇ ਸਮਾਨਤਾ ਨਾਲ ਜੋੜਨ ਦੇ ਵੀ ਖਿਲਾਫ਼ ਹੈ।

ਨਿਖੇਧਵਾਚਕ ਸੁਤੰਤਰਤਾ ਨੂੰ ਅਸੀਂ ਨਿਮਨ ਲਿਖਤ ਵੱਖ ਵੱਖ ਤੱਤਾਂ ਨਾਲ ਵਰਨਣ ਕਰ ਸਕਦੇ ਹਾਂ :

(1) ਮਨੁੱਖ ਇਕ ਤਰਕਸ਼ੀਲ ਪ੍ਰਾਣੀ ਹੈ ਜੋ ਆਪਣੇ ਭਲੇ ਬੁਰੇ ਨੂੰ ਠੀਕ ਤਰ੍ਹਾਂ ਸਮਝ ਸਕਦਾ ਹੈ। ਇਸ ਲਈ ਉਸ ਨੂੰ ਕੁਝ ਸੁਤੰਤਰਤਾ ਦੀ ਲੋੜ ਹੁੰਦੀ ਹੈ ਜਿਹੜੀਆਂ ਉਸ ਦੇ ਵਿਅਕਤੀਤਵ ਦੇ ਵਿਕਾਸ ਨੂੰ ਪੂਰਾ ਕਰ ਸਕਣ।

(2) ਸੁਤੰਤਰਤਾ ਇਕ ਨਿਖੇਧਵਾਚਕ ਧਾਰਨਾ ਹੈ-ਭਾਵ ਹਰ ਕਿਸਮ ਦੀ ਪਾਬੰਦੀ ਦੀ ਅਣਹੋਂਦ ਹੀ ਸੁਤੰਤਰਤਾ ਹੈ।

(3) ਹਰ ਵਿਅਕਤੀ ਆਪਣੇ ਨਿੱਜੀ ਹਿੱਤਾਂ ਦੇ ਖੇਤਰ ਵਿਚ ਪੂਰਨ ਰੂਪ ਨਾਲ ਸੁਤੰਤਰ ਹੋਣਾ ਚਾਹੁੰਦਾ ਹੈ। ਇਸ ਲਈ ਉਸ ਨੂੰ ਬੋਲਣ ਦੀ, ਵਿਚਾਰ ਪ੍ਰਗਟ ਕਰਨ ਦੀ, ਸੰਘ ਆਦਿ ਬਨਾਉਣ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ।

(4) ਵਿਅਕਤੀ ਦੇ ਹਿੱਤ ਅਤੇ ਸਮਾਜਿਕ ਹਿੱਤਾਂ ਵਿਚ ਕੋਈ ਝਗੜਾ ਨਹੀਂ ਹੈ ਕਿਉਂਕਿ ਵਿਅਕਤੀ ਸਮਾਜ ਦਾ ਇਕ ਅੰਗ ਹੈ ਅਤੇ ਇਸ ਤਰ੍ਹਾਂ ਉਸ ਦੇ ਹਿੱਤ ਅਤੇ ਸਮਾਜ ਦੇ ਹਿੱਤ ਇਕੋ ਜਿਹੇ ਹਨ।

(5) ਰਾਜ ਆਪਣੇ ਕਾਨੂੰਨਾਂ ਦੁਆਰਾ ਵਿਅਕਤੀ ਦੇ ਉਹਨਾਂ ਐਕਸ਼ਨਾਂ ਨੂੰ ਕੰਟਰੋਲ ਕਰ ਸਕਦਾ ਹੈ ਜਿਹੜੇ ਸਮਾਜ ਨੂੰ ਪ੍ਰਭਾਵਿਤ ਕਰਦੇ ਹਨ। ਅਜਿਹੀ ਦਖ਼ਲ-ਅੰਦਾਜ਼ੀ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ।

(6) ਵਿਅਕਤੀ ਦੀ ਆਪਣੀ ਸੁਤੰਤਰਤਾ ਕੋਈ ਨਹੀਂ ਖੋਹ ਸਕਦਾ ਪਰ ਇਸ ਨੂੰ ਪੂਰੇ ਸਮਾਜ ਦੀ ਭਲਾਈ ਲਈ ਨਿਯਮਤ ਕੀਤਾ ਜਾ ਸਕਦਾ ਹੈ।

(7) ਲੋਕਤੰਤਰਿਕ ਪ੍ਰਣਾਲੀ ਜ਼ਰੂਰੀ ਨਹੀਂ ਕਿ ਸਭ ਦੀ ਸੁਤੰਤਰਤਾ ਨੂੰ ਸਾਰੇ ਵਿਅਕਤੀਆਂ ਨੂੰ ਪ੍ਰਦਾਨ ਕਰੇ।

(8) ਸੁਤੰਤਰਤਾ ਜ਼ਰੂਰੀ ਨਹੀਂ ਕਿ ਨਿਆਂ ਅਤੇ ਸਮਾਨਤਾ ਨਾਲ ਜੁੜੀ ਹੋਵੇ।

### 2.1.4.2 ਸਾਪੇਖਵਾਚਕ ਜਾ ਸਾਕਾਰਾਤਮਕ ਸੁਤੰਤਰਤਾ ਦਾ ਵਿਸ਼ਲੇਸ਼ਣ ( Analysis of Positive Liberty)

ਸਾਪੇਖਵਾਚਕ ਸੁਤੰਤਰਤਾ ਦੀ ਧਾਰਨਾ ਨਿਖੇਧਵਾਚਕ ਸੁਤੰਤਰਤਾ ਦੀ ਇਕ ਆਲੋਚਨਾ ਹੈ। ਇਸ ਰੂਪ ਵਿਚ ਮਨੁੱਖ ਨੂੰ ਇਕੱਲਾ ਵਿਅਕਤੀ ਨਹੀਂ ਮੰਨਿਆ ਜਾਂਦਾ ਬਲਕਿ ਉਹ ਇਕ ਸਮਾਜਿਕ ਪ੍ਰਾਣੀ ਹੈ। ਉਸ ਦੀ ਆਪਣੀ ਹੋਂਦ ਹੈ ਪਰ ਇਹ ਸਮਾਜ ਤੋਂ ਟੁੱਟ ਕੇ ਨਹੀਂ ਹੈ। ਮਨੁੱਖ ਬਾਰੇ ਅਜਿਹੇ ਵਿਚਾਰ ਜਿਨ੍ਹਾਂ ਨੇ ਸੁਤੰਤਰਤਾ ਦੇ ਸਾਖੇਪ ਰੂਪ ਨੂੰ ਪ੍ਰਭਾਵਿਤ ਕੀਤਾ ਰੂਸੋ, ਕਾਂਤ, ਹੀਗਲ ਆਦਿ ਦੀਆਂ ਲਿਖਤਾਂ ਵਿਚ ਮਿਲਦੇ ਹਨ। ਇਸ ਵਿਚਾਰ ਨੇ ਆਪਣੀ ਪੂਰਣਤਾ ਗਰੀਨ, ਬੋਸਾਕੇ, ਬਾਰਕਰ ਅਤੇ ਲਾਸਕੀ ਦੀਆਂ ਲਿਖਤਾਂ ਵਿਚ ਪਾਈ। ਇਨ੍ਹਾਂ ਵਿਚਾਰਕਾਂ ਦਾ ਇਹ ਵਿਚਾਰ ਹੈ ਕਿ ਮਨੁੱਖ ਦੇ ਨੀਵੇਂ ਅਤੇ ਉਚੇ ਸਵੈ (self) ਹੁੰਦੇ ਹਨ। ਅਸਲੀ ਆਜ਼ਾਦੀ ਹੈ ਮਨੁੱਖ ਦੇ ਆਪਣੇ ਉਚੇਰੇ ਸਵੈ (higher self) ਦੀ ਪੂਰਤੀ ਦਾ ਹੋਣਾ ਜਿਹੜੀ ਵਿਸ਼ਵ ਵਿਆਪੀ ਵਿਵੇਕ ਤੋਂ ਪ੍ਰਭਾਵਿਤ ਹੁੰਦੀ ਹੈ। ਆਪਣੀਆਂ ਇੱਛਾਵਾਂ ਅਤੇ ਭਾਵਨਾਵਾਂ (emotions) ਵਿਆਪਕ ਸਮਾਜਿਕ ਸੋਚ ਨੂੰ ਧਿਆਨ ਵਿਚ ਰੱਖਕੇ ਨਹੀਂ ਪੂਰੀਆਂ ਕੀਤੀਆਂ ਜਾਂਦੀਆਂ ਉਹ ਕੇਵਲ ਆਦਮੀ ਦੇ ਉਸ ਲੈਵਲ ਨੂੰ ਸੰਤੁਸ਼ਟ ਕਰ ਸਕਦੀਆਂ ਹਨ ਜਿਹੜਾ ਨੀਵਾਂ ਜਾਂ ਜਾਨਵਰਾਂ ਵਾਲਾ ਹੈ। ਸੁਤੰਤਰਤਾ ਦਾ ਅਰਥ ਹੈ ਆਪਣੇ ਉਚੇਰੇ ਵਿਅਕਤਿਤਵ ਦਾ ਵਿਕਾਸ ਕਰਨਾ। ਰੂਸੋ ਦੀ ਆਮ ਇੱਛਾ ਦਾ ਸਿਧਾਂਤ ਇਸੀ ਉਚੇਰੇ ਵਿਅਕਤਿਤਵ ਨਾਲ ਸੰਬੰਧਿਤ ਹੈ ਜਿਸ ਦੁਆਰਾ ਮਨੁੱਖ ਆਜ਼ਾਦ ਹੋ ਜਾਂਦਾ ਹੈ। ਗ੍ਰੀਨ ਦਾ ਇਸ ਗੱਲ ਉਤੇ ਜ਼ੋਰ ਦੇਣਾ ਕਿ ਸੁਤੰਤਰਤਾ ਦਾ ਭਾਵ ਹੈ ਕਿ ਇਹ ਸਮਾਜ ਨੈਤਿਕਤਾ ਅਧਿਕਾਰਾਂ ਅਤੇ ਰਾਜ ਨਾਲ ਸੰਬੰਧ ਰੱਖਦੀ ਹੈ, ਸੁਤੰਤਰਤਾ ਦਾ ਸਾਪੇਖ ਸਰੂਪ ਦਰਸਾਉਂਦਾ ਹੈ। ਗ੍ਰੀਨ ਅਨੁਸਾਰ ਮਨੁੱਖ ਦੀ ਸੋਝੀ ਲਈ ਸੁਤੰਤਰਤਾ

ਦਾ ਹੋਣਾ ਲਾਜ਼ਮੀ ਹੈ, ਸੁਤੰਤਰਤਾ ਲਈ ਅਧਿਕਾਰਾਂ ਦਾ ਅਤੇ ਅਧਿਕਾਰਾਂ ਲਈ ਰਾਜ ਦਾ ਹੋਣਾ ਜ਼ਰੂਰੀ ਹੈ, ਇਸੇ ਤਰੀਕੇ ਨਾਲ ਸੁਤੰਤਰਤਾ ਉੱਤੇ ਪਾਬੰਦੀ ਲਾਈ ਜਾ ਸਕਦੀ ਹੈ।

ਸਭ ਤੋਂ ਵਿਸਥਾਰ ਨਾਲ ਸਾਪੇਖ ਸੁਤੰਤਰਤਾ ਦਾ ਵਰਨਣ ਐਚ. ਜੇ. ਲਾਸਕੀ ਨੇ ਕੀਤਾ ਹੈ। ਸਾਪੇਖਵਾਚਕ ਜਾਂ ਸਾਕਾਰਾਤਮਕ ਸੁਤੰਤਰਤਾ ਦੀ ਪ੍ਰੀਭਾਸ਼ਾ ਦਿੰਦਿਆਂ ਹੋਇਆਂ ਲਾਸਕੀ ਕਹਿੰਦਾ ਹੈ ਕਿ ਇਹ ਅਜਿਹੀਆਂ ਅਵਸਥਾਵਾਂ ਦੀ ਹੋਂਦ ਹੈ ਜੋ ਵਿਅਕਤੀ ਦੇ ਸਰਵਉਤਮ ਵਿਕਾਸ ਲਈ ਜ਼ਰੂਰੀ ਹਨ। ਇਸ ਤਰ੍ਹਾਂ ਸੁਤੰਤਰਤਾ ਅਧਿਕਾਰਾਂ ਦੁਆਰਾ ਹੋਂਦ ਵਿਚ ਆਉਂਦੀ ਹੈ। ਅਧਿਕਾਰਾਂ ਬਗੈਰ ਕੋਈ ਸੁਤੰਤਰਤਾ ਨਹੀਂ ਹੋ ਸਕਦੀ ਕਿਉਂਕਿ ਅਧਿਕਾਰਾਂ ਬਗੈਰ ਮਨੁੱਖ ਉਸ ਕਾਨੂੰਨ ਅਧੀਨ ਕੰਮ ਕਰਦੇ ਹਨ ਜਿਹੜੇ ਉਸ ਦੀ ਸ਼ਖਸੀਅਤ ਨਾਲ ਮੇਲ ਨਹੀਂ ਖਾਂਦੇ। ਇਸ ਤਰ੍ਹਾਂ ਸੁਤੰਤਰਤਾ ਇਕ ਸਾਕਾਰਾਤਮਕ ਚੀਜ਼ ਹੈ। ਇਸ ਦਾ ਅਰਥ ਕੇਵਲ ਬੰਧਕਾਂ ਦਾ ਨਾ ਹੋਣਾ ਨਹੀਂ ਹੈ। ਮਿਲ ਦੇ ਸੁਤੰਤਰਤਾ ਦੇ ਵਿਚਾਰਾਂ ਦੀ ਆਲੋਚਨਾ ਕਰਦੇ ਹੋਏ ਉਹ ਕਹਿੰਦਾ ਹੈ, ਇਸ ਤਰ੍ਹਾਂ ਸੁਤੰਤਰਤਾ ਆਪਣੇ ਆਪ ਵਿਚ ਬੰਦਸ਼ਾਂ ਰੱਖਦੀ ਹੈ। ਮੈਂ ਜਿਹੜੀਆਂ ਸੁਤੰਤਰਤਾਵਾਂ ਦਾ ਇਸਤੇਮਾਲ ਕਰਦਾ ਹਾਂ ਉਹ ਸੁਤੰਤਰਤਾਵਾਂ ਉਹ ਨਹੀਂ ਹਨ ਜਿਸ ਨਾਲ ਦੂਸਰੇ ਦੀ ਸੁਤੰਤਰਤਾ ਖ਼ਤਮ ਹੋ ਜਾਵੇ, ਇਸ ਤਰ੍ਹਾਂ ਲਾਸਕੀ ਸੁਤੰਤਰਤਾ ਦਾ ਸੰਬੰਧ ਸਮਾਜ ਨਾਲ ਜੋੜਦਾ ਹੈ। ਵਿਅਕਤੀਗਤ ਸੁਤੰਤਰਤਾ ਸਮਾਜ ਤੋਂ ਵੱਖਰੇ ਹੋ ਕੇ ਨਹੀਂ ਮਾਣੀ ਜਾ ਸਕਦੀ। ਪਰ ਲਾਸਕੀ ਇਹ ਵੀ ਕਹਿੰਦਾ ਹੈ ਕਿ ਸੁਤੰਤਰਤਾ ਰਾਜ ਦੇ ਰਹਿਮ ਤੇ ਨਹੀਂ ਛੱਡ ਦੇਣੀ ਚਾਹੀਦੀ। ਇਸ ਤਰ੍ਹਾਂ ਲਾਸਕੀ ਸਾਕਾਰਾਤਮਕ ਸੁਤੰਤਰਤਾ ਦੀ ਪ੍ਰੋੜਤਾ ਕਰਦਾ ਹੈ, ਉਹ ਸਰਕਾਰ ਦੇ ਬਾਰੇ ਸ਼ੱਕੀ ਹੈ ਅਤੇ ਉਹ ਸੁਤੰਤਰਤਾ ਨੂੰ ਰਾਜ ਨੂੰ ਨਹੀਂ ਦਿੰਦਾ। ਉਹ ਇਸ ਗੱਲ ਤੋਂ ਵਾਕਿਫ ਹੈ ਕਿ ਸਰਕਾਰ ਆਮ ਭਲਾਈ ਦਾ ਸਹਾਰਾ ਲੈ ਕੇ ਲੋਕਾਂ ਦੀ ਸੁਤੰਤਰਤਾ ਉਤੇ ਪਾਬੰਦੀ ਲਗਾ ਸਕਦੀ ਹੈ ਇਸ ਲਈ ਸੁਤੰਤਰਤਾ ਦਾ ਅਰਥ ਕਿਸੀ ਨਿਯਮ ਦੀ ਪਾਲਣਾ ਨਹੀਂ ਹੈ। ਉਹ ਸੁਤੰਤਰਤਾ ਦੇ ਆਦਰਸ਼ਵਾਦੀ ਸਰੂਪ ਦੇ ਖਿਲਾਫ਼ ਹੈ।

ਲਾਸਕੀ ਦੇ ਅਨੁਸਾਰ ਤਿੰਨ ਤਰ੍ਹਾਂ ਦੀ ਸੁਤੰਤਰਤਾ ਹੁੰਦੀ ਹੈ-ਵਿਅਕਤੀਗਤ, ਰਾਜਨੀਤਕ ਅਤੇ ਆਰਥਿਕ-ਜਿਹੜੀ ਮਨੁੱਖ ਦੇ ਵਿਅਕਤੀਤਵ ਦੇ ਵਿਕਾਸ ਲਈ ਬਹੁਤ ਲਾਜ਼ਮੀ ਹੈ। ਵਿਅਕਤੀਗਤ ਸੁਤੰਤਰਤਾ ਮੁੱਖ ਰੂਪ ਨਾਲ ਵਿਅਕਤੀ ਨਾਲ ਸੰਬੰਧ ਰੱਖਦੀ ਹੈ ਅਤੇ ਇਸਦਾ ਮੰਤਵ ਸਰਕਾਰ ਤੇ ਕੁਝ ਕੁ ਬੰਧਨ ਲਗਾਉਣਾ ਹੁੰਦਾ ਹੈ ਤਾਂ ਕਿ ਵਿਅਕਤੀ ਨੂੰ ਉਹ ਮਾਹੌਲ ਮਿਲ ਸਕੇ ਜਿਸ ਵਿਚ ਉਹ ਆਪਣੀ ਸੁਤੰਤਰਤਾ ਮਾਣ ਸਕੇ। ਪਰ ਲਾਸਕੀ ਅਨੁਸਾਰ ਇਹ ਜ਼ਰੂਰੀ ਹੈ ਤਾਂ ਕਿ ਵਿਅਕਤੀ ਆਪਣਾ ਵਿਕਾਸ ਪੂਰਨ ਰੂਪ ਨਾਲ ਕਰ ਸਕੇ। ਰਾਜਨੀਤਿਕ ਸੁਤੰਤਰਤਾ ਤੋਂ ਭਾਵ ਹੈ ਉਹ ਸੁਤੰਤਰਤਾ ਜਿਸ ਨਾਲ ਵਿਅਕਤੀ ਰਾਜ ਦੇ ਕੰਮਾਂ ਵਿਚ ਭਾਗ ਲੈਂਦੇ ਹਨ। ਆਰਥਿਕ ਸੁਤੰਤਰਤਾ ਤੋਂ ਭਾਵ ਹੈ, ਸੁਰੱਖਿਆ ਅਤੇ ਅਜਿਹੇ ਮੌਕੇ ਜਿਸ ਨਾਲ ਉਹ ਆਪਣੇ ਲਈ ਮੁਢਲੀਆਂ ਜ਼ਰੂਰਤਾਂ ਜੁਟਾ ਸਕਣ, ਭਾਵ ਕਿ ਉਹ ਭਵਿੱਖ ਵਿਚ ਆਉਣ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਵਿਚ ਪੂਰੀ ਤਰ੍ਹਾਂ ਤਿਆਰ ਹੋਣ। ਇਸ ਲਈ ਲਾਸਕੀ, ਉਦਯੋਗ ਦੇ ਵਿਚ ਲੋਕਤੰਤਰ ਦਾ ਹਾਮੀ ਹੈ। ਇਹ ਦੋਵੇਂ ਰਾਜਨੀਤਕ ਅਤੇ ਆਰਥਿਕ ਸੁਤੰਤਰਤਾਵਾਂ, ਜਿਹੜੀਆਂ ਮਨੁੱਖ ਦੇ ਸਮਾਜਿਕ ਆਰਥਿਕ ਵਿਅਕਤੀਤਵ ਦੇ ਵਿਕਾਸ ਲਈ ਜ਼ਰੂਰੀ ਹਨ, ਸਾਕਾਰਾਤਮਕ ਜਾਂ ਸਾਪੇਖਵਾਚਕ ਸੁਤੰਤਰਤਾ ਦਾ ਰੂਪ ਹਨ।

## ਸਾਕਾਰਾਤਮਕ ਸੁਤੰਤਰਤਾ ਦੀ ਪ੍ਰਾਪਤੀ ਲਈ ਜ਼ਰੂਰੀ ਸ਼ਰਤਾਂ
## (Requirements for the Maintenance of Positive Liberty)

(1) **ਵਿਸ਼ੇਸ਼ ਅਧਿਕਾਰਾਂ ਦੀ ਅਣਹੋਂਦ (The absence of Special Privileges) :-** ਸਾਕਾਰਾਤਮਕ ਸੁਤੰਤਰਤਾ ਅਜਿਹੀ ਵਿਵਸਥਾ ਵਿਚ ਹੀ ਸੰਭਵ ਹੋ ਸਕਦੀ ਹੈ ਜਿਥੇ ਸਭ ਨੂੰ ਸਮਾਨ ਅਧਿਕਾਰ ਪ੍ਰਾਪਤ ਹੋਣ ਅਤੇ ਵਿਅਕਤੀਆਂ ਨੂੰ ਕੋਈ ਵਿਸ਼ੇਸ਼ ਅਧਿਕਾਰ ਨਾਂ ਦਿੱਤੇ ਗਏ ਹੋਣ। ਜਿਸ ਸਮਾਜ ਵਿਚ ਲੋਕਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਹੋਂਦ ਹੋਵੇਗੀ ਜਾਂ ਜਿਥੇ ਵੀ ਕੁਝ ਮਨੁੱਖਾਂ ਦੇ ਪੱਖ ਵਿਚ ਜਾਂ ਵਿਰੋਧ ਵਿਚ ਭੇਦ ਭਾਵ ਕੀਤਾ ਜਾਵੇਗਾ ਉਥੇ ਸਾਕਾਰਾਤਮਕ ਸੁਤੰਤਰਤਾ ਦੀ ਹੋਂਦ ਸੰਭਵ ਨਹੀਂ।

(2) ਅਧਿਕਾਰ (Rights) ਸੁਤੰਤਰਤਾ ਕੇਵਲ ਅਧਿਕਾਰਾਂ ਦੀ ਹੋਂਦ ਵਿਚ ਹੀ ਮਾਣੀ ਜਾ ਸਕਦੀ ਹੈ। ਅਧਿਕਾਰ ਹੀ ਕੇਵਲ ਅਸਲੀ ਸੁਤੰਤਰਤਾ ਮਾਣਨ ਵਿਚ ਮਦਦ ਦਿੰਦੇ ਹਨ।

(3) ਸਰਕਾਰ ਦਾ ਲੋਕਾਂ ਅਗੇ ਜਵਾਬਦੇਹ ਹੋਣਾ (Responsible Government) ਇਕ ਨਿਯਮਿਤ ਸੰਸਥਾ ਭਾਵ ਸਰਕਾਰ ਦਾ ਲੋਕਾਂ ਪ੍ਰਤੀ ਉੱਤਰਦਾਈ ਹੋਣਾ ਬਹੁਤ ਲਾਜ਼ਮੀ ਹੈ ਤਾਂ ਕਿ ਵਿਅਕਤੀਆਂ ਦੀ

ਸੁਤੰਤਰਤਾ ਖੋਹੀ ਨਾ ਜਾ ਸਕੇ।

**ਸੰਖੇਪ ਵਿਚ ਸਾਕਾਰਾਤਮਕ ਸੁਤੰਤਰਤਾ ਦੀਆਂ ਵਿਸ਼ੇਸ਼ਤਾਵਾਂ ਹੇਠਾਂ ਲਿਖੇ ਅਨੁਸਾਰ ਹਨ :-**

(1) ਸੁਤੰਤਰਤਾ ਦਾ ਅਰਥ ਕੇਵਲ ਬੰਦਸ਼ਾਂ ਦੀ ਅਣਹੋਂਦ ਨਹੀਂ ਹੈ। ਇਹ ਤਾਂ ਉਹਨਾਂ ਸਮਾਜਿਕ ਆਰਥਿਕ ਹਾਲਤਾਂ ਦੀ ਮੰਗ ਕਰਦੀ ਹੈ ਜਿਸ ਵਿਚ ਸਾਕਾਰਾਤਮਕ ਸੁਤੰਤਰਤਾ ਮਾਣੀ ਜਾ ਸਕੇ

(2) ਸੁਤੰਤਰਤਾ ਦਾ ਉਦੇਸ਼ ਮਨੁੱਖ ਦਾ ਇਕ ਸਮਾਜਿਕ ਪ੍ਰਾਣੀ ਦੇ ਰੂਪ ਵਿਚ ਵਿਕਾਸ ਕਰਨਾ ਹੈ।

(3) ਸਮਾਜਿਕ-ਆਰਥਿਕ ਅਵਸਥਾਵਾਂ ਦੀ ਅਣਹੋਂਦ ਰਾਜਨੀਤਿਕ ਸੁਤੰਤਰਤਾ ਨੂੰ ਨਕਾਰਦੀ ਹੈ।

(4) ਅਧਿਕਾਰ ਸਾਕਾਰਾਤਮਕ ਸੁਤੰਤਰਤਾ ਦੀਆਂ ਜ਼ਰੂਰੀ ਸ਼ਰਤਾਂ ਹਨ ਅਤੇ ਇਹ ਪੂਰੀ ਤਰ੍ਹਾਂ ਨਾਲ ਨਿਆ, ਨੈਤਿਕਤਾ ਅਤੇ ਸਮਾਨਤਾ ਜੁੜੇ ਹੋਏ ਹਨ।

(5) ਰਾਜ ਦਾ ਕਰਤੱਵ ਬਣਦਾ ਹੈ ਕਿ ਉਹ ਅਜਿਹੇ ਵਾਤਾਵਰਣ ਨੂੰ ਤਿਆਰ ਕਰੇ ਜਿਸ ਵਿਚ ਸਾਕਾਰਾਤਮਕ ਸੁਤੰਤਰਤਾ ਮਾਣੀ ਜਾ ਸਕੇ।

ਇਹ ਇਕ ਸੱਚਾਈ ਹੈ ਕਿ ਅੱਜ ਦੇ ਯੁਗ ਵਿਚ ਸਾਕਾਰਾਤਮਕ ਸੁਤੰਤਰਤਾ ਨੂੰ ਬਹੁਤ ਮਾਨਤਾ ਮਿਲੀ ਹੈ। ਇਹ ਵੀ ਮੰਨਿਆ ਗਿਆ ਹੈ ਕਿ ਬੰਦਸ਼ਾਂ ਦੀ ਅਣਹੋਂਦ ਵਿਚ ਸੁਤੰਤਰਤਾ ਨਹੀਂ ਮਾਣੀ ਜਾ ਸਕਦੀ ਕਿਉਂਕਿ ਇਸ ਤਰ੍ਹਾਂ ਸਮਾਜ ਵਿਰੋਧੀ ਤੱਤਾਂ ਨੂੰ ਪਣਪਨ ਦਾ ਮੌਕਾ ਮਿਲ ਜਾਵੇਗਾ। ਅਧਿਕਾਰ ਇਸ ਦੇ ਅਭਿੰਨ ਅੰਗ ਹਨ ਅਤੇ ਸੁਤੰਤਰਤਾ ਦੇ ਗੁਣ ਨੂੰ ਸਮਾਜਿਕ, ਨੈਤਿਕ ਅਤੇ ਆਰਥਿਕ ਮਿਆਰਾਂ ਹੀ ਪਹਿਚਾਣਿਆ ਜਾ ਸਕਦਾ।

ਸਾਕਾਰਾਤਮਕ ਸੁਤੰਤਰਤਾ ਦਾ ਸਿਧਾਂਤ ਸਮਾਜਿਕ ਅਤੇ ਆਰਥਿਕ ਹਾਲਾਤਾਂ ਨੂੰ ਸੁਧਾਰਨ ਦੀ ਲੋੜ ਤੇ ਜ਼ੋਰ ਦਿੰਦਾ ਹੈ ਅਤੇ ਇਹ ਮੰਗ ਕੇਵਲ ਰਾਜ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ। ਇਸ ਦਾ ਭਾਵ ਹੈ ਕਲਿਆਣਕਾਰੀ ਰਾਜ ਲਈ ਵਧੇਰੇ ਕੰਮ ਜਿਸ ਨਾਲ ਲੋਕਾਂ ਦੀ ਸੁਤੰਤਰਤਾ ਦੇ ਸੀਮਿਤ ਹੋਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਅਜਿਹੀ ਪ੍ਰਵਿਰਤੀ ਤੋਂ ਬਚਣ ਲਈ ਜ਼ਰੂਰੀ ਹੈ ਕਿ ਰਾਜ ਦੇ ਕਾਰਜਾਂ ਅਤੇ ਅਧਿਕਾਰਾਂ ਦਾ ਵਿਸਤਰਿਤ ਤੇ ਸਪਸ਼ਟ ਵਰਨਣ ਕੀਤਾ ਜਾਏ ਤਾਂ ਕਿ ਉਹ (ਰਾਜ) ਲੋਕਾਂ ਦੀ ਸੁਤੰਤਰਤਾ ਵਿਚ ਦਖ਼ਲ ਅੰਦਾਜ਼ੀ ਨਾ ਕਰ ਸਕੇ।

ਇਸਦੇ ਨਾਲ ਹੀ ਇਸ ਸਿਧਾਂਤ ਦੇ ਸਮਰਥਕ ਸਮਾਜ ਦੇ ਵਰਗ ਪੱਖ ਨੂੰ ਬਿਲਕੁਲ ਅੱਖੋਂ ਓਹਲੇ ਕਰ ਦਿੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿਧਾਂਤਕ ਪੱਖ ਤੋਂ ਸਾਕਾਰਾਤਮਕ ਸੁਤੰਤਰਤਾ ਦੀ ਧਾਰਨਾ ਬੜੀ ਚੰਗੀ ਹੈ ਵਰਗਾਂ ਵਿਚ ਵੰਡੇ ਹੋਏ ਸਮਾਜ ਵਿਚ, ਪੂੰਜੀਵਾਦੀ ਵਰਗ ਹਮੇਸ਼ਾਂ ਦੂਜਿਆਂ ਦਾ ਸ਼ੋਸਣ ਕਰੇਗਾ ਅਤੇ ਇਸ ਪ੍ਰਕਾਰ ਲੋਕਾਂ ਨੂੰ ਪੂਰੀ ਰਾਜਨੀਤਿਕ ਸੁਤੰਤਰਤਾ ਨੂੰ ਮਾਣਨ ਤੋਂ ਵਰਜੇਗਾ।

ਸਿਧਾਂਤ ਅਤੇ ਅਮਲ ਵਿਚ ਸਾਕਾਰਤਮਕ ਸੁਤੰਤਰਤਾ ਦੇ ਹਾਮੀ ਰਾਜ ਦੀ ਸ਼ਕਤੀ ਨੂੰ ਵਧਾਉਣ ਦਾ ਰਸਤਾ ਸਾਫ਼ ਕਰਦੇ ਹਨ। ਜਿਸ ਤਰ੍ਹਾਂ ਸਾਂਝੀ ਇੱਛਾ ਦੇ ਸਿਧਾਂਤ ਨੇ ਆਦਰਸ਼ਵਾਦੀ ਰਾਜ ਦੀ ਨੀਂਹ ਰੱਖੀ ਸੀ ਜਿਸ ਨਾਲ ਪੂਰਨ ਪ੍ਰਭੂਸਤਾਧਾਰੀ ਰਾਜ ਹੋਂਦ ਵਿਚ ਆਏ, ਇਸੇ ਤਰ੍ਹਾਂ ਕਲਿਆਣਕਾਰੀ ਪਰਜਾਤੰਤਰੀ ਰਾਜਾਂ ਵਿਚ ਸਮਾਜਿਕ-ਆਰਥਿਕ ਨਿਆਂ ਨੇ ਜਾਂ ਤਾਂ ਰਾਜ ਵਿਚ ਪੂੰਜੀਵਾਦ ਨੂੰ ਜਨਮ ਦਿੱਤਾ ਹੈ ਜਾਂ ਸੁਤੰਤਰਤਾ ਅਤੇ ਆਜ਼ਾਦੀ ਨੂੰ ਮਨੁੱਖਾਂ ਤਕ ਹੀ ਸੀਮਿਤ ਕਰ ਦਿੱਤਾ ਹੈ।

## 2.1.5 ਸੁਤੰਤਰਤਾ ਦੀਆਂ ਕਿਸਮਾਂ
## (Different kinds of Liberty)

ਇਹ ਗੱਲ ਸਪੱਸ਼ਟ ਹੈ ਕਿ ਸੁਤੰਤਰਤਾ ਸ਼ਬਦ ਦੀ ਵਰਤੋਂ ਰਾਜਨੀਤੀ ਵਿਗਿਆਨ ਵਿਚ ਕਿਸੇ ਇਕ ਵਿਸ਼ੇਸ਼ ਰੂਪ ਵਿਚ ਨਹੀਂ ਕੀਤੀ ਜਾਂਦੀ ਸਗੋਂ ਇਸ ਦਾ ਪ੍ਰਯੋਗ ਵੱਖ-ਵੱਖ ਰੂਪਾਂ ਵਿਚ ਕੀਤਾ ਜਾਂਦਾ ਹੈ। ਸੁਤੰਤਰਤਾ ਦੀਆਂ ਕੁਝ ਮਹੱਤਵਪੂਰਣ ਕਿਸਮਾਂ ਇਸ ਪ੍ਰਕਾਰ ਹਨ :

2.1.5.1. ਪ੍ਰਾਕ੍ਰਿਤਕ ਜਾਂ ਕੁਦਰਤੀ ਸੁਤੰਤਰਤਾ (Natural Liberty)

2.1.5.2. ਨਾਗਰਿਕ ਸੁਤੰਤਰਤਾ (Civil Liberty)

2.1.5.3. ਰਾਜਨੀਤਿਕ ਸੁਤੰਤਰਤਾ (Political Liberty)

2.1.5.4. ਆਰਥਿਕ ਸੁਤੰਤਰਤਾ (Economic Liberty)

2.1.5.5. ਰਾਸ਼ਟਰੀ ਸੁਤੰਤਰਤਾ (National Liberty)

**2.1.5.1. ਪ੍ਰਾਕ੍ਰਿਤਕ ਸੁਤੰਤਰਤਾ (Natural Liberty) :—** ਇਸ ਤੋਂ ਭਾਵ ਹੈ ਕਿ ਮਨੁੱਖ ਦੀ ਸੁਤੰਤਰਤਾ ਜੋ ਉਸ ਨੂੰ ਸਮਾਜ ਦੇ ਕਾਇਮ ਹੋਣ ਤੋਂ ਪਹਿਲਾਂ ਪ੍ਰਾਪਤ ਸੀ। ਰੂਸੋ ਇਸ ਸੁਤੰਤਰਤਾ ਦੇ ਹੱਕ ਵਿਚ ਸੀ। ਉਸ ਦਾ ਖ਼ਿਆਲ ਸੀ ਕਿ ਰਾਜ ਦੇ ਜਨਮ ਨਾਲ ਮਨੁੱਖ ਦੀ ਪ੍ਰਾਕ੍ਰਿਤਕ ਸੁਤੰਤਰਤਾ ਖੁਸ ਗਈ ਹੈ ਪਰ ਇਹ ਸੁਤੰਤਰਤਾ ਸਹੀ ਅਰਥਾਂ ਵਿਚ ਸੁਤੰਤਰਤਾ ਨਹੀਂ ਸੀ ਸਗੋਂ ਮਨ-ਮਰਜ਼ੀ ਕਰਨ ਦੀ ਸੁਤੰਤਰਤਾ ਸੀ। ਉਸ ਸਮੇਂ ਜਿਸ ਦੀ ਲਾਠੀ ਉਸ ਦੀ ਭੈਂਸ ਵਾਲਾ ਸਿਧਾਂਤ ਅਪਨਾਇਆ ਜਾਂਦਾ ਸੀ। ਅਸਲ ਵਿਚ ਰਾਜ ਦੇ ਬਿਨਾਂ ਸੁਤੰਤਰਤਾ ਸੰਭਵ ਨਹੀਂ ਕਿਉਂਕਿ ਸਹੀ ਸੁਤੰਤਰਤਾ ਕਾਨੂੰਨ ਅਧੀਨ ਹੀ ਸੰਭਵ ਹੈ।

**2.1.5.2. ਨਾਗਰਿਕ ਸੁਤੰਤਰਤਾ (Civil Liberty) :—** ਇਹ ਉਹ ਸੁਤੰਤਰਤਾ ਹੈ, ਜਿਹੜੀ ਸਭਿਆ ਸਮਾਜ ਦੇ ਵਿਅਕਤੀਆਂ ਨੂੰ ਪ੍ਰਾਪਤ ਹੁੰਦੀ ਹੈ, ਅਤੇ ਜਿਸ ਦਾ ਜਨਮ ਨਾਗਰਿਕ ਅਧਿਕਾਰਾ ਤੋਂ ਹੁੰਦਾ ਹੈ। ਜਿੰਨੇ ਜ਼ਿਆਦਾ ਨਾਗਰਿਕ ਅਧਿਕਾਰ ਹੋਣਗੇ, ਉਨੀ ਹੀ ਜ਼ਿਆਦਾ ਨਾਗਰਿਕ ਸੁਤੰਤਰਤਾ ਹੋਵੇਗੀ। ਇਸ ਦੇ ਬਗੈਰ ਕੋਈ ਵੀ ਵਿਅਕਤੀ ਆਪਣਾ ਪੂਰਾ ਵਿਕਾਸ ਨਹੀਂ ਕਰ ਸਕਦਾ ਅਤੇ ਸਭਿਆ ਜੀਵਨ ਬਤੀਤ ਕਰਨ ਵਿਚ ਅਸਮਰਥ ਰਹਿੰਦਾ ਹੈ। ਇਹ ਸੁਤੰਤਰਤਾ ਰਾਜ ਵਲੋਂ ਸੁਰੱਖਿਅਤ ਹੁੰਦੀ ਹੈ ਅਤੇ ਸਭ ਨਾਗਰਿਕਾਂ ਨੂੰ ਪ੍ਰਾਪਤ ਹੁੰਦੀ ਹੈ। ਲੇਕਿਨ ਇਹ ਸੁਤੰਤਰਤਾ ਸਭ ਰਾਜਾਂ ਵਿਚ ਇਕੋ ਜਿਹੀ ਨਹੀਂ ਹੁੰਦੀ। ਇਹ ਰਾਜ ਦੀ ਸਾਸ਼ਨ ਪ੍ਰਣਾਲੀ ਅਤੇ ਉਸਦੇ ਕਾਨੂੰਨਾਂ ਤੇ ਨਿਰਭਰ ਹੁੰਦੀ ਹੈ। ਕੁਝ ਰਾਜ ਪਹਿਲਾਂ ਇਸ ਗੱਲ ਨੂੰ ਮੰਨਦੇ ਸਨ ਕਿ ਨਾਗਰਿਕ ਸੁਤੰਤਰਤਾ ਦਾ ਭਾਵ ਕੇਵਲ ਗੋਰੇ ਰੰਗ ਵਾਲੇ ਵਿਅਕਤੀਆਂ ਵਿਚ ਸਮਾਨਤਾ ਕਾਇਮ ਕਰਨਾ ਹੀ ਹੈ ਜਿਵੇਂ ਕਿ ਦੱਖਣੀ ਅਫ਼ਰੀਕਾ ਵਿਚ ਕੁਝ ਸਮੇਂ ਪਹਿਲਾਂ ਨਸਲੀ ਭੇਦ-ਭਾਵ (Apartheid) ਦੀ ਨੀਤੀ ਅਪਣਾਈ ਜਾਂਦੀ ਸੀ। ਜਦਕਿ ਦੁਨੀਆਂ ਦੇ ਰਾਜਾਂ ਵਿਚ ਨਾਗਰਿਕ ਸੁਤੰਤਰਤਾ ਤੋਂ ਭਾਵ ਰੰਗ, ਜਾਤੀ ਅਤੇ ਨਸਲ ਤੇ ਆਧਾਰ ਦੇ ਕਿਸੇ ਭੇਦ ਭਾਵ ਤੋਂ ਬਿਨਾਂ, ਸਭ ਨੂੰ ਬਰਾਬਰ ਦੇ ਅਵਸਰ ਪ੍ਰਦਾਨ ਕਰੇ।

**2.1.5.3. ਰਾਜਨੀਤਿਕ ਸੁਤੰਤਰਤਾ (Political Liberty) :—** ਇਸ ਸੁਤੰਤਰਤਾ ਦਾ ਜਨਮ ਰਾਜਨੀਤਿਕ ਅਧਿਕਾਰਾਂ ਤੋਂ ਹੁੰਦਾ ਹੈ। ਰਾਜਨੀਤਿਕ ਸੁਤੰਤਰਤਾ ਰਾਹੀਂ ਲੋਕੀਂ ਰਾਜ ਪ੍ਰਬੰਧ ਵਿਚ ਹਿੱਸਾ ਲੈ ਸਕਦੇ ਹਨ। ਭਾਵ ਲੋਕਾਂ ਨੂੰ ਆਪਣੀ ਸਰਕਾਰ ਚੁਣਨ, ਉਸ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਜਾਂ ਉਸ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਦਾ ਅਧਿਕਾਰ ਹੋਣਾ। ਰਾਜਨੀਤਿਕ ਸੁਤੰਤਰਤਾ ਤੋਂ ਬਿਨਾਂ ਨਾਗਰਿਕ ਸੁਤੰਤਰਤਾ ਦੀ ਰੱਖਿਆ ਨਹੀਂ ਕੀਤੀ ਜਾ ਸਕਦੀ।

ਪ੍ਰੋ. ਲਾਸਕੀ ਦਾ ਕਹਿਣਾ ਹੈ ਕਿ ਰਾਜਨੀਤਿਕ ਅਧਿਕਾਰ ਜਨਤਾ ਦਾ ਉਹ ਅਧਿਕਾਰ ਹੈ, ਜਿਸ ਦੇ ਜ਼ੋਰ ਤੇ ਅਜਿਹੀ ਸਰਕਾਰ ਚੁਣੀ ਜਾਂਦੀ ਹੈ ਜਿਹੜੀ ਲੋਕਾਂ ਦੇ ਪ੍ਰਤੀ ਜਵਾਬ-ਦੇਹ ਹੁੰਦੀ ਹੈ।

**2.1.5.4. ਆਰਥਿਕ ਸੁਤੰਤਰਤਾ (Economic Liberty) :—** ਇਸ ਦਾ ਭਾਵ ਇਹ ਨਹੀਂ ਕਿ ਵਿਅਕਤੀ ਨੂੰ ਖੁਲੇ ਵਪਾਰ ਦੀ ਪੂਰਣ ਆਜਾਦੀ ਹੋਵੇ ਜਾਂ ਆਰਥਿਕ ਖੇਤਰ ਵਿਚ ਸਰਕਾਰ ਦਾ ਕੋਈ ਨਿਯੰਤਰਣ ਨਾ ਹੋਵੇ। ਬਲਕਿ ਇਸ ਦਾ ਅਰਥ ਹੈ ਕਿ ਲੋਕਾਂ ਨੂੰ ਆਰਥਿਕ ਸਹੂਲਤਾਂ ਮਿਲਣ ਅਤੇ ਉਨ੍ਹਾਂ ਲਈ ਕਿਸੇ ਗੱਲ ਦੀ ਘਾਟ ਨਾ ਹੋਵੇ। ਮਨੁੱਖ ਨੂੰ ਨਿਸ਼ਚਿਤ ਮਜ਼ਦੂਰੀ ਮਿਲੇ ਅਤੇ ਬੀਮਾਰੀ ਦੀ ਹਾਲਤ ਵਿਚ ਆਰਥਿਕ ਸੁਰੱਖਿਆ ਦਾ ਅਧਿਕਾਰ ਹੋਵੇ। ਇਸ ਦਾ ਅਰਥ ਇਹ ਵੀ ਹੈ ਕਿ ਕੋਈ ਵੀ ਵਿਅਕਤੀ ਜਾਂ ਸੰਸਥਾ ਦੀ ਲੁਟ-ਖਸੁਟ ਨਾ ਕਰ ਸਕੇ। ਇਸ ਦਾ ਸੰਬੰਧ ਰੁਪਏ ਪੈਸੇ ਦੀ ਭੈੜੀ ਵੰਡ ਨੂੰ ਖਤਮ ਕਰਨ ਨਾਲ ਹੈ, ਜਿਸ ਦੇ ਕਾਰਨ ਥੋੜੇ ਜਿਹੇ ਵਿਅਕਤੀ ਜ਼ਿਆਦਾ ਅਮੀਰ ਹਨ ਅਤੇ ਹੋਰ ਲੋਕਾਂ ਦੇ ਜੀਵਨ ਅਤੇ ਸੁੱਖ ਉੱਤੇ ਨਾਜਾਇਜ਼ ਕਬਜ਼ਾ ਕਰੀ ਬੈਠੇ ਹਨ। ਲਾਸਕੀ ਅਨੁਸਾਰ 'ਆਰਥਿਕ ਸੁਤੰਤਰਤਾ ਦਾ ਅਰਥ ਮਨੁੱਖ ਨੂੰ ਆਪਣੀ ਰੋਜ਼ੀ ਕਮਾਉਣ ਲਈ ਉਚਿਤ ਸੁਰਖਿਆ ਅਤੇ ਸਹੂਲਤਾਂ ਦਾ ਪ੍ਰਾਪਤ ਹੋਣਾ ਹੈ।'

**ਆਰਥਿਕ ਤੇ ਰਾਜਨੀਤਿਕ ਸੁਤੰਤਰਤਾ ਵਿਚ ਸੰਬੰਧ (Relations between Economic and Political Liberty) :—** ਆਰਥਿਕ ਸੁਤੰਤਰਤਾ ਦਾ ਮਹੱਤਵ ਅੱਜ ਰਾਜਾਂ ਵਿਚ ਵਧ ਰਿਹਾ ਹੈ ਕਿਉਂਕਿ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਿੰਨੀ ਦੇਰ ਤੱਕ ਲੋਕਾਂ ਦੀਆਂ ਮੁੱਢਲੀਆਂ ਆਰਥਿਕ ਲੋੜਾਂ ਪੂਰੀਆਂ ਨਹੀਂ ਕੀਤੀਆਂ ਜਾਣਗੀਆਂ ਉੱਨੀ ਦੇਰ ਤਕ ਰਾਜਨੀਤਿਕ ਤੇ ਨਾਗਰਿਕ ਸੁਤੰਤਰਤਾ ਖੋਖਲੀ ਰਹੇਗੀ ਅਤੇ ਇਨ੍ਹਾਂ ਦਾ ਕੋਈ ਵਾਸਤਵਿਕ ਮਹੱਤਵ ਨਹੀਂ ਹੋਵੇਗਾ। ਜਿੰਨੀ ਦੇਰ ਅਮੀਰਾਂ ਅਤੇ ਗਰੀਬਾਂ ਵਿਚਲੇ ਪਾੜੇ ਨੂੰ ਦੂਰ ਨਹੀਂ ਕੀਤਾ ਜਾਂਦਾ ਸ਼ਾਸਨ ਦੀ ਵਾਗਡੋਰ ਅਮੀਰ ਹੀ ਸੰਭਾਲੀ ਰੱਖਣਗੇ ਅਤੇ ਰਾਜਨੀਤਿਕ ਤੌਰ ਤੇ ਸਮਾਨ ਹੋਣ ਦੇ ਬਾਵਜੂਦ ਵੀ ਜਨਤਾ ਸਮਾਨ ਅਵਸਰ ਪ੍ਰਾਪਤ ਕਰਨ ਵਿਚ ਅਸਮਰਥ ਹੋਵੇਗੀ।

ਆਰਥਿਕ ਸੁਤੰਤਰਤਾ ਦਾ ਇਹ ਵਿਚਾਰ ਕਾਰਲ ਮਾਰਕਸ (Karl Marx) ਅਤੇ ਦੂਜੇ ਸਮਾਜਵਾਦੀਆਂ ਨੇ ਪੂੰਜੀਪਤੀਆਂ ਦੀ ਆਪਣੇ ਕਾਮਿਆਂ ਨੂੰ ਲੁਟਣ ਦੀ ਪ੍ਰਵਿਰਤੀ ਦੇ ਵਿਰੋਧ ਵਿਚ ਪੇਸ਼ ਕੀਤਾ ਅਤੇ ਇਸ ਤਰ੍ਹਾਂ ਉਹਨਾਂ ਲੋਕ-ਰਾਜ ਵਿਚਲੀ ਇਕ ਵੱਡੀ ਕਮੀ ਨੂੰ ਪੂਰਾ ਕਰਨ ਲਈ ਅਜਿਹਾ ਸਿਧਾਂਤ ਰਾਜਾਂ ਦੇ ਸਾਹਮਣੇ ਰੱਖਿਆ ਜਿਸ ਨੂੰ ਕੋਈ ਵੀ ਲੋਕਤੰਤਰੀ ਰਾਜ ਆਪਣੀਆਂ ਅੱਖਾਂ ਉਹਲੇ ਨਹੀਂ ਕਰ ਸਕਦਾ। ਅੱਜ ਹਰ ਰਾਜ ਆਪਣੇ ਕਾਮਿਆਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਅਤੇ ਸ਼ੋਸ਼ਣ ਤੋਂ ਸੁਰੱਖਿਆ ਕਰਨ ਦਾ ਜ਼ਿੰਮੇਵਾਰ ਹੈ। ਉਹ ਉਨ੍ਹਾਂ ਦੇ ਘੰਟੇ ਨਿਸ਼ਚਿਤ ਕਰਦਾ ਹੈ, ਰਾਜ ਵਲੋਂ ਬੇਕਾਰੀ, ਬੀਮਾਰੀ ਅਤੇ ਬੁਢਾਪੇ ਦੀ ਹਾਲਤ ਵਿਚ ਸਹਾਇਤਾ ਦੇਣ ਦਾ ਪ੍ਰਬੰਧ ਕੀਤਾ ਜਾਂਦਾ ਹੈ ਲੇਕਿਨ ਇਸ ਤੋਂ ਭਾਵ ਨਹੀਂ ਕਿ ਆਰਥਿਕ ਸੁਤੰਤਰਤਾ ਹੀ ਕਾਫ਼ੀ ਹੈ ਅਤੇ ਰਾਜਨੀਤਕ ਸੁਤੰਤਰਤਾ ਦਾ ਮਹੱਤਵ ਘੱਟ ਹੈ। ਸੱਚ ਤਾਂ ਇਹ ਹੈ ਕਿ ਰਾਜਨੀਤਕ ਸੁਤੰਤਰਤਾ ਤੋਂ ਬਿਨਾਂ ਆਰਥਿਕ ਸੁਤੰਤਰਤਾ ਫਜ਼ੂਲ ਹੈ। ਮਨੁੱਖ ਦੇ ਵਿਅਕਤੀਗਤ ਵਿਕਾਸ ਲਈ ਦੋਹਾਂ ਦਾ ਹੋਣਾ ਲਾਜ਼ਮੀ ਹੈ ਅਤੇ ਦੋਹਾਂ ਵਿਚੋਂ ਕਿਸੇ ਦਾ ਨਾ ਹੋਣ ਦੀ ਅਵਸਥਾ ਵਿਚ ਲੋਕਰਾਜ ਸੰਪੂਰਣ ਨਹੀਂ ਹੋ ਸਕਦਾ।

5.5.5. **ਰਾਸ਼ਟਰੀ ਸੁਤੰਤਰਤਾ (National Liberty) :—** ਰਾਸ਼ਟਰੀ ਸੁਤੰਤਰਤਾ ਤੋਂ ਭਾਵ ਕਿਸੇ ਰਾਜ ਦੀ ਵਿਦੇਸ਼ੀ ਨਿਯੰਤਰਣ ਤੋਂ ਮੁਕਤੀ ਕਿਹਾ ਜਾ ਸਕਦਾ ਹੈ। ਹਰ ਰਾਸ਼ਟਰ ਆਪਣੇ ਨਾਗਰਿਕਾਂ ਨੂੰ ਰਾਜਨੀਤਿਕ, ਆਰਥਿਕ ਜਾਂ ਨਾਗਰਿਕ ਸੁਤੰਤਰਤਾਵਾਂ ਤਾਂ ਹੀ ਪ੍ਰਦਾਨ ਕਰ ਸਕਦਾ ਹੈ ਜੇ ਉਹ ਖੁਦ ਕਿਸੇ ਵਿਦੇਸ਼ੀ ਸੱਤਾ ਦੇ ਅਧੀਨ ਨਾ ਹੋਵੇ। ਹਰ ਰਾਸ਼ਟਰ ਆਪਣੇ ਲਈ ਨਾ ਸਿਰਫ਼ ਸੁਤੰਤਰਤਾ ਪ੍ਰਾਪਤ ਕਰਨ ਲਈ ਸੰਘਰਸ਼ ਕਰਦਾ ਹੈ ਬਲਕਿ ਰਸਮੀ ਤੌਰ ਤੇ ਸੁਤੰਤਰਤਾ ਹੋਣ ਤੋਂ ਬਾਅਦ ਵੀ ਆਪਣੀ ਸੁਤੰਤਰਤਾ ਦੀ ਹੋਂਦ ਬਣਾਏ ਰੱਖਣ ਲਈ ਪ੍ਰਯਤਨਸ਼ੀਲ ਰਹਿੰਦਾ ਹੈ। ਅੱਜ ਦੇ ਯੁੱਗ ਵਿਚ ਹਰ ਛੋਟਾ ਬੜਾ ਰਾਸ਼ਟਰ ਆਪਣੀ ਰਾਜਨੀਤਿਕ, ਆਰਥਿਕ ਸੁਤੰਤਰਤਾ ਨੂੰ ਕਿਸੇ ਰੂਪ ਵਿਚ ਗਵਾਉਣਾ ਨਹੀਂ ਚਾਹੁੰਦਾ। ਰਾਸ਼ਟਰੀ ਸੁਤੰਤਰਤਾ ਤੋਂ ਭਾਵ ਕੇਵਲ ਰਸਮੀ ਸੁਤੰਤਰਤਾ ਹੀ ਨਹੀਂ ਸਗੋਂ ਆਪਣੀਆਂ ਅੰਦਰੂਨੀ ਅਤੇ ਬਾਹਰੀ ਨੀਤੀਆਂ ਲਈ ਪ੍ਰਭਾਵ-ਮੁਕਤ ਹੋਣਾ ਵੀ ਸ਼ਾਮਿਲ ਹੈ।

## 2.1.6 ਸੁਤੰਤਰਤਾ ਨੂੰ ਸੁਰੱਖਿਅਤ ਕਰਨ ਦੇ ਢੰਗ (Safeguards of Liberty)

ਜਿਵੇਂ ਕਿ ਹੁਣ ਤਕ ਅਸੀਂ ਸਮਝ ਚੁੱਕੇ ਹਾਂ ਕਿ ਸੁਤੰਤਰਤਾ ਦਾ ਨਾਗਰਿਕ ਦੇ ਜੀਵਨ ਵਿਚ ਵਿਸ਼ੇਸ਼ ਸਥਾਨ ਹੈ ਪਰੰਤੂ ਨਾਲ ਹੀ ਇਹ ਗੱਲ ਵੀ ਸਪਸ਼ੱਟ ਹੈ ਕਿ ਸੁਤੰਤਰਤਾ ਨੂੰ ਆਸਾਨੀ ਨਾਲ ਨਸ਼ਟ ਕੀਤਾ ਜਾ ਸਕਦਾ ਹੈ ਕਿਉਂਕਿ ਜੇ ਉਹ ਵਾਤਾਵਰਣ, ਜਿਸ ਵਿਚ ਸੁਤੰਤਰਤਾ ਸੁਰਖਿਅਤ ਰਹਿ ਸਕਦੀ ਹੈ, ਨਾ ਹੋਵੇ, ਤਾਂ ਇਹ ਕੇਵਲ ਦਿਖਾਵਾ ਬਣ ਕੇ ਰਹਿ ਜਾਵੇਗੀ। ਇਸ ਲਈ ਸਾਡੇ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਸੁਤੰਤਰਤਾ ਨੂੰ ਸੁਰੱਖਿਅਤ ਰੱਖਣ ਲਈ ਕਿਹੜੀਆਂ ਸ਼ਰਤਾਂ ਜ਼ਰੂਰੀ ਹਨ ਜਾਂ ਇਹ ਕਿ ਕਿਹੜੇ ਰੱਖਿਆ ਕਵਚ ਅਪਨਾਉਣੇ ਜ਼ਰੂਰੀ ਹਨ ? ਆਧੁਨਿਕ ਯੁੱਗ ਵਿਚ ਜਿਥੇ ਰਾਜਾਂ ਦਾ ਸਰੂਪ ਲੋਕਤੰਤਰੀ ਹੈ, ਭਾਵ ਸੱਤਾਂ ਲੋਕਾਂ ਦੇ ਹੱਥਾਂ ਵਿਚ ਹੈ, ਉਥੇ ਸੁਤੰਤਰਤਾ ਨੂੰ ਸੁਰੱਖਿਅਤ ਰੱਖਣਾ ਅਤਿ ਜ਼ਰੂਰੀ ਹੈ। ਸੁਤੰਤਰਤਾ ਦੀ ਰੱਖਿਆ ਲਈ ਨਿਮਨਲਿਖਤ ਗੱਲਾਂ ਦਾ ਹੋਣਾ ਜ਼ਰੂਰੀ ਹੈ :-

2.1.6.1. **ਲਿਖਤੀ ਸੰਵਿਧਾਨ** :- ਵਿਅਕਤੀ ਦੀ ਸੁਤੰਤਰਤਾ ਲਈ ਲਿਖਤੀ ਸੰਵਿਧਾਨ ਦਾ ਹੋਣਾ ਅਤਿ ਜ਼ਰੂਰੀ ਹੈ ਕਿਉਂਕਿ ਲਿਖਤੀ ਸੰਵਿਧਾਨ ਰਾਹੀਂ ਸਰਕਾਰ ਦੇ ਵੱਖ-ਵੱਖ ਅੰਗਾਂ ਅਤੇ ਅਧਿਕਾਰੀਆਂ ਦੇ ਅਧਿਕਾਰ ਨਿਸ਼ਚਿਤ ਕੀਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਹ ਆਪਣੇ ਮਿੱਥੇ ਹੋਏ ਅਧਿਕਾਰ ਖੇਤਰ ਤੋਂ ਬਾਹਰ ਨਹੀਂ ਜਾ ਸਕਦੇ।

2.1.6.2. **ਮੌਲਿਕ ਅਧਿਕਾਰਾਂ ਦੀ ਘੋਸ਼ਣਾ** :- ਦੂਸਰੀ ਸ਼ਰਤ ਇਹ ਹੈ ਕਿ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾ ਨੂੰ ਮੌਲਿਕ ਅਧਿਕਾਰਾਂ ਦੇ ਅਧਿਆਏ ਵਿਚ ਸ਼ਾਮਲ ਕੀਤਾ ਜਾਵੇ।

2.1.6.3. **ਸੁਤੰਤਰ ਨਿਆਂਪਾਲਿਕਾ** :- ਅਧਿਕਾਰਾਂ ਅਤੇ ਸੁਤੰਤਰਤਾ ਦਾ ਸੰਵਿਧਾਨ ਵਿਚ ਅੰਕਿਤ ਕਰ ਦੇਣਾ ਹੀ ਕਾਫ਼ੀ ਨਹੀਂ ਹੁੰਦਾ ਬਲਕਿ ਉਹਨਾਂ ਨੂੰ ਨਿਆਂ ਯੋਗ ਬਣਾਉਣਾ ਚਾਹੀਦਾ ਹੈ। ਨਿਆਂਪਾਲਿਕਾ ਇਨ੍ਹਾਂ ਸੁਤੰਤਰਤਾਵਾਂ ਦੀ ਰੱਖਿਆ ਤਾਂ ਹੀ ਕਰ ਸਕਦੀ ਹੈ ਜੇਕਰ ਇਸ ਨੂੰ ਸੁਤੰਤਰ ਅਤੇ ਨਿਰਪੱਖ ਬਣਾਇਆ ਜਾਵੇ।

2.1.6.4. **ਨਾਗਰਿਕਾਂ ਦੀ ਸੁਚੇਤਤਾ** :- ਸੁਤੰਤਰਤਾ ਦੀ ਸੁਰੱਖਿਆ ਲਈ ਨਾਗਰਿਕਾਂ ਦਾ ਆਪਣੇ ਅਧਿਕਾਰਾਂ ਅਤੇ ਕਰਤਵਾਂ ਬਾਰੇ ਚੌਕਨਾ ਹੋਣਾ ਅਤਿ ਜ਼ਰੂਰੀ ਹੈ। ਇਸ ਬਾਰੇ ਲਾਸਕੀ ਨੇ ਠੀਕ ਹੀ ਕਿਹਾ ਹੈ ਕਿ 'ਸਦੀਵੀ ਸੁਚੇਤਤਾ ਸੁਤੰਤਰਤਾ ਦਾ ਮੁੱਲ ਹੈ' (Eternal vigilence is the price of Liberty).

2.1.6.5. **ਲੋਕ ਰਾਜ** :- ਸੁਤੰਤਰਤਾ ਦੀ ਉਤਪੱਤੀ ਅਤੇ ਵਿਕਾਸ ਕੇਵਲ ਲੋਕਰਾਜ ਵਿਚ ਹੀ ਸੰਭਵ ਹੈ। ਇਸ ਸ਼ਾਸਨ ਵਿਚ ਸ਼ਕਤੀ ਸਮੁੱਚੀ ਜਨਤਾ ਕੋਲ ਹੁੰਦੀ ਹੈ ਅਤੇ ਉਹ ਜਦੋਂ ਚਾਹੁਣ ਆਪਣੀ ਸਰਕਾਰ ਨੂੰ ਬਦਲ ਸਕਦੇ ਹਨ।

2.1.6.6. **ਸ਼ਕਤੀਆਂ ਦਾ ਵਿਕੇਂਦਰੀਕਰਣ** :– ਸੁਤੰਤਰਤਾ ਦੀ ਰੱਖਿਆ ਲਈ ਸ਼ਕਤੀਆਂ ਦਾ ਵਿਕੇਂਦਰੀਕਰਣ ਕਰਨਾ ਵੀ ਬਹੁਤ ਜ਼ਰੂਰੀ ਹੈ। ਸਾਰੀਆਂ ਸ਼ਕਤੀਆਂ ਇਕ ਵਿਅਕਤੀ ਜਾਂ ਸੰਸਥਾ ਦੇ ਹੱਥ ਵਿਚ ਕੇਂਦਰਿਤ ਨਹੀਂ ਹੋਣੀਆਂ ਚਾਹੀਦੀਆਂ।

2.1.6.7. **ਵਿਸ਼ੇਸ਼ਾਧਿਕਾਰਾਂ ਦਾ ਖਾਤਮਾ** :– ਸਮਾਜ ਵਿਚ ਕਿਸੇ ਵਰਗ ਨੂੰ ਵਿਸ਼ੇਸ਼ ਅਧਿਕਾਰ ਨਹੀਂ ਮਿਲਣੇ ਚਾਹੀਦੇ ਬਲਕਿ ਸਭ ਨੂੰ ਇਕੋ ਜਿਹੇ ਅਧਿਕਾਰ ਮਾਨਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

2.1.6.8. **ਯੋਗ ਦਲ ਪ੍ਰਣਾਲੀ** :– ਯੋਗ ਦਲ ਪ੍ਰਣਾਲੀ ਦੀ ਹੋਂਦ ਵਿਚ ਵੀ ਨਾਗਰਿਕਾਂ ਦੀ ਸੁਤੰਤਰਤਾ ਕਾਇਮ ਰਹਿ ਸਕਦੀ ਹੈ। ਦੋ ਦਲ ਪ੍ਰਣਾਲੀ ਸਰਬਉਤਮ ਹੈ ਪਰ ਸਭ ਤੋਂ ਜ਼ਰੂਰੀ ਹੈ ਦਲਾਂ ਦਾ ਆਦਰਸ਼ਾਂ (ideals) ਤੇ ਆਧਾਰਿਤ ਹੋਣਾ।

2.1.6.9. **ਕਾਨੂੰਨ ਦਾ ਸ਼ਾਸਨ** :– ਜਿਸ ਦੇਸ਼ ਵਿਚ ਕਿਸੇ ਵਿਅਕਤੀ ਦਾ ਸ਼ਾਸਨ ਹੁੰਦਾ ਹੈ ਉਥੇ ਸੁਤੰਤਰਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਨੂੰਨ ਦੇ ਸ਼ਾਸਨ ਵਿਚ ਸੁਤੰਤਰਤਾ ਪੂਰਨ ਤੌਰ ਤੇ ਸੁਰੱਖਿਅਤ ਰਹਿੰਦੀ ਹੈ। ਇਸ ਦਾ ਭਾਵ ਹੈ ਕਿ ਕਾਨੂੰਨ ਹੀ ਸਭ ਤੋਂ ਉੱਚਾ ਹੋਵੇ ਅਤੇ ਰਾਜ ਦੇ ਵਿਚਾਲੇ ਸਾਰੇ ਵਿਅਕਤੀ ਅਤੇ ਸੰਸਥਾਵਾਂ ਕਾਨੂੰਨ ਦੇ ਅਧੀਨ ਹੋਣ।

ਉਪਰੋਕਤ ਦਿੱਤੇ ਵੇਰਵੇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੁਤੰਤਰਤਾ ਵਿਅਕਤੀਆਂ ਲਈ ਆਪਣੇ ਜੀਵਨ ਦਾ ਸਹੀ ਵਿਕਾਸ ਕਰਨ ਲਈ ਅਤਿ ਲੋੜੀਂਦੀ ਹੈ ਅਤੇ ਇਸ ਨੂੰ ਸੁਰੱਖਿਅਤ ਰੱਖਣਾ ਬਹੁਤ ਜ਼ਰੂਰੀ ਹੈ।

### 2.1.7 ਸਾਰਾਂਸ਼ (Conclusion)

ਅੱਜ ਅਸੀਂ ਦੇਖਦੇ ਹਾਂ ਕਿ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚ ਨਾਗਰਿਕਾਂ ਨੂੰ ਸੰਵਿਧਾਨ ਰਾਹੀਂ ਅਧਿਕਾਰ ਅਤੇ ਸੁਤੰਤਰਤਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਅੰਤਰ ਸਿਰਫ਼ ਇੰਨਾ ਹੈ ਕਿ ਉਦਾਰਵਾਦੀ ਲੋਕਤੰਤਰੀ ਰਾਜਾਂ ਵਿਚ ਨਾਗਰਿਕ, ਸਮਾਜਿਕ ਅਤੇ ਰਾਜਨੀਤਿਕ ਸੁਤੰਤਰਤਾਵਾਂ ਦੀ ਭਰਮਾਰ ਹੁੰਦੀ ਹੈ। ਆਰਥਿਕ ਸੁਤੰਤਰਤਾ ਇਸ ਰੂਪ ਵਿਚ ਮਿਲਦੀ ਹੈ ਕਿ ਹਰ ਇਕ ਵਿਅਕਤੀ ਨੂੰ ਆਪਣੀ ਮਰਜ਼ੀ ਨਾਲ ਆਪਣਾ ਪੇਸ਼ਾ ਚੁਣਨ ਦੀ ਖੁਲ੍ਹ ਹੈ। ਇਹ ਖੁਲ੍ਹੀ ਪ੍ਰਤੀਯੋਗਤਾ ਦਾ ਸਿਧਾਂਤ ਹੈ ਜਿਸ ਵਿਚ ਆਰਥਿਕ ਅਸਮਾਨਤਾ ਦਾ ਹੋਣਾ ਜ਼ਰੂਰੀ ਹੈ। ਸਮਾਜਵਾਦੀ ਦੇਸ਼ਾਂ ਵਿਚ ਆਰਥਿਕ ਸੁਰੱਖਿਆ ਪ੍ਰਦਾਨ ਕਰਨ ਉਤੇ ਜ਼ੋਰ ਹੁੰਦਾ ਹੈ ਅਤੇ ਸੰਵਿਧਾਨ ਵਿਚ ਬਹੁਤ ਸਾਰੇ ਆਰਥਿਕ ਅਧਿਕਾਰ ਜਿਵੇਂ ਕਿ ਕੰਮ ਜਾਂ ਰੋਜ਼ਗਾਰ ਦਾ ਅਧਿਕਾਰ ਸ਼ਾਮਿਲ ਕੀਤੇ ਜਾਂਦੇ ਹਨ ਪਰੰਤੂ ਰਾਜਨੀਤਕ ਅਤੇ ਨਾਗਰਿਕ ਸੁਤੰਤਰਤਾਵਾਂ ਉਤੇ ਪ੍ਰਤਿਬੰਧ ਵਧੇਰੇ ਹੁੰਦੇ ਹਨ।

ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦਾ ਅਧਿਆਏ ਨਾਗਰਿਕਾਂ ਨੂੰ ਰਾਜਨੀਤਿਕ ਤੇ ਨਾਗਰਿਕ ਸੁਤੰਤਰਤਾ ਪ੍ਰਦਾਨ ਕਰਦਾ ਹੈ ਅਤੇ ਇਹਨਾਂ ਦੀ ਸੁਰੱਖਿਆ ਦਾ ਪ੍ਰਬੰਧ ਵੀ ਕਰਦਾ ਹੈ। ਪਰੰਤੂ ਆਰਥਿਕ ਸਮਾਨਤਾ ਦੇਣ ਵਾਲੇ 'ਨੀਤੀ ਨਿਰਦੇਸ਼ਕ ਤੱਤਾਂ' ਪਿਛੇ ਕੋਈ ਨਿਆਂਇਕ ਸ਼ਕਤੀ ਨਾ ਹੋਣ ਕਾਰਣ ਇਹ ਸਰਕਾਰ ਦੀ ਇੱਛਾ ਉਤੇ ਨਿਰਭਰ ਹੋ ਜਾਂਦੇ ਹਨ।

### 2.1.8 ਸਵੈ-ਅਭਿਆਸ ਲਈ ਪ੍ਰਸ਼ਨ ਅਤੇ ਉਨ੍ਹਾਂ ਦੇ ਉੱਤਰ

1. ਅੰਗਰੇਜ਼ੀ ਦਾ ਸ਼ਬਦ 'Liberty' ਲਾਤੀਨੀ ਭਾਸ਼ਾ ਦੇ ਕਿਸ ਸਬਦ ਤੋਂ ਲਿਆ ਗਿਆ ਹੈ?
2. ਸੁਤੰਤਰਤਾ ਦੇ ਮੁੱਖ ਦੋ ਰੂਪ ਦੱਸੋ।

ਉੱਤਰ (1) Liber (2) ਨਾਕਾਰਤਮਕ ਤੇ ਸਾਕਾਰਤਮਕ ਸੁਤੰਤਰਤਾ

### 2.1.9 ਸੁਝਾਈਆਂ ਪੁਸਤਕਾਂ

(i) J.S. Badyal : Political Theory (Punjabi)
(ii) Eddy Asrtvatham : Political Theory)
(iii) J.S. Mill : On Liberty
(iv) Sushila Ramaswamy : Political Theory
(v) www.wikipedia.org
(vi) www.cup.com

ਪਾਠ ਨੰ. 2.2

# ਸਮਾਨਤਾ ਦੀ ਧਾਰਨਾ : ਅਰਥ, ਪਰਿਭਾਸ਼ਾ, ਕਿਸਮਾਂ, ਸਮਾਨਤਾ ਅਤੇ ਸੁਤੰਤਰਤਾ ਵਿਚ ਸੰਬੰਧ

**(Concept of Equality : Meaning, Definition, Types and Relationship between Liberty and Equality)**

**ਪਾਠ ਦੀ ਰੂਪ ਰੇਖਾ**

2.2.1 ਪਾਠ ਦਾ ਉਦੇਸ਼
2.2.2 ਭੂਮਿਕਾ
2.2.3 ਸਮਾਨਤਾ ਦੀ ਧਾਰਨਾ ਦਾ ਵਿਕਾਸ
2.2.4 ਸਮਾਨਤਾ ਦੇ ਅਰਥ ਅਤੇ ਪਰਿਭਾਸ਼ਾ
2.2.5 ਸਮਾਨਤਾ ਦੀਆਂ ਵੱਖ-ਵੱਖ ਕਿਸਮਾਂ
    2.2.5.1 ਕਾਨੂੰਨੀ ਸਮਾਨਤਾ
    2.2.5.2. ਰਾਜਨੀਤਿਕ ਸਮਾਨਤਾ
    2.2.5.3. ਸਮਾਜਿਕ ਸਮਾਨਤਾ
    2.2.5.4. ਆਰਥਿਕ ਸਮਾਨਤਾ
2.2.6 ਸਮਾਨਤਾ ਅਤੇ ਸੁਤੰਤਰਤਾ ਵਿੱਚ ਸੰਬੰਧ
    2.2.6.1 ਸਮਾਨਤਾ ਅਤੇ ਸੁਤੰਤਰਤਾ ਇੱਕ ਦੂਜੇ ਦੇ ਪੂਰਕ ਹਨ
    2.2.6.2 ਸਮਾਨਤਾ ਅਤੇ ਸੁਤੰਤਰਤਾ ਇੱਕ ਦੂਜੇ ਦੇ ਵਿਰੋਧੀ ਹਨ
2.2.7 ਸਾਰਾਂਸ
2.2.8 ਸਵੈ-ਅਭਿਆਸ ਲਈ ਪ੍ਰਸ਼ਨ
2.2.9 ਸੁਝਾਈਆਂ ਪੁਸਤਕਾਂ

2.2.1 **ਪਾਠ ਦਾ ਉਦੇਸ਼** :- ਇਸ ਪਾਠ ਦਾ ਮੂਲ ਉਦੇਸ਼ ਹੈ ਕਿ ਤੁਹਾਨੂੰ ''ਸਮਾਨਤਾ'' ਦੀ ਧਾਰਨਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਹੋਵੇ। ਅੱਜ ਦੇ ਯੁੱਗ ਵਿੱਚ ''ਸਮਾਨਤਾ'' ਇੱਕ ਮਹੱਤਵਪੂਰਣ ਧਾਰਨਾ ਹੈ। ਇਸ ਪਾਠ ਨੂੰ ਪੜ੍ਹਣ ਉਪਰੰਤ ਤੁਸੀਂ ਇਹ ਸਮਝ ਸਕੋਗੇ ਕਿ ਅਸਲ ਵਿੱਚ ਸਮਾਨਤਾ ਹੁੰਦੀ ਕੀ ਹੈ ਇਸ ਦੇ ਵੱਖ-ਵੱਖ ਰੂਪ ਕਿਹੜੇ ਹਨ ਅਤੇ ਕੀ ਸਮਾਨਤਾ ਅਤੇ ਸੁਤੰਤਰਤਾ ਪਰਸਪਰ ਵਿਰੋਧੀ ਹਨ ਜਾਂ ਇੱਕ ਦੂਸਰੇ ਦੇ ਪੂਰਕ।

2.2.2 **ਭੂਮਿਕਾ (Introduction)** : ਸਮਾਨਤਾ, ਸੁਤੰਤਰਤਾ ਅਤੇ ਭਰਾਤਰੀ ਭਾਵ ਦਾ ਪ੍ਰਸ਼ਨ ਫਰਾਂਸੀਸੀ ਕ੍ਰਾਂਤੀ ਵਿਚ ਉਠਾਇਆ ਗਿਆ ਸੀ। 17ਵੀਂ ਸਦੀ ਤੋਂ ਬਾਦ ਅਧਿਕਾਰਾਂ ਅਤੇ ਸੁਤੰਤਰਤਾ ਦੀ ਮੰਗ ਚੁੱਕੀ ਗਈ ਸੀ ਪਰੰਤੂ ਸਮਾਨਤਾ ਦੀ ਮੰਗ 19ਵੀਂ ਸਦੀ ਵਿਚ ਉਠਾਈ ਗਈ ਸੀ। ਉਹ ਇਸ ਲਈ ਕਿ ਸੁਤੰਤਰਤਾ ਦਾ ਸਮਾਨਤਾ ਨਾਲ ਬਹੁਤ ਹੀ ਗਹਿਰਾ ਸੰਬੰਧ ਹੁੰਦਾ ਹੈ। ਹੋ ਸਕਦਾ ਹੈ ਕਿ ਸੰਪੂਰਨ ਸੁਤੰਤਰਤਾ ਅਸਮਾਨ ਵਿਵਸਥਾ ਨੂੰ ਜਨਮ ਦੇ ਦੇਵੇ। ਇਸ ਲਈ ਜਦੋਂ ਵੀ ਸੁਤੰਤਰਤਾ ਦੀ ਮੰਗ ਕੀਤੀ ਗਈ ਉਸੀ ਵੇਲੇ ਸਮਾਨਤਾ ਬਾਰੇ ਬਹਿਸ ਸ਼ੁਰੂ ਹੋ ਗਈ। ਸਮਾਨਤਾ ਦੀ ਧਾਰਨਾ ਨੂੰ ਇਸ ਦੀ ਪੂਰਨਤਾ ਵਿਚ ਸਮਝਣ ਲਈ ਇਸ ਦੇ ਵਿਕਾਸ ਨੂੰ ਜਾਣਨਾ ਜ਼ਰੂਰੀ ਹੈ।

2.2.3 **ਸਮਾਨਤਾ ਦੀ ਧਾਰਨਾ ਦਾ ਵਿਕਾਸ (Development of the concept of Equality)** :- ਮੁੱਢਲੀਆਂ ਸਮਾਜਿਕ ਸੰਸਥਾਵਾਂ ਵਿਚ ਸਮਾਨਤਾ ਦੀ ਮੰਗ ਨੂੰ ਚੁਕਿਆ ਨਹੀਂ ਗਿਆ ਸੀ, ਭਾਵੇਂ ਸਮਾਜਿਕ ਸੰਬੰਧ ਅਸਮਾਨਤਾ ਉਤੇ ਆਧਾਰਿਤ ਸਨ, ਇਨ੍ਹਾਂ ਸਮਾਜਾਂ ਵਿਚ ਸੰਪਤੀ ਦੀ ਧਾਰਨਾ ਅਤੇ ਕਿਸੇ ਚੀਜ਼ ਉਤੇ ਮਲਕੀਅਤ ਕਰਨ ਦੀ ਭਾਵਨਾ ਨਹੀਂ ਸੀ ਅਤੇ ਲੋਕ ਸ਼ਾਂਤੀ ਪੂਰਵਕ ਇਕ ਸਾਧਾਰਨ ਜੀਵਨ ਬਤੀਤ ਕਰਦੇ ਸਨ। ਸਮਾਨਤਾ ਦਾ ਵਿਕਾਸ ਉਤਪਾਦਨ ਦੇ ਤਰੀਕਿਆਂ ਦੇ ਵਿਕਾਸ ਨਾਲ ਅਤੇ ਨਿਜੀ ਸੰਪਤੀ ਦੇ ਆਉਣ ਨਾਲ ਹੋਇਆ। ਇਸ

ਨੇ ਸਮਾਜ ਨੂੰ ਵਰਗਾਂ ਵਿਚ ਵੰਡ ਦਿਤਾ ਅਤੇ ਸਮਾਜਿਕ ਢਾਂਚੇ ਵਿਚ ਗੁਲਾਮ ਅਤੇ ਮਾਲਕ, ਕਾਮੇ ਅਤੇ ਭੂਮੀਪਤੀ, ਮਜ਼ਦੂਰ ਅਤੇ ਪੂੰਜੀਪਤੀ ਹੋਂਦ ਵਿਚ ਆਏ। ਵਰਗਾਂ ਵਿਚ ਇਸ ਅਸਮਾਨਤਾ ਨੇ ਵੱਖ-ਵੱਖ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿਚਿਆ। ਇਹ ਕਹਿਣਾ ਜਾਇਜ਼ ਨਹੀਂ ਹੈ ਕਿ ਸਾਰੇ ਵਿਦਵਾਨਾਂ ਨੇ ਸਮਾਨਤਾ ਦੇ ਕੇਸ ਦੀ ਹਮਾਇਤ ਕੀਤੀ। ਪਰ ਇਸ ਦੇ ਵਿਚ ਸ਼ੱਕ ਨਹੀਂ ਕਿ ਨਿਜੀ ਸੰਪਤੀ ਦੇ ਆਉਣ ਨਾਲ ਅਸਮਾਨਤਾ ਦਾ ਜਨਮ ਹੋਇਆ, ਜਿਸ ਨੇ ਅੱਗੇ ਜਾ ਕੇ ਕਈ ਸਾਰੇ ਸਮਾਜਿਕ ਸੰਘਰਸ਼ਾਂ ਤੇ ਲੜਾਈਆਂ ਨੂੰ ਜਨਮ ਦਿੱਤਾ।

ਯੂਨਾਨੀ ਸਮੇਂ ਵਿਚ ਅਰਸਤੂ ਅਤੇ ਪਲੈਟੋ ਨੇ ਸਮਾਨਤਾ ਉਤੇ ਕੋਈ ਵਿਚਾਰ ਨਹੀਂ ਦਿਤੇ, ਨਾ ਹੀ ਇਸ ਨੂੰ ਸਮਰਥਨ ਹੀ ਦਿਤਾ। ਉਨ੍ਹਾਂ ਲਈ ਵਿਅਕਤੀ ਜਨਮ ਤੋਂ ਹੀ ਅਸਮਾਨ ਹੁੰਦੇ ਹਨ। ਉਨ੍ਹਾਂ ਮੁਤਾਬਕ ਕੁਝ ਸ਼ਾਸਕਾਂ ਦੇ ਰੂਪ ਵਿਚ ਪੈਦਾ ਹੁੰਦੇ ਹਨ ਅਤੇ ਕੁਝ ਗੁਲਾਮਾਂ ਦੇ ਰੂਪ ਵਿਚ। ਸਟੋਅਕਸ, ਸੋਫਿਸਟਸ ਅਤੇ ਪੈਰਿਕਲਸ ਨੇ ਸਮਾਨਤਾ ਦਾ ਉਸ ਆਧਾਰ ਤੇ ਸਮਰਥਨ ਕੀਤਾ ਜਿਹੜਾ ਕੁਦਰਤੀ ਕਾਨੂੰਨ ਅਤੇ ਤਰਕ ਉਤੇ ਆਧਾਰਿਤ ਸੀ। ਉਨ੍ਹਾਂ ਨੇ ਸਰਵ ਵਿਆਪੀ ਭਰਾਤਰੀਭਾਵ ਅਤੇ ਨਾਗਰਿਕਤਾ ਉੱਤੇ ਜ਼ੋਰ ਦਿੱਤਾ ਅਤੇ ਗੁਲਾਮੀ ਦੀ ਨਿਖੇਧੀ ਕੀਤੀ, ਜਿਹੜੀ ਕੁਦਰਤੀ ਸਮਾਨਤਾ ਦੇ ਸਿਧਾਂਤ ਉੱਤੇ ਆਧਾਰਿਤ ਨਹੀਂ ਸੀ। ਰੋਮਨ ਸਮੇਂ ਵਿਚ ਸਮਾਨਤਾ ਬਾਰੇ ਇਕ ਕ੍ਰਾਂਤੀਕਾਰੀ ਲੜਾਈ ਸ਼ੁਰੂ ਹੋਈ ਜਿਹੜੀ ਸਪਾਰਟਾਕਸ ਦੇ ਨੇਤ੍ਰਿਤਵ ਵਿਚ ਕੀਤੀ ਗਈ ਜਿਹੜਾ ਗੁਲਾਮਾਂ ਦਾ ਇਕ ਬਹੁਤ ਵੱਡਾ ਲੀਡਰ ਸੀ, ਉਸਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸਭ ਮਨੁੱਖ ਬਰਾਬਰ ਹਨ ਕਿਉਂਕਿ ਸਭ ਦੇ ਖ਼ੂਨ ਦਾ ਰੰਗ ਇਕੋ ਹੀ ਹੈ।

ਈਸਾਈ ਧਰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੀ ਸਮਾਨਤਾ ਦੀ ਲੜਾਈ ਨੂੰ ਅਰਿਸਟੋਨਿਕਸ ਦੁਆਰਾ ਚੁਕਿਆ ਗਿਆ। ਇਹ ਵੀ ਗੁਲਾਮਾਂ ਦਾ ਬਹੁਤ ਵੱਡਾ ਸਮਰਥਕ ਸੀ ਅਤੇ ਉਸ ਨੇ ਇਕ 'ਸਮਾਨ ਵਿਅਕਤੀਆਂ ਦੇ ਰਾਜ' ਬਣਾਉਣ ਲਈ ਉਪਰਾਲੇ ਕੀਤੇ। ਮੱਧ-ਕਾਲ ਵਿਚ ਈਸਾਈ ਧਰਮ ਸਮਾਨਤਾ ਦੇ ਮਸਲੇ ਨਾਲ ਜੁੜਿਆ ਰਿਹਾ ਪਰ ਇਹ ਸਮਾਨਤਾ ਪ੍ਰਮਾਤਮਾ ਦੇ ਸਾਹਮਣੇ ਦੀ ਸਮਾਨਤਾ ਸੀ। ਇਸ ਨੇ ਧਰਤੀ ਉਤੇ ਸਮਾਨਤਾ ਦੇ ਮਸਲੇ ਨੂੰ ਇਕ ਪਾਸੇ ਰੱਖ ਦਿਤਾ ਅਤੇ ਇਸ ਗੱਲ ਉਤੇ ਜ਼ੋਰ ਦਿਤਾ ਗਿਆ ਕਿ ਸਮਾਨਤਾ ਦਾ ਮਸਲਾ ਪ੍ਰਮਾਤਮਾ ਅਗੇ ਸਮਾਨਤਾ ਨਾਲ ਸੀ। ਸਮਾਨਤਾ ਦਾ ਝਗੜਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿਚ ਮੱਧ ਯੁੱਗ ਵਿਚ ਪਨਪ ਨਹੀਂ ਸਕਿਆ ਅਤੇ ਸਾਮੰਤਵਾਦ ਅਤੇ ਕੁਲੀਨਤੰਤਰ ਨੇ ਇਸ ਭੇਦ ਨੂੰ ਹੋਰ ਤਿੱਖਾ ਕਰ ਦਿੱਤਾ ਸੀ। ਇਸ ਤਰ੍ਹਾਂ ਅਸਮਾਨਤਾ ਨੂੰ ਕਾਨੂੰਨੀ ਰੂਪ ਨਾਲ ਅਪਣਾ ਲਿਆ ਗਿਆ ਅਤੇ ਕਈਆਂ ਨੂੰ ਜਨਮ ਦੇ ਆਧਾਰ ਤੇ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਜਨਮ ਦੇ ਆਧਾਰ ਤੇ ਸਮਾਨਤਾ ਦੇ ਵਿਚਾਰ ਨੂੰ ਆਧੁਨਿਕ ਸਮੇਂ ਵਿਚ ਪ੍ਰੋੜ੍ਹਤਾ ਮਿਲੀ।

**ਸਮਾਨਤਾ ਧਾਰਨਾ ਦਾ ਆਧੁਨਿਕ ਸਮੇਂ ਵਿਚ ਵਿਕਾਸ (Development of the concept of Equality in Modern Age)**

ਆਧੁਨਿਕ ਸਮੇਂ ਦੀ ਸ਼ੁਰੂਆਤ ਇਕ ਨਵੇਂ ਵਰਗ ਪੂੰਜੀਪਤੀ ਵਰਗ ਦੇ ਬਣਨ ਨਾਲ ਸ਼ੁਰੂ ਹੋਈ। ਸ਼ੁਰੂ ਵਿਚ ਇਹ ਵਰਗ ਮੱਧ ਵਰਗ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਇਸ ਨੇ ਕਾਨੂੰਨੀ, ਰਾਜਨੀਤਕ ਅਤੇ ਸਮਾਜਿਕ ਵਿਸ਼ੇਸ਼ ਅਧਿਕਾਰਾਂ ਦੇ ਸਾਮੰਤਵਾਦੀ ਵਿਵਸਥਾ ਨੂੰ ਜਨਮ ਦਿੱਤਾ ਜਿਸ ਵਿਚ ਕੁਲੀਨਤੰਤਰ ਨੇ ਸਾਮੰਤਵਾਦ ਦੇ ਬਹੁਤ ਹੀ ਕਟੜ੍ਹ ਰੂਪ ਨੂੰ ਉਜਾਗਰ ਕੀਤਾ। ਯੂਰਪ ਵਿਚ ਪੁਨਰ ਜਾਗਰਣ ਅਤੇ ਧਾਰਮਿਕ ਸੁਧਾਰ ਲਹਿਰ (Renaissance and Reformation) 1649 ਅਤੇ 1688 ਦੀ ਬ੍ਰਿਟਿਸ਼ ਕ੍ਰਾਂਤੀਆਂ, 1776 ਦੀ ਅਮਰੀਕਾ ਦੀ ਸੁਤੰਤਰਤਾ ਦੀ ਘੋਸ਼ਣਾ ਅਤੇ 1789 ਦੀ ਫਰਾਂਸੀਸੀ ਕ੍ਰਾਂਤੀ ਇਸ ਅੰਦੋਲਨ ਦੇ ਪ੍ਰਮੁੱਖ ਪੜਾਅ ਸਨ। 18ਵੀਂ ਸਦੀ ਦੀ ਚੇਤਨਾ ਅਤੇ ਤਰਕਵਾਦ ਨੇ ਇਸ ਅੰਦੋਲਨ ਨੂੰ ਅੱਗੇ ਵਧਣ ਲਈ ਪ੍ਰੇਰਣਾ ਦਿੱਤੀ। ਨਵੇਂ ਮੱਧ ਵਰਗ ਨੇ ਆਪਣੇ ਪੂਰਨ ਵਿਕਾਸ ਲਈ ਪੂੰਜੀਵਾਦੀ ਵਿਵਸਥਾ ਵਿਚ ਉੱਚ ਸ਼੍ਰੇਣੀ (nobility) ਦੇ ਖਾਸ ਸਥਾਨ ਨੂੰ ਆਪਣੇ ਅੰਦੋਲਨ ਵਿਚ ਇਕ ਰੋੜਾ ਸਮਝਿਆ ਅਤੇ ਮੱਧ ਵਰਗ ਨੇ ਉਸ ਦੇ ਮੁਕਾਬਲੇ ਵਿਚ ਹੀ ਸਮਾਜਿਕ ਅਤੇ ਰਾਜਨੀਤਿਕ ਸਮਾਨਤਾ ਪ੍ਰਾਪਤ ਕਰਨ ਦਾ ਯਤਨ ਕੀਤਾ। ਤਰਕ ਨਾਲ ਉਨ੍ਹਾਂ ਨੇ ਇਸ ਗੱਲ ਉਤੇ ਕਿੰਤੂ ਕਰਨਾ ਸ਼ੁਰੂ ਕੀਤਾ ਕਿ ਜਨਮ ਤੋਂ ਕਿਵੇਂ ਇਕ ਵਿਅਕਤੀ ਦੂਜੇ ਤੋਂ ਅਸਮਾਨ ਹੋ ਸਕਦਾ ਹੈ। ਉਨ੍ਹਾਂ ਨੇ ਇਸ ਗੱਲ ਦਾ ਤਰਕ ਦਿੱਤਾ ਕਿ ਵਿਸ਼ਵਾਸ ਅਤੇ ਵਿਵੇਕ ਇਹੀ ਦੱਸਦਾ ਹੈ ਕਿ ਮਨੁੱਖ ਜਨਮ ਤੋਂ ਹੀ ਇਕ ਬਰਾਬਰ ਹਨ। ਅਸਮਾਨਤਾ ਕਿਸੇ ਹੋਰ ਕਾਰਣ ਹੋ ਸਕਦੀ ਹੈ ਪਰ ਜਨਮ ਦੇ ਕਾਰਣ ਨਹੀਂ। ਆਧੁਨਿਕ ਯੁੱਗ ਵਿਚ ਸਮਾਨਤਾ ਦਾ ਮੁੱਢਲਾ ਦਾਅਵਾ ਉਸ ਸਮਾਨਤਾ ਨੂੰ ਪ੍ਰਾਪਤ ਕਰਨਾ ਸੀ ਜਿਹੜੀ ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਜਨਮ ਦੀ ਸਮਾਨਤਾ ਉਤੇ ਜ਼ੋਰ ਦਿੰਦੀ ਸੀ। ਇਸ ਤਰ੍ਹਾਂ ਉਸ ਅੰਦੋਲਨ ਦਾ ਸਰੂਪ ਕਾਨੂੰਨ ਸਾਹਮਣੇ ਅਤੇ ਸਮਾਜਿਕ ਸਰੂਪ ਨਾਲ ਸਮਾਨਤਾ ਪ੍ਰਾਪਤ ਕਰਨਾ ਸੀ। ਅਮਰੀਕਨ

ਅਤੇ ਫਰਾਂਸੀਸੀ ਕ੍ਰਾਂਤੀਆਂ ਦਾ ਮੁੱਖ ਮੰਤਵ, ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਨੂੰ ਪ੍ਰਾਪਤ ਕਰਨਾ ਸੀ। ਪਰ ਇਸ ਵਿਚ ਹੋਰ ਸਭ ਅਸਮਾਨਤਾਵਾਂ ਦਾ ਆਧਾਰ ਆਰਥਿਕ ਅਸਮਾਨਤਾ ਸੀ ਅਤੇ ਇਹ ਨਿੱਜੀ ਸੰਪਤੀ ਤੋਂ ਉਠਦੀ ਸੀ। ਇਸ ਨੂੰ ਇਸ ਲਈ ਨਹੀਂ ਉਭਾਰਿਆ ਗਿਆ ਕਿਉਂਕਿ ਇਸ ਨੂੰ ਉੱਚ ਸ਼੍ਰੇਣੀ (nobility) ਦੀ ਤਾਕਤ ਪ੍ਰਾਪਤ ਸੀ। ਇਸ ਲਈ ਉਨ੍ਹਾਂ ਦਾ ਮੁੱਖ ਮੁਦਾ ਕਾਨੂੰਨੀ ਅਧਿਕਾਰਾਂ ਵਿਚ ਸਮਾਨਤਾ ਲਿਆਉਣਾ ਸੀ।

ਸਮਾਜਿਕ, ਆਰਥਿਕ ਸਮਾਨਤਾ ਦੀ ਮੰਗ ਇਕ ਵੱਡੇ ਪੈਮਾਨੇ ਤੇ ਉਦੋਂ ਕੀਤੀ ਗਈ ਜਦੋਂ 19ਵੀਂ ਸਦੀ ਵਿਚ 'ਕਾਮਿਆਂ ਦਾ ਵਰਗ' ਉਤਪਾਦਨ ਤੇ ਤਰੀਕਿਆਂ ਵਿਚ ਰੁਝਿਆ ਹੋਇਆ ਸੀ ਜਿਸ ਦਾ ਵਾਧੂ ਮੁਲ ਮਾਲਕਾਂ ਕੋਲ ਚਲਾ ਜਾਂਦਾ ਸੀ ਜਿਸ ਨਾਲ ਆਰਥਿਕ ਅਸਮਾਨਤਾ ਬਹੁਤ ਜ਼ਿਆਦਾ ਗਹਿਰੀ ਹੋ ਗਈ ਸੀ। 18ਵੀਂ ਸਦੀ ਦਾ ਇਹ ਨਾਅਰਾ, ਜਿਹੜਾ ਉਦਾਰਵਾਦੀਆਂ ਦੁਆਰਾ ਲਗਾਇਆ ਗਿਆ ਸੀ ਕਿ ਕਾਨੂੰਨੀ ਅਤੇ ਰਾਜਨੀਤਿਕ ਸਮਾਨਤਾ ਸਮਾਜਿਕ ਅਤੇ ਆਰਥਿਕ ਸਮਾਨਤਾ ਵੀ ਲਿਆਏਗੀ ਇਹ ਭਰਮ ਸਿੱਧ ਹੋਇਆ। ਕਾਮਿਆਂ ਦੀ ਦੁਰਦਸ਼ਾ ਨੇ ਇਸ ਗੱਲ ਨੂੰ ਪੂਰਨ ਰੂਪ ਨਾਲ ਸਪਸ਼ਟ ਕਰ ਦਿੱਤਾ ਹੈ। ਇਸ ਦੇ ਫਲਸਰੂਪ ਮਾਨਵਤਾਵਾਦੀ ਯੂਰਪੀਅਨ (humanitarian) ਸਮਾਜਵਾਦੀਆਂ ਨੇ ਆਰਥਿਕ ਅਸਮਾਨਤਾ ਦੀ ਮੰਗ ਨੂੰ ਚੁਕਿਆ। ਮਾਰਕਸਵਾਦੀਆਂ ਨੇ ਨਿੱਜੀ ਸੰਪਤੀ ਨੂੰ ਖ਼ਤਮ ਕਰਨ ਦੀ ਅਪੀਲ ਕੀਤੀ ਕਿਉਂਕਿ ਨਿੱਜੀ ਸੰਪਤੀ ਹੀ ਸਾਰੀ ਅਸਮਾਨਤਾ ਦੀ ਜੜ੍ਹ ਸੀ।

ਜਦੋਂ ਆਰਥਿਕ ਸਮਾਨਤਾ ਦੀ ਮੰਗ ਕੀਤੀ ਜਾ ਰਹੀ ਸੀ ਤਾਂ ਨਾਲ ਹੀ ਇਕ ਹੋਰ ਅੰਦੋਲਨ ਵੀ ਚਲ ਰਿਹਾ ਸੀ ਜਿਸ ਅਨੁਸਾਰ ਰਾਜਨੀਤਕ ਅਸਮਾਨਤਾ ਨੂੰ ਵੀ ਪੂਰੀ ਤਰ੍ਹਾਂ ਖਤਮ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਇਸ ਦੇ ਨਤੀਜੇ ਵਜੋਂ ਬ੍ਰਿਟੇਨ ਵਿਚ 1882, 1884 ਆਦਿ ਦੇ ਸੰਸਦੀ ਕਾਨੂੰਨਾਂ ਰਾਹੀਂ ਵੋਟ ਦੇਣ ਦਾ ਅਧਿਕਾਰ ਵੱਧ ਤੋਂ ਵੱਧ ਵਿਅਕਤੀਆਂ ਨੂੰ ਦੇਣ ਦਾ ਨਿਰਣਾ ਕੀਤਾ ਗਿਆ, ਪਰ ਔਰਤਾਂ ਨੂੰ ਹਾਲੇ ਵੀ ਇਸ ਤੋਂ ਵਾਂਝਾ ਰੱਖਿਆ ਗਿਆ। ਅਮਰੀਕਾ ਦੀ ਸਿਵਲ ਲੜਾਈ (Civil War) 1861-64 ਤੋਂ ਬਾਅਦ ਗੁਲਾਮੀ (slavery) ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਦੇਣ ਨਾਲ ਰਾਜਨੀਤਿਕ ਖੇਤਰ ਵਿਚ ਉਹਨਾਂ ਦਾ ਰੋਲ ਵੱਧ ਗਿਆ।

20ਵੀਂ ਸਦੀ ਵਿਚ ਅਫ਼ਰੀਕਾ, ਏਸ਼ੀਆ ਵਿਚ ਸਾਮਰਾਜ ਵਿਰੁੱਧ ਅੰਦੋਲਨਾਂ ਨੇ ਮਨੁੱਖ ਦੁਆਰਾ ਮਨੁੱਖ ਉਤੇ ਅਤੇ ਰਾਜਨੀਤਿਕ ਤੌਰ ਤੇ ਪਰਜਾ ਅਤੇ ਮਾਲਕਾਂ ਦੇ ਸੰਬੰਧਾਂ ਉਤੇ ਜ਼ੋਰ ਦਿੱਤਾ ਅਤੇ ਰਾਜਨੀਤਿਕ ਸਮਾਨਤਾ ਦੀ ਵਿਚਾਰਧਾਰਾ ਪ੍ਰਚਲਿਤ ਹੋਈ। ਇਸ ਦੌਰਾਨ ਅਸਮਾਨਤਾ ਰੰਗ ਦੇ ਆਧਾਰ ਉਤੇ ਵੀ ਹੋ ਰਹੀ ਸੀ। ਇਸ ਨੇ ਅਫ਼ਰੀਕਾ ਦੇ ਕਾਲੇ ਲੋਕਾਂ ਨੂੰ ਗੋਰਿਆਂ ਦੇ ਬਰਾਬਰ ਸਮਾਨਤਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਰੰਗ-ਭੇਦ ਵਿਰੁੱਧ ਸੰਘਰਸ਼ ਨੇ ਦੱਖਣੀ ਅਫ਼ਰੀਕਾ ਦੀ ਸਰਕਾਰ ਨੂੰ ਰੰਗ ਭੇਦ ਦੀ ਨੀਤੀ ਛੱਡਣ ਲਈ ਮਜ਼ਬੂਰ ਕੀਤਾ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਨਤਾ ਦੇ ਸਿਧਾਂਤ ਦੇ ਵਿਕਾਸ ਲਈ ਸੰਘਰਸ਼ ਲਗਾਤਾਰ 17ਵੀਂ ਸਦੀ ਤੋਂ ਚਲਦਾ ਆ ਰਿਹਾ ਹੈ। ਸਮਾਜਿਕ, ਨਿਆਇਕ, ਆਰਥਿਕ ਅਤੇ ਰਾਜਨੀਤਿਕ ਸਮਾਨਤਾ ਲਈ ਇਹ ਵਿਸ਼ਵ ਵਿਆਪੀ ਸੰਘਰਸ਼ ਤਿੰਨ ਸਦੀਆਂ ਤੱਕ ਚਲਦਾ ਰਿਹਾ। ਸਮਾਨਤਾ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ ਅਤੇ ਇਸ ਨੂੰ ਖੋਹਣਾ ਵਿਤਕਰਾ ਕਰਨਾ ਹੋਵੇਗਾ, ਵਿਅਕਤੀਆਂ ਨੂੰ ਇਸ ਵਿਤਕਰੇ ਦੇ ਖਿਲਾਫ ਸੰਵਿਧਾਨਿਕ ਅਤੇ ਕਾਨੂੰਨੀ ਸੁਰੱਖਿਆ ਮਿਲੀ ਹੋਈ ਹੈ।

### 2.2.4 ਸਮਾਨਤਾ ਦਾ ਅਰਥ (Meaning of Equality)

ਸ਼ਾਬਦਿਕ ਅਰਥਾਂ ਵਿਚ ਸਮਾਨਤਾ ਦਾ ਅਰਥ ਹੈ 'ਇਕੋ ਜਿਹੇ' ਜਾਂ 'ਇਕੋ ਸਮਾਨ', ਪਰ ਸਮਾਜਿਕ ਅਰਥਾਂ ਵਿਚ ਇਸ ਦਾ ਬਹੁਤ ਵਿਸ਼ਾਲ ਪੱਖ ਹੈ। ਇਸ ਸਮਾਨਤਾ ਦਾ ਠੀਕ ਠੀਕ ਅਰਥ ਸਮਝਣਾ ਮੁਸ਼ਕਲ ਹੈ। ਲਾਸਕੀ ਦੇ ਸ਼ਬਦਾਂ ਵਿਚ 'ਸਮਾਨਤਾ' ਨੂੰ ਛੱਡ ਕੇ ਰਾਜਨੀਤੀ ਸ਼ਾਸਤਰ ਵਿਚ ਅਜਿਹਾ ਕੋਈ ਸ਼ਬਦ ਨਹੀਂ ਹੈ ਜਿਸ ਨੂੰ ਠੀਕ ਤਰ੍ਹਾਂ ਨਾਲ ਸਮਝਣਾ ਏਨਾਂ ਮੁਸ਼ਕਲ ਹੋਵੇ। ਇਸ ਤਰ੍ਹਾਂ ਆਰ. ਐਚ. ਟਾਨੀ (R.H. Tawney) ਦੇ ਵਿਚਾਰ ਅਨੁਸਾਰ ਸਮਾਨਤਾ ਸ਼ਬਦ ਦੇ ਇਕ ਨਾਲੋਂ ਵੱਧ ਅਰਥ ਹਨ। ਸਮਾਨਤਾ ਦਾ ਇਕ ਅਰਥ ਹੈ ਕਿ ਕਿਸੇ ਤਰ੍ਹਾਂ ਦੀਆਂ ਅਸਮਾਨਤਾਵਾਂ ਦਾ ਨਾ ਹੋਣਾ। ਪਰੰਤੂ ਕੁਝ ਅਸਮਾਨਤਾਵਾਂ ਕੁਦਰਤੀ ਹੁੰਦੀਆਂ ਹਨ। ਉਦਾਹਰਣ ਦੇ ਤੌਰ ਤੇ, ਕਈ ਦੂਸਰਿਆਂ ਨਾਲੋਂ ਜ਼ਿਆਦਾ ਮਿਹਨਤ ਪਸੰਦ ਹੁੰਦੇ ਹਨ, ਕੁਝ ਸਰੀਰਕ ਤੌਰ ਤੇ ਤਾਕਤਵਰ ਹੁੰਦੇ ਹਨ ਅਤੇ ਕਈ ਸੁੰਦਰ ਅਤੇ ਖੂਬਸੂਰਤ ਹੁੰਦੇ ਹਨ। ਇਹ ਕੁਦਰਤੀ ਅਸਮਾਨਤਾਵਾਂ ਹੁੰਦੀਆਂ ਹਨ ਜਿਹੜੀਆਂ ਘੱਟ ਤਾਂ ਕੀਤੀਆਂ ਜਾ ਸਕਦੀਆਂ ਹਨ, ਪੂਰਨ ਰੂਪ ਨਾਲ ਖਤਮ ਨਹੀਂ ਹੋ ਸਕਦੀਆਂ। ਏਥੇ ਜਿਸ ਚੀਜ਼ ਨਾਲ ਸਾਡਾ ਸੰਬੰਧ ਹੈ,

ਉਹ ਹੈ ਅਜਿਹੀਆਂ ਅਸਮਾਨਤਾਵਾਂ ਜਿਨ੍ਹਾਂ ਨੂੰ ਸਮਾਜ ਪੈਦਾ ਕਰਦਾ ਹੈ। ਇਹ ਅਸਮਾਨਤਾਵਾਂ ਆਰਥਿਕ ਹੋ ਸਕਦੀਆਂ ਹਨ, ਗ਼ਰੀਬ ਅਤੇ ਅਮੀਰ ਵਿਚ, ਪੂੰਜੀਪਤੀ ਅਤੇ ਕਾਮਿਆਂ ਵਿਚਕਾਰ ਜਾਂ ਉਹ ਅਸਮਾਨਤਾਵਾਂ ਜਿਹੜੀਆਂ ਜਾਤੀ, ਧਰਮ, ਰੰਗ, ਜਨਮ ਸਥਾਨ ਆਦਿ ਕਾਰਣ ਪੈਦਾ ਹੁੰਦੀਆਂ ਹਨ ਅਤੇ ਜਿਨ੍ਹਾਂ ਨੂੰ ਰਾਜ ਦੁਆਰਾ ਸਮਰਥਨ ਦੇ ਕੇ ਵਧਾਇਆ ਜਾਂਦਾ ਹੈ। ਰਾਜ ਆਪਣੀਆਂ ਚੰਗੀਆਂ ਯੋਜਨਾਵਾਂ ਅਤੇ ਸੁਘੜ ਤਰੀਕਿਆਂ ਨਾਲ ਇਨ੍ਹਾਂ ਅਸਮਾਨਤਾਵਾਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

ਕਾਰਲ ਮਾਰਕਸ ਅਨੁਸਾਰ, ਅਸਮਾਨਤਾ ਨੂੰ ਸਭ ਤੋਂ ਵੱਧ ਵਧਾਉਣ ਵਾਲੀ ਚੀਜ਼ ਹੈ ਸੰਪਤੀ ਅਤੇ ਜਦੋਂ ਸੰਪਤੀ ਵਿਚ ਅਸਮਾਨਤਾ ਆਉਂਦੀ ਹੈ ਤਾਂ ਉਹ ਦੂਜੀਆਂ ਕੁਦਰਤੀ ਅਸਮਾਨਤਾਵਾਂ ਤੇ ਵੀ ਹਾਵੀ ਹੋ ਜਾਂਦੀ ਹੈ। ਸਾਡੇ ਸਮਾਜ ਵਿਚ ਧਨਵਾਨ ਬੇਵਕੂਫ ਵੀ ਗਰੀਬ ਅਕਲਮੰਦ ਆਦਮੀ ਤੋਂ ਜ਼ਿਆਦਾ ਆਦਰਯੋਗ ਹੁੰਦਾ ਹੈ। ਇਕ ਬਦਸੂਰਤ ਆਦਮੀ ਵੀ ਆਪਣੀ ਅਸਮਾਨਤਾ ਨੂੰ ਪੈਸੇ ਨਾਲ ਢੱਕ ਸਕਦਾ ਹੈ। ਮਾਰਕਸ ਅਨੁਸਾਰ 'ਜੋ ਮੈਂ ਹਾਂ ਜਾਂ ਜੋ ਮੈਂ ਕਰ ਸਕਦਾ ਹਾਂ' ਇਹ ਮੇਰੀ ਆਪਣੀ ਸ਼ਖ਼ਸੀਅਤ ਉਤੇ ਨਿਰਭਰ ਨਹੀਂ ਹੈ। ਮੈਂ ਬਦਸੂਰਤ ਹਾਂ ਪਰ ਮੈਂ ਵੀ ਆਪਣੇ ਲਈ ਸਭ ਤੋਂ ਖ਼ੂਬਸੂਰਤ ਔਰਤ ਖਰੀਦ ਸਕਦਾ ਹਾਂ। ਇਸ ਲਈ ਮੈਂ ਬਦਸੂਰਤ ਨਹੀਂ। ਕਿਉਂਕਿ ਮੇਰੀ ਬਦਸੂਰਤੀ ਪੈਸੇ ਨਾਲ ਢੱਕੀ ਜਾਂਦੀ ਹੈ। ਮੈਂ ਜੇ ਸਰੀਰਕ ਤੌਰ ਤੇ ਲੰਗੜਾ ਹਾਂ ਪਰ ਮੈਂ ਪੈਸੇ ਨਾਲ ਪੈਰ ਖਰੀਦ ਸਕਦਾ ਹਾਂ, ਇਸ ਲਈ ਮੈਂ ਲੰਗੜਾ ਨਹੀਂ ਹਾਂ।

ਇਸ ਦਾ ਭਾਵ ਹੈ ਕਿ ਸਮਾਨਤਾ ਦੇ ਵੱਖ-ਵੱਖ ਪਹਿਲੂ ਹੁੰਦੇ ਹਨ ਅਤੇ ਇਸ ਲਈ ਇਕੋ ਜਿਹਾ ਵਿਹਾਰ ਨਹੀਂ ਹੁੰਦਾ ਹੈ। ਇਸ ਦਾ ਅਰਥ ਹੈ ਅਨੁਪਾਤਕ ਸਮਾਨਤਾ ਸਮਾਨ ਲੋਕਾਂ ਵਿਚਕਾਰ ਅਤੇ ਅਸਾਮਨਤਾ ਅਸਮਾਨ ਲੋਕਾਂ ਵਿਚਕਾਰ। ਪਰ ਸਮਾਨ ਅਤੇ ਅਸਮਾਨ ਲੋਕਾਂ ਵਿਚਕਾਰ ਸੰਬੰਧ ਤਾਰਕਿਕ ਅਤੇ ਨਿਆਇਕ ਹੋਣਾ ਚਾਹੀਦਾ ਹੈ। ਅਸਮਾਨਤਾ ਹੋਰ ਵੱਧ ਸਕਦੀ ਹੈ ਜੇਕਰ ਕੁਝ ਅਸਮਾਨ ਵਿਅਕਤੀਆਂ ਨੂੰ ਸਮਾਨਤਾ ਦੇ ਤੌਰ ਤੇ ਲਿਆ ਜਾਂਦਾ ਹੈ ਅਤੇ ਸਮਾਨ ਵਿਅਕਤੀਆਂ ਨੂੰ ਅਸਮਾਨਤਾ ਦੇ ਤੌਰ ਤੇ। ਇਨ੍ਹਾਂ ਨੂੰ ਸਮਝਣ ਦਾ ਨਜ਼ਰੀਆ ਤਰਕਸੰਗਤ ਅਤੇ ਨਿਆਂਪੂਰਣ ਹੋਣਾ ਚਾਹੀਦਾ ਹੈ। ਸਮਾਨਤਾ ਦੀ ਇਹ ਵਿਸ਼ੇਸ਼ਤਾ ਵੱਖ-ਵੱਖ ਵਿਅਕਤੀਆਂ ਲਈ ਵੱਖ-ਵੱਖ ਪੱਧਰ ਤੇ ਹੁੰਦੀ ਹੈ। ਸਮਾਜਿਕ ਪਰਿਪੇਖ ਵਿਚ ਇਸ ਦਾ ਅਰਥ ਹੈ ਕਿ ਸਮਾਜਿਕ ਢਾਂਚਾ ਹੋਵੇ ਜਿਸ ਵਿਚ ਸਭ ਵਿਅਕਤੀਆਂ ਪ੍ਰਤੀ ਬਿਨਾਂ ਕਿਸੇ ਭੇਦ ਭਾਵ ਤੋਂ ਸਮਾਨ ਵਿਵਹਾਰ ਹੋਵੇ ਅਤੇ ਸਭ ਨੂੰ ਸਮਾਨ ਅਵਸਰ ਮਿਲਣ। ਹੋ ਸਕਦਾ ਹੈ ਕਿ ਫਿਰ ਵੀ ਸਭ ਵਿਅਕਤੀ ਇਨ੍ਹਾਂ ਅਵਸਰਾਂ ਤੋਂ ਬਰਾਬਰ ਲਾਭ ਨਾ ਉਠਾ ਸਕਣ। ਜਿਵੇਂ ਕਿ ਕੁਝ ਅਮੀਰ ਲੋਕ ਇਹਨਾਂ ਅਵਸਰਾਂ ਤੋਂ ਗਰੀਬ ਲੋਕਾਂ ਨਾਲੋਂ ਵਧੇਰੇ ਲਾਭ ਉਠਾ ਸਕਦੇ ਸਨ। ਅਸਮਾਨ ਲੋਕਾਂ ਵਾਲੇ ਵਰਗ ਸਮਾਜ ਵਿਚ ਹੋ ਸਕਦਾ ਹੈ ਕਿ ਸਮਾਨ ਵਿਵਹਾਰ ਹੋਰ ਵਧੇਰੇ ਅਸਮਾਨਤਾ ਨੂੰ ਜਨਮ ਦੇ ਦੇਵੇ। ਇਸ ਤਰ੍ਹਾਂ ਸਪਸ਼ਟ ਹੈ ਕਿ ਨਿੱਜੀ ਸੰਪਤੀ ਅਤੇ ਸਮਾਨਤਾ ਨਾਲ ਨਹੀਂ ਨਿਭਾ ਸਕਦੇ।

ਸਮਾਜਿਕ ਪਰਿਪੇਖ ਵਿਚ ਇਸ ਦਾ ਅਰਥ ਸਮਾਜਿਕ ਢਾਂਚੇ ਵਿਚ ਅਜਿਹਾ ਵਿਤਕਰਾ ਨਹੀਂ ਹੋਣਾ ਚਾਹੀਦਾ ਜਿਸ ਵਿਚ ਵੱਖ-ਵੱਖ ਵਿਅਕਤੀਆਂ ਨਾਲ ਵੱਖ-ਵੱਖ ਵਿਵਹਾਰ ਹੋਵੇ ਕਿ ਇਹ ਮੌਕਾ ਸਭ ਨੂੰ ਸਮਾਨ ਰੂਪ ਨਾਲ ਮਦਦ ਨਾ ਦੇਣ ਭਾਵ ਆਰਥਿਕ ਰੂਪ ਨਾਲ ਸੰਪਨ ਵਿਅਕਤੀ ਮੌਕਿਆਂ ਦਾ ਇਸਤੇਮਾਲ ਜ਼ਿਆਦਾ ਚੰਗੀ ਤਰ੍ਹਾਂ ਨਾਲ ਕਰ ਸਕਦੇ ਹਨ ਉਨ੍ਹਾਂ ਦੇ ਮੁਕਾਬਲੇ ਜਿਹੜੇ ਗਰੀਬ ਹਨ। ਇਕ ਵਰਗ ਸਮਾਜ ਵਿਚ ਅਸਮਾਨ ਵਿਅਕਤੀ ਜਦੋਂ ਸਮਾਨਤਾ ਨਾਲ ਵਿਵਹਾਰ ਕਰਦੇ ਹਨ ਤਾਂ ਇਹ ਅਸਮਾਨਤਾ ਨੂੰ ਬੜ੍ਹਾਵਾ ਦਿੰਦਾ ਹੈ। ਇਸ ਲਈ ਨਿੱਜੀ ਸੰਪਤੀ ਅਤੇ ਸਮਾਨਤਾ ਇਕੱਠੇ ਨਹੀਂ ਚਲ ਸਕਦੇ। ਹੇਠ ਲਿਖੇ ਤੱਤ ਸਮਾਨਤਾ ਦੇ ਸਾਕਾਰਾਤਮਕ ਰੂਪ ਨੂੰ ਪ੍ਰਗਟ ਕਰਦੇ ਹਨ।

1. ਸਮਾਜ ਵਿਚ ਵਿਸ਼ੇਸ਼ ਅਧਿਕਾਰਾਂ ਦਾ ਖਾਤਮਾ
2. ਸਭ ਨੂੰ ਵਿਅਕਤੀਤਵ ਦੇ ਵਿਕਾਸ ਲਈ ਸਮਾਨ ਅਵਸਰ
3. ਸਭ ਨੂੰ ਕਿਸੇ ਕਿਸਮ ਦਾ ਵਿਤਕਰਾ ਕੀਤੇ ਬਗ਼ੈਰ, ਸਮਾਨ ਮੌਕੇ
4. ਆਰਥਿਕ ਅਤੇ ਸਮਾਜਿਕ ਸ਼ੋਸ਼ਣ ਦਾ ਖਾਤਮਾ।

ਉਪਰ ਦਿੱਤੇ ਗਏ ਤੱਤ ਸਮਾਨਤਾ ਦਾ ਸਾਕਾਰਾਤਮਕ ਰੂਪ ਪੇਸ਼ ਕਰਦੇ ਹਨ ਜਿਹੜੇ ਕਿ ਉਸ ਸਮਾਜ ਵਿਚ ਅਰਥ ਪੂਰਣ ਹੋ ਸਕਦੇ ਹਨ ਜਿਥੇ ਸਮਾਜ ਸਮਾਨਤਾ ਤੇ ਆਧਾਰਿਤ (equalitarian) ਹੈ ਪਰ ਅਜਿਹੇ ਸਮਾਜ ਵਿਚ ਵੀ ਪੂਰਨ ਸਮਾਨਤਾ ਨਹੀਂ ਹੋ ਸਕਦੀ। ਇਸ ਦਾ ਅਰਥ ਕੇਵਲ ਸਮਾਨਤਾ ਪੂਰਣ ਵਿਵਹਾਰ ਹੈ। ਭਾਵ ਅਧਿਕਾਰਾਂ ਅਤੇ ਕਰਤਵਾਂ ਦੀ ਸਮਾਨਤਾ, ਕਾਨੂੰਨ ਅੱਗੇ ਸਮਾਨਤਾ ਅਤੇ ਕਾਨੂੰਨ ਵਲੋਂ ਸੁਰੱਖਿਆ ਸਮਾਜਿਕ

ਅਤੇ ਆਰਥਿਕ ਸ਼ੋਸ਼ਣ ਦਾ ਖਾਤਮਾ, ਜਿਸ ਦੁਆਰਾ ਨਿੱਜੀ ਸੰਪਤੀ ਖ਼ਤਮ ਹੋਵੇ, ਇਹ ਮੁੱਢਲੀਆਂ ਲੋੜਾਂ ਹਨ ਜਿਸ ਨਾਲ ਸਮਾਜ ਵਿਚ ਕਿਸੇ ਕਿਸਮ ਦੀ ਸਮਾਨਤਾ ਲਿਆਈ ਜਾ ਸਕੇ।

### 2.2.5. ਸਮਾਨਤਾ ਦੇ ਵੱਖ-ਵੱਖ ਰੂਪ (Various Dimensions of Equality)

ਵੱਖ-ਵੱਖ ਤਰ੍ਹਾਂ ਦੀਆਂ ਸਮਾਨਤਾਵਾਂ ਹਨ : ਕਾਨੂੰਨੀ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ।

### 2.2.5.1. ਕਾਨੂੰਨੀ ਸਮਾਨਤਾ (Legal Equality)

ਕਾਨੂੰਨੀ ਵਿਸ਼ੇਸ਼ ਅਧਿਕਾਰਾਂ ਦੀ ਮੰਗ ਜਿਹੜੀ 18ਵੀਂ ਸਦੀ ਵਿਚ ਚੁੱਕੀ ਗਈ ਉਹ ਕੁਲੀਨ ਵਰਗ (nobility) ਸਾਮੰਤ ਅਤੇ ਜਿਮੀਂਦਾਰਾਂ ਦੇ ਵਿਰੁੱਧ ਸੀ। ਉਹ ਇਸ ਵਰਗ ਦੀ ਵਿਸ਼ੇਸ਼ ਕਾਨੂੰਨੀ ਅਤੇ ਸਮਾਜਿਕ ਸਥਿਤੀ ਦੇ ਵਿਰੁੱਧ ਸੀ। ਕਾਨੂੰਨੀ ਸਮਾਨਤਾ ਦੀ ਇਸ ਮੰਗ ਅਧੀਨ ਹੀ ਇਹ ਮੰਗ ਕੀਤੀ ਗਈ ਕਿ ਕਾਨੂੰਨ ਦੇ ਸਾਹਮਣੇ ਸਭ ਨੂੰ ਬਰਾਬਰ ਸਮਝਿਆ ਜਾਵੇ। ਕਿਸੇ ਨਾਲ ਗਰੀਬੀ ਅਮੀਰੀ, ਜਨਮ, ਲਿੰਗ, ਨਸਲ ਜਾਂ ਰੰਗ ਦੇ ਆਧਾਰ ਤੇ ਕੋਈ ਵੀ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

ਸਮਾਨਤਾ ਦੀ ਇਸ ਧਾਰਨਾ ਨੇ ਮੌਲਿਕ ਅਤੇ ਤਰਕਸੰਗਤ ਅਸੂਲਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਿਵੇਂ ਬੱਚੇ ਅਤੇ ਵੱਡੇ ਵਿਚ, ਇਸਤਰੀ ਅਤੇ ਮਰਦ ਵਿਚ ਜਾਂ ਬੁੱਢੇ ਅਤੇ ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਵਿਚ ਫਰਕ ਨੂੰ ਧਿਆਨ ਵਿਚ ਰਖਿਆ ਕਿਉਂਕਿ ਇਹ ਅਸਮਾਨਤਾਵਾਂ ਕੁਝ ਹੱਦ ਤਕ ਤਰਕ ਸੰਗਤ ਹਨ। ਭਾਵ ਉਹਨਾਂ ਨੂੰ ਇਸ ਤਰ੍ਹਾਂ ਕਮਜ਼ੋਰ ਵਰਗਾਂ ਜਾਂ ਪਛੜੀਆਂ ਜਾਤੀਆਂ ਅਤੇ ਅਪੰਗ ਵਿਅਕਤੀਆਂ ਨੂੰ ਖਾਸ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਇਹਨਾਂ ਵਲ ਵਿਤਕਰਾ ਕਰਨ ਨਾਲ ਸਮਾਜ ਵਿਚ ਸਮਾਨਤਾ ਲਿਆਈ ਜਾ ਸਕਦੀ ਹੈ।

ਕਾਨੂੰਨੀ ਸਮਾਨਤਾ ਤੋਂ ਕੇਵਲ ਇਹ ਭਾਵ ਨਹੀਂ ਕਿ ਕਾਨੂੰਨ ਤੋਂ ਕੁਝ ਅਧਿਕਾਰਾਂ ਦੀ ਮੰਗ ਕੀਤੀ ਜਾਵੇ ਜਿਸ ਨਾਲ ਸਮਾਨਤਾ ਨੂੰ ਸੁਰੱਖਿਅਤ ਕੀਤਾ ਜਾਵੇ ਸਗੋਂ ਇਹ ਵੀ ਹੈ ਕਿ ਸਭ ਨੂੰ ਇਕੋ ਜਿਹੇ ਮੌਕੇ ਮਿਲਣ ਜਿਸ ਨਾਲ ਉਹ ਨਿਆਂ ਅਤੇ ਨਿਆਂ ਕੋਲੋਂ ਸੁਰੱਖਿਆ ਪ੍ਰਾਪਤ ਕਰ ਸਕਣ। ਕਾਨੂੰਨੀ ਸੁਰੱਖਿਆ ਦੀ ਅਣਹੋਂਦ ਵਿਚ ਕਾਨੂੰਨੀ ਸਮਾਨਤਾ ਬੇਅਰਥ ਹੋ ਜਾਵੇਗੀ। ਜੇਕਰ ਸਮਾਜ ਅਜਿਹਾ ਹੈ ਜਿਸ ਵਿਚ ਅਮੀਰਾਂ ਕੋਲ ਸਾਧਨ ਅਤੇ ਕਾਨੂੰਨ ਤੋਂ ਸੁਰੱਖਿਆ ਲੈਣ ਲਈ ਪਹੁੰਚ ਹੈ ਅਤੇ ਗਰੀਬਾਂ ਕੋਲ ਨਹੀਂ ਹੈ ਤਾਂ ਅਜਿਹਾ ਸਮਾਜ ਨਾ ਕੇਵਲ ਅਸਮਾਨ ਹੋਵੇਗਾ ਬਲਕਿ ਅਸਮਾਨਤਾ ਨੂੰ ਵਧਾਏਗਾ ਵੀ।

### 2.2.5.2. ਰਾਜਨੀਤਿਕ ਸਮਾਨਤਾ (Political Equality)

ਜਦੋਂ ਦਾ ਸੰਗਠਿਤ ਸਮਾਜ ਦਾ ਜਨਮ ਹੋਇਆ ਹੈ ਲੋਕ ਇਸ ਸਮਾਜ ਵਿਚ ਕਿਸੇ ਨਾ ਕਿਸੇ ਰੂਪ ਵਿਚ ਰਾਜਨੀਤਿਕ ਅਸਮਾਨਤਾ ਵਿਚ ਰਹੇ ਹਨ। ਯੂਨਾਨੀ ਸਮੇਂ ਵਿਚ ਰਾਜਨੀਤਿਕ ਅਸਮਾਨਤਾ ਗਿਆਨ ਤੇ ਆਧਾਰਿਤ ਹੁੰਦੀ ਸੀ। ਸਭ ਤੋਂ ਵੱਧ ਗਿਆਨਵਾਨ ਵਿਅਕਤੀ ਸਭ ਤੋਂ ਜ਼ਿਆਦਾ ਰਾਜਨੀਤਿਕ ਸੁਤੰਤਰਤਾ ਮਾਣਦਾ ਸੀ। ਮੱਧ ਕਾਲ ਵਿਚ ਇਸ ਸੰਸਾਰ ਅਤੇ ਅਧਿਆਤਮਕ ਸੰਸਾਰ ਵਿਚਕਾਰ ਸੰਬੰਧ ਰਾਜਨੀਤਿਕ ਸੁਤੰਤਰਤਾ ਦਾ ਫੈਸਲਾ ਕਰਦਾ ਸੀ। ਇਸ ਵਰਗ ਵਿਚ ਰਾਜਾ, ਕੁਲੀਨ ਵਰਗ ਅਤੇ ਉਹ ਵਿਅਕਤੀ ਜਿਹਨਾਂ ਕੋਲ ਪੈਸੇ ਦੀ ਤਾਕਤ ਸੀ, ਆਉਂਦੇ ਸਨ। ਨਸਲ ਅਤੇ ਰੰਗ ਦੇ ਆਧਾਰ ਤੇ ਵੀ ਰਾਜਨੀਤਿਕ ਸੁਤੰਤਰਤਾ ਨਿਰਧਾਰਿਤ ਹੁੰਦੀ ਸੀ ਜਿਵੇਂ ਦੱਖਣੀ ਅਫਰੀਕਾ ਵਿਚ, ਹਿਟਲਰ ਦੀ ਜਰਮਨੀ ਵਿਚ ਅਤੇ ਮੁਸੋਲੋਨੀ ਦੀ ਇਟਲੀ ਵਿਚ ਵੋਟ ਦੇਣ ਦਾ ਅਧਿਕਾਰ, ਚੋਣ ਲੜਨ ਦਾ ਅਧਿਕਾਰ ਅਤੇ ਜਨਤਕ ਪਦਵੀਆਂ ਉਤੇ ਅਧਿਕਾਰ ਆਦਿ ਬਾਰੇ ਸਮਾਨਤਾ ਕੇਵਲ 20ਵੀਂ ਸਦੀ ਵਿਚ ਹੀ ਪ੍ਰਾਪਤ ਕੀਤੀ ਜਾ ਸਕੀ ਹੈ। 18ਵੀਂ ਸਦੀ ਦੇ ਅੰਤ ਵਿਚ ਇਸ ਰਾਜਨੀਤਿਕ ਸਮਾਨਤਾ ਦੀ ਮੰਗ ਨੂੰ ਮੁਖਰਿਤ ਕੀਤਾ ਗਿਆ ਸੀ ਪਰ ਇਹ 20ਵੀਂ ਸਦੀ ਵਿਚ ਹੀ ਪੂਰੀ ਹੋਈ।

ਬਹੁਤ ਸਾਰੇ ਮੰਨੇ ਪ੍ਰਮੰਨੇ ਲੋਕਤੰਤਰੀ ਰਾਜਾਂ ਵਿਚ, ਜਿਵੇਂ ਅਮਰੀਕਾ ਅਤੇ ਇੰਗਲੈਂਡ ਵਿਚ, ਵੀ ਰਾਜਨੀਤਿਕ ਸਹੂਲਤਾਂ ਕੁਝ ਸ਼ਰਤਾਂ ਉਤੇ ਆਧਾਰਿਤ ਸਨ ਜਿਵੇਂ ਕਿ ਸੰਪਤੀ ਅਤੇ ਧਰਮ 19ਵੀਂ ਸਦੀ ਦੇ ਅੰਤ ਵਿਚ ਹੀ, ਖਾਸ ਕਰਕੇ ਸਿਵਲ ਯੁੱਧ (Civil War) ਦੇ ਬਾਅਦ ਹੀ, ਕਾਲਿਆਂ ਨੂੰ ਅਮਰੀਕਾ ਵਿਚ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ। ਇੰਗਲੈਂਡ ਵਿਚ 20ਵੀਂ ਸਦੀ ਦੇ ਸ਼ੁਰੂ ਵਿਚ ਹੀ ਔਰਤਾਂ ਨੂੰ ਵੋਟ ਦੇਣ ਦਾ ਅਧਿਕਾਰ ਮਿਲਿਆ।

ਕੀ ਵੋਟ ਦੇਣ ਦਾ ਅਧਿਕਾਰ ਹੀ ਰਾਜਨੀਤਿਕ ਸਮਾਨਤਾ ਦਾ ਮੁੱਖ ਪੈਮਾਨਾ ਹੈ ? ਇਸ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਨ ਤੋਂ ਇਹ ਪਤਾ ਚਲਦਾ ਹੈ ਕਿ ਰਾਜਨੀਤਿਕ ਸਮਾਨਤਾ ਦਾ ਅਰਥ ਉਦੋਂ ਹੀ ਸਾਰਥਕ ਹੁੰਦਾ ਹੈ ਜਦੋਂ

ਚੋਣਾਂ ਨਿਰਪੱਖ ਤਰੀਕੇ ਨਾਲ ਕਰਵਾਈਆਂ ਜਾਣ। ਵੋਟ ਦੇ ਅਧਿਕਾਰ ਦਾ ਦੁਰ-ਉਪਯੋਗ ਕਰਨਾ ਜਾਂ ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਇਸਤੇਮਾਲ ਨਾ ਕਰਨ ਦੇਣਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਰਾਜਨੀਤਕ ਸੁਤੰਤਰਤਾ ਨੂੰ ਠੀਕ ਤਰ੍ਹਾਂ ਨਾਲ ਇਸਤੇਮਾਲ ਨਹੀਂ ਕੀਤਾ ਜਾ ਰਿਹਾ। ਇਸ ਤੋਂ ਇਲਾਵਾ ਗਰੀਬੀ ਅਤੇ ਅਨਪੜ੍ਹਤਾ ਦਾ ਲੈਵਲ ਜਿੰਨਾਂ ਜ਼ਿਆਦਾ ਹੋਵੇਗਾ ਉਨੀ ਹੀ ਰਾਜਨੀਤਕ ਸਮਾਨਤਾ ਘੱਟ ਹੋਵੇਗੀ। ਪ੍ਰਸ਼ਾਸਨ ਦੀ ਸ਼ਕਤੀ, ਭਾਵ ਬਿਊਰੋਕਰੇਸੀ ਅਤੇ ਨੀਮ-ਸੈਨਿਕ ਬਲਾਂ ਦੀ ਸ਼ਕਤੀ ਰਾਜਨੀਤਿਕ ਕਾਰਜ-ਪਾਲਕਾ ਦੇ ਮੁਕਾਬਲੇ ਜਿਸ ਪ੍ਰਕਾਰ ਵੱਧ ਰਹੀ ਹੈ, ਉਸ ਨਾਲ ਵੀ ਸਮਾਨਤਾ ਦੇ ਅਧਿਕਾਰ ਦੀ ਵਰਤੋਂ ਕਾਫ਼ੀ ਹੱਦ ਤਕ ਪ੍ਰਭਾਵਿਤ ਹੋਈ ਹੈ।

**2.2.5.3 ਸਮਾਜਿਕ ਸਮਾਨਤਾ (Social Equality)**

ਸਮਾਜਿਕ ਸਮਾਨਤਾ ਤੋਂ ਅਰਥ ਹੈ ਕਿ ਸਮਾਜਿਕ ਪੱਧਰ, ਜਾਤੀ, ਰੰਗ, ਧਰਮ, ਨਸਲ, ਭਾਸ਼ਾ, ਸਿੱਖਿਆ ਅਤੇ ਉਮਰ ਆਦਿ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਸੰਖੇਪ ਵਿਚ ਸਮਾਜਿਕ ਸਮਾਨਤਾ ਦੇ ਅਧਿਕਾਰ ਤੋਂ ਅਰਥ ਹੈ ਕਿ ਵਿਅਕਤੀ ਇਕ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਇਕੋ ਜਿਹੇ ਅਧਿਕਾਰਾਂ ਦਾ ਇਸਤੇਮਾਲ ਕਰੇ। ਪਰ ਕਈ ਕਾਰਣਾਂ ਵਿਚ ਕੁਝ ਵਿਸ਼ੇਸ਼ ਅਧਿਕਾਰ ਜਾਂ ਕੁਝ ਛੋਟਾਂ ਅਪੰਗ ਲੋਕਾਂ ਲਈ ਜਾਂ ਉਹਨਾਂ ਲਈ ਜਿਹੜਾ ਕਿਸੇ ਕਾਰਣ ਕਰਕੇ ਇਹਨਾਂ ਅਧਿਕਾਰਾਂ ਨੂੰ ਹੋਰਨਾਂ ਦੇ ਮੁਕਾਬਲੇ ਇਸਤੇਮਾਲ ਨਹੀਂ ਕਰ ਸਕਦੇ, ਦਿਤੀਆਂ ਜਾਂਦੀਆਂ ਹਨ।

20ਵੀਂ ਸਦੀ ਵਿਚ ਇਹ ਗੱਲ ਸਪੱਸ਼ਟ ਰੂਪ ਨਾਲ ਮੰਨੀ ਗਈ ਹੈ ਕਿ ਸਮਾਜਿਕ ਵਿਕਾਸ ਦੇ ਦੌਰਾਨ ਬਹੁਤ ਸਾਰੇ ਸਮਾਜਾਂ ਵਿਚ ਸਮਾਜ ਦੇ ਕੁਝ ਹਿੱਸਿਆਂ ਦੇ ਹਿੱਤਾਂ ਨੂੰ ਬਿਲਕੁਲ ਅੱਖੋਂ ਉਹਲੇ ਕਰ ਦਿਤਾ ਗਿਆ ਹੈ ਜਿਵੇਂ ਕਿ ਅਮਰੀਕਾ ਵਿਚ ਰੈੱਡ ਇੰਡੀਅਨ, ਬਰਤਾਨੀਆ ਵਿਚ ਪ੍ਰਵਾਸੀ, ਦੱਖਣੀ ਅਫ਼ਰੀਕਾ ਵਿਚ ਕਾਲੇ ਅਤੇ ਭਾਰਤ ਵਿਚ ਅਨੁਸੂਚਿਤ ਕਬੀਲੇ ਦੇ ਬਰਾਬਰੀ ਦੇ ਅਧਿਕਾਰ ਨਹੀਂ ਮਾਣ ਸਕੇ। ਇਹਨਾਂ ਵਰਗਾਂ ਨੂੰ ਜਦੋਂ ਖਾਸ ਰਾਜਨੀਤਿਕ ਅਧਿਕਾਰ ਦਿੱਤੇ ਜਾਂਦੇ ਹਨ ਤਾਂ ਉਹ ਸਮਾਜ ਦੀ ਸਾਰਥਕਤਾ ਨੂੰ ਦਰਸਾਉਂਦੇ ਹਨ।

ਇਹਨਾਂ ਵਰਗਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਨਾਲ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਵੀ ਸਮਾਜਿਕ ਸੁਤੰਤਰਤਾ ਦੇ ਅਧਿਕਾਰਾਂ ਨੂੰ ਮਾਣ ਸਕਦੇ ਹਨ। ਹਾਲਾਂਕਿ ਸਮਾਜਿਕ ਸਮਾਨਤਾ ਦੇ ਅਧਿਕਾਰ ਨੂੰ ਸਮਾਜਕ ਢਾਂਚੇ ਵਿਚ ਉਦੋਂ ਹੀ ਮਾਨਿਆ ਜਾ ਸਕਦਾ ਹੈ ਜਦੋਂ ਸਭ ਲਈ ਸਮਾਜਿਕ ਅਵਸਰ ਪ੍ਰਾਪਤ ਕਰਨ ਦੇ ਉਚਿਤ ਸਾਧਨ ਹੋਣ। ਸਮਾਜ ਨੂੰ ਇਹ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਹ ਜਨਤਕ ਸਥਾਨਾਂ ਦੇ ਇਸਤੇਮਾਲ ਕਰਨ ਵਿਚ ਜਾਤ, ਧਰਮ ਅਤੇ ਰੰਗ ਦਾ ਭੇਦ ਭਾਵ ਕਰੇ। ਗਰੀਬੀ ਦਾ ਖਾਤਮਾ ਕਰਨਾ ਬਹੁਤ ਜ਼ਰੂਰੀ ਹੈ ਜਿਹੜੀ ਸਮਾਨਤਾ ਦੇ ਅਧਿਕਾਰ ਦੇ ਇਸਤੇਮਾਲ ਵਿਚ ਬਹੁਤ ਰੋੜਾ ਅਟਕਾਉਂਦੀ ਹੈ।

**2.2.5.4. ਆਰਥਿਕ ਸਮਾਨਤਾ (Economic Equality)**

ਆਰਥਿਕ ਸੁਤੰਤਰਤਾ ਲਈ ਸਭ ਤੋਂ ਮਹੱਤਵਪੂਰਨ ਅਧਿਕਾਰ ਸਮਾਨਤਾ ਦਾ ਹੈ। ਇਸ ਦਾ ਅਰਥ ਹੈ ਕਿ ਆਰਥਿਕ ਪੱਧਰ ਦੇ ਆਧਾਰ ਤੇ ਉਸ ਨੂੰ ਸਮਾਨਤਾ ਤੋਂ ਵਾਂਝਿਆਂ ਨਹੀਂ ਰੱਖਿਆ ਜਾਣਾ ਚਾਹੀਦਾ ਹੈ। ਉਸ ਨੂੰ ਆਪਣਾ ਕਿੱਤਾ ਚੁਣਨ ਦਾ ਪੂਰਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ ਭਾਵ ਕਿ ਇਕ ਲੁਹਾਰ ਦਾ ਬੇਟਾ ਡਾਕਟਰ ਜਾਂ ਇੰਜਨੀਅਰ ਬਣ ਸਕਦਾ ਹੈ। ਇਸ ਦਾ ਅਰਥ ਇਹ ਵੀ ਹੈ ਕਿ ਕੋਈ ਵੀ ਧਨ ਦਾ ਸਹਾਰਾ ਲੈ ਕੇ ਕਿਸੇ ਨੂੰ ਗੁਲਾਮ ਨਹੀਂ ਬਣਾ ਸਕਦਾ ਅਤੇ ਕੋਈ ਕਿੰਨਾਂ ਵੀ ਗਰੀਬ ਕਿਉਂ ਨਾ ਹੋਵੇ ਆਪਣੇ ਆਪਣੇ ਆਪ ਨੂੰ ਵੇਚ ਨਹੀਂ ਸਕਦਾ।

ਵਿਸਤ੍ਰਿਤ ਸਿਧਾਂਤਕ ਪੱਖੋਂ ਇਹ ਖੁਲ੍ਹੀ ਆਰਥਿਕ ਪ੍ਰਣਾਲੀ (laissez faire) ਅਤੇ ਨਿੱਜੀ ਸੰਪਤੀ ਦੇ ਸਿਧਾਂਤ ਤੋਂ ਪਰ੍ਹੇ ਨਹੀਂ। ਪਰੰਤੂ ਜਿਸ ਗੱਲ ਵਲ ਧਿਆਨ ਦਿੱਤਾ ਗਿਆ ਉਹ ਇਹ ਹੈ ਕਿ ਵਰਗਾਂ ਵਿਚ ਵੰਡੇ ਸਮਾਜ ਵਿਚ ਆਰਥਿਕ ਸਮਾਨਤਾ ਕੋਈ ਅਰਥ ਨਹੀਂ ਰੱਖਦੀ। ਆਰਥਿਕ ਸਮਾਨਤਾ ਦਾ ਕੋਈ ਅਰਥ ਤਾਂ ਹੀ ਹੈ ਜੇ ਇਸ ਨੂੰ ਵਿਆਪਕ ਅਰਥਾਂ ਵਿਚ ਲਿਆ ਜਾਵੇ। ਜਿਸ ਸਮਾਜ ਵਿਚ ਉਤਪਾਦਨ ਦੇ ਸਾਧਨ ਕੁਝ ਖਾਸ ਲੋਕਾਂ ਦੇ ਹੱਥ ਵਿਚ ਹਨ ਉਥੇ ਬਹੁਮਤ ਦਾ ਸ਼ੋਸ਼ਣ ਹੁੰਦਾ ਹੈ। ਅਜਿਹੇ ਸਮਾਜ ਵਿਚ ਆਰਥਿਕ ਸਮਾਨਤਾ ਨਹੀਂ ਹੋ ਸਕਦੀ। ਇਸੇ ਲਈ ਮਾਰਕਸ ਨੇ ਨਿੱਜੀ ਸੰਪਤੀ ਨੂੰ ਖ਼ਤਮ ਕਰਨ ਦੀ ਪ੍ਰੋੜ੍ਹਤਾ ਕੀਤੀ ਅਤੇ ਰਾਜਹੀਨ ਅਤੇ ਵਰਗਹੀਨ ਸਮਾਜ ਦੀ ਨੀਂਹ ਰੱਖਣ ਦੀ ਧਾਰਨਾ ਦਿਤੀ ਤਾਂ ਕਿ ਆਰਥਿਕ ਸਮਾਨਤਾ ਪ੍ਰਾਪਤ ਕੀਤੀ ਜਾ ਸਕੇ।

ਆਰਥਿਕ ਸਮਾਨਤਾ ਦਾ ਉਹ ਪੱਖ ਜਿਸ ਵਿਚ ਵਿਅਕਤੀ ਆਪਣੇ ਆਪ ਦਾ ਪੂਰਾ ਵਿਕਾਸ ਕਰ ਸਕੇ, ਉਦਾਰਵਾਦੀਆਂ ਵਲੋਂ ਦਿੱਤਾ ਗਿਆ ਸੀ। ਉਹ ਸਮਝਦੇ ਸਨ ਕਿ ਪੱਛਮੀ ਸਮਾਜ, ਆਰਥਿਕ ਸਮਾਨਤਾ ਦੇਣ ਦੇ ਲਈ ਸਮਰਥ ਨਹੀਂ ਹਨ। ਗੇਲਬਰੈਥ (Galbraith) ਅਨੁਸਾਰ, ਸਮਾਜ ਵਿਚ ਸੰਪਤੀ ਦੇ ਵਧਣ ਨਾਲ ਸਮਾਜ ਵਿਚ ਆਰਥਿਕ ਸਮਾਨਤਾ ਦਾ ਉਦੇਸ਼ ਪੂਰਾ ਨਹੀਂ ਕੀਤਾ ਜਾ ਸਕਦਾ। ਇਹਨਾਂ ਅਮੀਰ ਸਮਾਜਾਂ ਵਿਚ ਪੂੰਜੀ ਨੂੰ ਇਕਸਾਰ ਤਰੀਕੇ ਨਾਲ ਨਹੀਂ ਵੰਡਿਆ ਜਾਂਦਾ। ਭਾਵੇਂ ਇਸ ਨਾਲ ਗਰੀਬੀ ਨੂੰ ਘਟਾ ਦਿਤਾ ਜਾਵੇ ਪਰ ਇਸ ਦਾ ਅਰਥ ਇਹ ਨਹੀਂ ਕਿ ਆਰਥਿਕ ਸਮਾਨਤਾ ਪ੍ਰਾਪਤ ਹੋ ਗਈ ਹੈ। ਆਰਥਿਕ ਅਸਮਾਨਤਾ, ਸਮਾਜਿਕ ਅਸੁਰੱਖਿਆ, ਨਸਲਵਾਦ ਵਿਚ ਵਾਧੇ ਅਤੇ ਕੱਟੜਵਾਦ ਨੂੰ ਜਨਮ ਦਿੰਦੀ ਹੈ। ਇਸੇ ਲਈ ਉਦਾਰਵਾਦੀ ਵਿਚਾਰਕ ਵੀ ਆਰਥਿਕ ਸਮਾਨਤਾ ਉਤੇ ਜ਼ੋਰ ਦਿੰਦੇ ਹਨ।

ਆਰਥਿਕ ਸਮਾਨਤਾ ਦੀ ਅਣਹੋਂਦ ਵਿਚ ਰਾਜਨੀਤਿਕ, ਕਾਨੂੰਨੀ ਅਤੇ ਸਮਾਜਿਕ ਅਧਿਕਾਰਾਂ ਦਾ ਕੋਈ ਮਹੱਤਵ ਨਹੀਂ ਹੈ।

### 2.2.6. ਸਮਾਨਤਾ ਅਤੇ ਸੁਤੰਤਰਤਾ ਵਿਚ ਸੰਬੰਧ (Relationship between Liberty and Equality)

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਸੁਤੰਤਰਤਾ ਅਤੇ ਸਮਾਨਤਾ ਦੀ ਮੰਗ ਭਰਾਤਰੀਭਾਵ ਦੇ ਨਾਲ ਮਿਲਕੇ ਫਰਾਂਸ ਦੀ ਕ੍ਰਾਂਤੀ ਵਿਚ ਮੁਖਰਿਤ ਹੋਈ। ਇਹ ਮੰਨਿਆ ਗਿਆ ਸੀ ਕਿ ਸਮਾਨਤਾ ਅਤੇ ਸੁਤੰਤਰਤਾ ਵਿਚਕਾਰ ਬਹੁਤ ਗੂੜ੍ਹਾ ਸੰਬੰਧ ਹੈ। ਸਮਾਨਤਾ ਤੋਂ ਬਗੈਰ ਸੁਤੰਤਰਤਾ ਨੂੰ ਠੀਕ ਤਰ੍ਹਾਂ ਨਾਲ ਨਹੀਂ ਮਾਣਿਆ ਜਾ ਸਕਦਾ ਅਤੇ ਇਸ ਪਰਿਪੇਖ ਵਿਚ ਸਮਾਨਤਾ ਨੂੰ ਕੇਵਲ ਕਾਨੂੰਨੀ ਪੱਖੋਂ ਹੀ ਵੇਖਿਆ ਗਿਆ। ਸ਼ਾਸਨ ਕਰਨ ਵਾਲੇ ਵਰਗ ਨੂੰ ਜਿਸ ਵਿਚ ਕੁਲੀਨ, ਸਾਮੰਤੀ ਵਰਗ ਆ ਜਾਂਦੇ ਹਨ, ਜਿਨ੍ਹਾਂ ਨੂੰ ਕੁਝ ਵਿਸ਼ੇਸ਼ ਰਿਆਇਤਾਂ ਮਿਲੀਆਂ ਹੁੰਦੀਆਂ ਹਨ ਜਿਹੜੀਆਂ ਉਨ੍ਹਾਂ ਦੇ ਜਨਮ-ਪੱਧਰ ਅਤੇ ਨਸਲ ਨਾਲ ਸੰਬੰਧਿਤ ਹਨ, ਅਸਮਾਨਤਾ ਫੈਲਾਉਣ ਵਾਲਾ ਸਮਝਿਆ ਗਿਆ। ਅਸਮਾਨਤਾ ਦੇ ਇਸ ਸਰੋਤ ਦੇ ਖ਼ਾਤਮੇ ਦੁਆਰਾ ਹੀ ਇਹ ਸਮਝਿਆ ਗਿਆ ਕਿ ਸਭ ਨੂੰ ਸੁਤੰਤਰਤਾ ਮਿਲ ਸਕਦੀ ਹੈ ਕਿਉਂਕਿ ਇਸ ਤਰ੍ਹਾਂ ਕਾਨੂੰਨੀ ਤੌਰ ਤੇ ਸਭ ਬਰਾਬਰ ਹੋਣਗੇ।

19ਵੀਂ ਸਦੀ ਵਿਚ ਵੀ ਸਮਾਨਤਾ ਤੇ ਸੁਤੰਤਰਤਾ ਦੀਆਂ ਧਾਰਨਾਵਾਂ ਵਿਚ ਕੋਈ ਵਿਰੋਧਤਾ ਨਹੀਂ ਸਮਝੀ ਗਈ। ਵੋਟ ਦੇ ਅਧਿਕਾਰ ਅਤੇ ਕਾਨੂੰਨ ਸਾਹਮਣੇ ਸਭ ਨੂੰ ਬਰਾਬਰੀ ਦੇ ਅਧਿਕਾਰ ਨੂੰ ਇਹੀ ਆਧਾਰ ਉਤੇ ਸਮਰਥਨ ਮਿਲਿਆ। ਇਹ ਮੰਨ ਲਿਆ ਗਿਆ ਸੀ ਕਿ ਕਾਨੂੰਨੀ ਅਤੇ ਰਾਜਨੀਤਿਕ ਸਮਾਨਤਾ ਦੇਣ ਨਾਲ ਵਿਅਕਤੀ ਦੀ ਸੁਤੰਤਰਤਾ ਸੁਰੱਖਿਅਤ ਹੋਵੇਗੀ ਅਤੇ ਪ੍ਰਜਾਤੰਤਰੀ ਪ੍ਰਣਾਲੀ ਦੀਆਂ ਜੜ੍ਹਾਂ ਮਜ਼ਬੂਤ ਹੋਣਗੀਆਂ ਅਤੇ ਸਮਾਂ ਬੀਤਣ ਨਾਲ ਇਹ ਹੋਰ ਜ਼ਿਆਦਾ ਮਜ਼ਬੂਤ ਹੋਵੇਗੀ। 19ਵੀਂ ਸਦੀ ਵਿਚ ਹੀ ਸਮਾਜਿਕ ਅਤੇ ਆਰਥਿਕ ਸਮਾਨਤਾ ਦੀ ਮੰਗ ਦੇ ਨਾਲ ਸਮਾਨਤਾ ਅਤੇ ਸੁਤੰਤਰਤਾ ਦੀ ਅੰਤਰ ਵਿਰੋਧਤਾ ਮਹਿਸੂਸ ਕੀਤੀ ਜਾਣ ਲੱਗੀ। ਖੁਲ੍ਹੇ ਵਪਾਰ ਵਿਚ ਯਕੀਨ ਕਰਨ ਵਾਲੇ ਵਿਚਾਰਕਾਂ ਵਲੋਂ ਇਸ ਦੀ ਇੰਨੀ ਜ਼ਿਆਦਾ ਆਲੋਚਨਾ ਹੋਈ ਕਿ ਇਹ ਕਿਹਾ ਜਾਣ ਲਗਾ ਕਿ ਆਰਥਿਕ ਅਤੇ ਸਮਾਜਿਕ ਸਮਾਨਤਾ ਰਾਜਨੀਤਕ ਸੁਤੰਤਰਤਾ ਦੇ ਖਿਲਾਫ਼ ਹੈ ਤੇ ਨਿੱਜੀ ਸੰਪਤੀ ਵੀ ਸੁਤੰਤਰਤਾ ਦਾ ਵਿਰੋਧ ਵੀ ਕਰਦੀ ਹੈ। ਸਮਾਨਤਾ ਅਤੇ ਸੁਤੰਤਰਤਾ ਵਿਚ ਸਮਾਨਤਾ ਅਤੇ ਵਿਰੋਧ ਦੇ ਪਰਿਪੇਖ ਵਿਚ ਦੋ ਫੇਜ਼ ਆਉਂਦੇ ਹਨ। ਇਕ ਉਹ ਜਿਸ ਵਿਚ ਇਨ੍ਹਾਂ ਦਰਮਿਆਨ ਸਮਾਨਤਾ ਉੱਤੇ ਜ਼ੋਰ ਦਿਤਾ ਦੂਜਾ, ਜਿਸ ਵਿਚ ਇਨ੍ਹਾਂ ਵਿਚ ਵਿਰੋਧ ਪਾਇਆ ਜਾਂਦਾ ਹੈ। ਅਸੀਂ ਹੁਣ ਇਹ ਵਿਚਾਰ ਕਰਾਂਗੇ ਕਿ ਕੀ ਸੁਤੰਤਰਤਾ ਅਤੇ ਸਮਾਨਤਾ ਇਕ ਦੂਜੇ ਦੇ ਵਿਰੋਧੀ ਹਨ ਜਾਂ ਪੂਰਕ।

### 2.2.6.1 ਸੁਤੰਤਰਤਾ ਅਤੇ ਸਮਾਨਤਾ ਇਕ ਦੂਜੇ ਦੇ ਪੂਰਕ ਹਨ :- (Both are Complementary and Supplementary to each other)

ਹੈਰਿੰਗਟਨ, ਮੇਟਲੈਂਡ, ਹਿਊਮ, ਰੂਸੋ, ਬਾਰਕਰ, ਲਾਸਕੀ ਆਦਿ ਦੇ ਵਿਚਾਰ ਵਿਚ ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ। ਮਾਰਕਸਵਾਦੀਆਂ ਦਾ ਵੀ ਇਹੋ ਵਿਚਾਰ ਹੈ। ਉਹ ਤਾਂ ਇਸ ਤੋਂ ਵੀ ਅੱਗੇ ਜਾਂਦੇ ਹਨ ਕਿ ਸਮਾਨਤਾ ਸੁਤੰਤਰਤਾ ਲਈ ਬਹੁਤ ਜ਼ਰੂਰੀ ਹੈ। ਇਸ ਵਰਗ ਦੇ ਲੇਖਕਾਂ ਦੇ ਵਿਚਾਰ ਇਸ ਪ੍ਰਕਾਰ ਹਨ।

1. ਇਸ ਸਮਾਨਤਾ ਦੇ ਮੌਲਿਕ ਅਧਿਕਾਰ ਦੀ ਅਣਹੋਂਦ ਵਿਚ ਕੁਝ ਵਿਅਕਤੀਆਂ ਜਾਂ ਵਿਅਕਤੀਆਂ ਦੇ ਵਰਗ ਨੂੰ ਵਿਸ਼ੇਸ਼ ਮੌਕੇ ਦਿੱਤੇ ਜਾਂਦੇ ਹਨ। ਅਜਿਹੇ ਸਮਾਜ ਵਿਚ ਕਿਸੇ ਕਿਸਮ ਦੀ ਸੁਤੰਤਰਤਾ ਨਹੀਂ ਹੋਵੇਗੀ। ਜੇਕਰ ਇਹ ਪ੍ਰਦਾਨ ਵੀ ਕੀਤੀ ਜਾਵੇਗੀ ਤਾਂ ਵੀ ਉਸ ਦਾ ਸਰੂਪ ਕੁਦਰਤੀ ਨਹੀਂ

ਹੋਵੇਗਾ। ਸਾਮੰਤਵਾਦੀ ਸਮੇਂ ਵਿਚ ਵੀ ਸੁਤੰਤਰਤਾ ਨੂੰ ਭਾਵੇਂ ਪ੍ਰਦਾਨ ਕੀਤੀ ਗਈ ਸੀ ਪਰ ਕੁਝ ਨੂੰ ਸਾਮੰਤਵਾਦੀ ਹੋਣ ਕਰਕੇ ਵਿਸ਼ੇਸ਼ ਮੌਕੇ ਦਿੱਤੇ ਗਏ ਸਨ। ਇਹ ਸੁਤੰਤਰਤਾ ਨੂੰ ਬਿਲਕੁਲ ਨਕਾਰ ਦੇਣ ਜਿਹਾ ਸੀ। ਉਸ ਸਮੇਂ ਪੂੰਜੀਪਤੀ ਵਰਗ ਜਿਹੜਾ ਹੋਂਦ ਵਿਚ ਆਇਆ ਉਸ ਨੇ ਆਪਣੇ ਹਿੱਤਾਂ ਦੀ ਪ੍ਰਾਪਤੀ ਲਈ ਸਮਾਨਤਾ ਦੀ ਮੰਗ ਕੀਤੀ, ਭਾਵੇਂ ਉਨ੍ਹਾਂ ਨੂੰ ਸਮਾਨਤਾ ਅਤੇ ਸੁਤੰਤਰਤਾ ਦਾ ਵਿਰੋਧਤਾ ਦਾ ਗਿਆਨ ਨਹੀਂ ਸੀ।

19ਵੀਂ ਸਦੀ ਦੇ ਮੱਧ ਵਿਚ ਸਮਾਨਤਾ ਦੇ ਸਮਾਜਿਕ ਪੱਖ ਉਤੇ ਜ਼ੋਰ ਦਿਤਾ ਗਿਆ ਕਿਉਂਕਿ ਇਹ ਬਰਜੂਆ ਵਰਗ ਦੀ ਸੁਤੰਤਰਤਾ ਦੇ ਵਿਰੁਧ ਸੀ ਇਸ ਕਰਕੇ ਕਈਆਂ ਵਲੋਂ ਇਸ ਗੱਲ ਤੇ ਜ਼ੋਰ ਦਿਤਾ ਗਿਆ ਕੀ ਸਮਾਨਤਾ ਅਤੇ ਸੁਤੰਤਰਤਾ ਦੋਹਾਂ ਵਿਚ ਕੋਈ ਮੇਲ ਨਹੀਂ ਹੈ। ਪਰ ਕਈ ਲੇਖਕਾਂ ਵਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਅਸਮਾਨਤਾ ਉਤੇ ਆਧਾਰਿਤ ਸਮਾਜ ਵਿਚ ਕੁਝ ਨੂੰ ਸੁਤੰਤਰਤਾ ਪ੍ਰਦਾਨ ਕਰਨ ਨਾਲ ਬਹੁਮਤ ਨੂੰ ਸੁਤੰਤਰਤਾ ਤੋਂ ਵਾਂਝਿਆਂ ਰਹਿਣਾ ਪੈਂਦਾ ਹੈ। ਇਸ ਲਈ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਕਿ ਜੇਕਰ ਸੁਤੰਤਰਤਾ ਨੂੰ ਕੁਝ ਅਰਥਪੂਰਨ ਬਣਾਉਣਾ ਹੈ ਤਾਂ ਆਰਥਿਕ ਸਮਾਨਤਾ ਦੇਣੀ ਪਵੇਗੀ। ਲਾਸਕੀ ਨੇ ਇਸ ਬਾਰੇ ਵਿਚ ਕਿਹਾ ਹੈ ਕਿ, 'ਸੁਤੰਤਰਤਾ ਵਿਚ ਲੋਕਾਂ ਦੀ ਰੁਚੀ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਆਪਣੀ ਹੋਂਦ ਦੀਆਂ ਔਕੜਾਂ ਨਾ ਹੋਣ। ਇਹ ਉਦੋਂ ਹੀ ਸੰਭਵ ਹੈ ਜਦੋਂ ਉਨ੍ਹਾਂ ਨੂੰ ਆਰਾਮ ਦਾ ਮੌਕਾ ਮਿਲੇ.....ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਸਮਰਥਾ ਅਤੇ ਸੋਚਣ ਦਾ ਪੂਰਾ ਸਮਾਂ ਅਤੇ ਆਰਾਮ-ਇਹ ਇਕ ਆਜ਼ਾਦ ਆਦਮੀ ਦੀਆਂ ਮੁੱਢਲੀਆਂ ਸ਼ਰਤਾਂ ਹਨ।' ਇਸ ਤਰ੍ਹਾਂ ਉਸ ਸਮੇਂ ਵਿਚ ਸਮਾਨਤਾ ਅਤੇ ਸੁਤੰਤਰਤਾ ਵਿਚ ਆਪਸੀ ਮੇਲ ਦੇ ਵਿਚਾਰ ਨਾਲ ਸਹਿਮਤੀ ਦਿੱਤੀ ਗਈ।

2. ਸਮਾਨਤਾ ਅਤੇ ਸੁਤੰਤਰਤਾ ਵਿਚਕਾਰ ਮੇਲ ਦੇ ਸੰਬੰਧ ਵਿਚ ਜ਼ਰੂਰਤ ਹੈ ਉਨ੍ਹਾਂ ਮੌਲਿਕ ਅਵਸਥਾਵਾਂ ਦੀ ਜਿਸ ਨਾਲ ਪੂਰਾ ਗਿਆਨ ਪ੍ਰਾਪਤ ਹੋ ਸਕੇ। ਸ਼ਾਂਤੀ ਵਿਵਸਥਾ ਅਤੇ ਸੁਰੱਖਿਆ ਉਹ ਅਵਸਥਾਵਾਂ ਹਨ ਜਿਹੜੀਆਂ ਸਮਾਨਤਾ ਅਤੇ ਸੁਤੰਤਰਤਾ ਨੂੰ ਮਹੱਤਵਪੂਰਨ ਬਣਾਉਂਦੀਆਂ ਹਨ। ਜੇਕਰ ਸਮਾਜ ਵਿਚ ਅਨੁਸ਼ਾਸਨ ਦੀ ਘਾਟ ਅਤੇ ਅਸਥਿਰਤਾ ਹੋਵੇਗੀ ਤਾਂ ਸੁਤੰਤਰਤਾ ਅਤੇ ਸਮਾਨਤਾ ਨੂੰ ਮਾਣਨਾ ਲੋਕਾਂ ਲਈ ਅਸੰਭਵ ਹੋ ਜਾਵੇਗਾ। ਜਿਥੇ ਅਸਮਾਨਤਾ ਹੈ ਉਥੇ ਲੜਾਈ ਝਗੜਿਆਂ ਦਾ ਹੋਣਾ ਲਾਜ਼ਮੀ ਹੈ। ਇਸ ਸ਼ੋਸ਼ਣ ਕਰਨ ਵਾਲੇ ਸਮਾਜ ਵਿਚ ਜਿਥੇ ਅਮੀਰ ਅਤੇ ਗਰੀਬਾਂ ਦੇ ਵਰਗ ਹਨ ਜੇਕਰ ਕੋਈ ਵਿਵਸਥਾ ਹੋਵੇਗੀ ਤਾਂ ਇਹ ਸ਼ਕਤੀ ਅਤੇ ਜਬਰਦਸਤੀ ਉਤੇ ਆਧਾਰਿਤ ਹੋਵੇਗੀ। ਅਜਿਹੇ ਸਮਾਜ ਵਿਚ ਸੁਤੰਤਰਤਾਵਾਂ ਨੂੰ ਮਾਣਨਾ ਬਹੁਤ ਔਖਾ ਹੋਵੇਗਾ। ਮਾਰਕਸ ਨੇ ਵਰਗਹੀਣ ਸਮਾਜ ਨੂੰ ਸੁਤੰਤਰਤਾ ਅਤੇ ਸਮਾਨਤਾ ਨੂੰ ਮਾਣਨ ਲਈ ਹੀ ਪ੍ਰਯੋਗ ਕੀਤਾ ਹੈ। ਇਹ ਸਪੱਸ਼ਟ ਕਰਦਾ ਹੈ ਕਿ ਸੁਤੰਤਰਤਾ ਅਤੇ ਸਮਾਨਤਾ ਵਿਚਕਾਰ ਡੂੰਘਾ ਸੰਬੰਧ ਹੈ।
3. ਸੁਤੰਤਰਤਾ ਅਤੇ ਸਮਾਨਤਾ ਦੋਵੇਂ ਆਪਸ ਵਿਚ ਜੁੜੇ ਹੋਏ ਹਨ। ਇਸ ਗੱਲ ਤੋਂ ਵੀ ਸਿੱਧ ਹੁੰਦਾ ਹੈ ਕਿ ਦੋਹਾਂ ਦੇ ਹੋਣ ਨਾਲ ਹੀ ਵਿਅਕਤੀ ਆਪਣਾ ਪੂਰਣ ਵਿਕਾਸ ਕਰ ਸਕਦਾ ਹੈ। ਇਹ ਮਨੁੱਖ ਦਾ ਸਮਾਜਿਕ ਪਰਿਪੇਖ ਹੁੰਦਾ ਹੈ ਜਿਸ ਵਿਚ ਇਹ ਮਨੁੱਖ ਦੀ ਜ਼ਰੂਰਤ ਬਣ ਜਾਂਦਾ ਹੈ। ਇਕ ਦੇ ਹੋਣ ਨਾਲ ਦੂਸਰੇ ਨੂੰ ਮਾਣਨਾ ਮੁਸ਼ਕਲ ਹੋ ਜਾਵੇਗਾ। ਅਜੋਕੇ ਉਦਾਰਵਾਦੀ ਅਤੇ ਮਾਰਕਸਵਾਦੀ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਆਰਥਿਕ ਸਮਾਨਤਾ ਸੁਤੰਤਰਤਾ ਦੇ ਇਸ ਮੇਲ ਲਈ ਜ਼ਰੂਰੀ ਹੈ।
4. ਸਮਾਨਤਾ ਪ੍ਰਜਾਤੰਤਰ ਲਈ ਬਹੁਤ ਜ਼ਰੂਰੀ ਅਵਸਥਾ ਹੈ ਅਤੇ ਕੇਵਲ ਇਹ ਪ੍ਰਜਾਤੰਤਰ ਵਿਚ ਹੀ ਸੰਭਵ ਹੈ। ਲਾਸਕੀ ਅਨੁਸਾਰ 'ਇਕ ਸ਼ਬਦ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਜਾਤੰਤਰੀ ਰਾਜ ਸਮਾਨਤਾ ਤੋਂ ਬਗੈਰ ਨਹੀਂ ਹੋ ਸਕਦਾ ਅਤੇ ਸਮਾਨਤਾ ਪ੍ਰਜਾਤੰਤਰੀ ਰਾਜ ਦੀ ਨੀਂਹ ਹੈ।' ਇਕ

ਅਸਮਾਨ ਸਮਾਜ ਵਿਚ ਕੁਝ ਲੋਕ ਅਮੀਰ ਹੁੰਦੇ ਹਨ। ਉਹ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਵਿਚ ਸਮਰਥ ਵੀ ਹੋ ਜਾਂਦੇ ਹਨ। ਲਾਸਕੀ ਅਨੁਸਾਰ ਇਕ ਰਾਜ ਜਿਹੜਾ ਕੁਝ ਅਲਪਮਤ ਅਮੀਰ ਲੋਕਾਂ ਅਤੇ ਬਹੁਮਤ ਗਰੀਬ ਲੋਕਾਂ ਵਿਚ ਵੰਡਿਆ ਹੋਇਆ ਹੁੰਦਾ ਹੈ ਉਹਦੀ ਅਜਿਹੀ ਸਰਕਾਰ ਨੂੰ ਬਣਾਉਣ ਲਈ ਸਮਰਥ ਹੋ ਜਾਂਦਾ ਹੈ ਜਿਸ ਵਿਚ ਅਮੀਰ ਲੋਕ ਆਪਣੀ ਸੰਪਤੀ ਦੇ ਆਧਾਰ ਤੇ ਆਪਣੇ ਹਿੱਤਾਂ ਦੀ ਰੱਖਿਆ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਰਾਜਨੀਤਿਕ ਸੁਤੰਤਰਤਾ ਇਸ ਲਈ ਕਦੇ ਵੀ ਸੱਚੀ ਨਹੀਂ ਹੋ ਸਕਦੀ ਜਦੋਂ ਤਕ ਉਹ ਆਰਥਿਕ ਸਮਾਨਤਾ ਨਾਲ ਹੋਵੇ। ਰਾਜਨੀਤਿਕ ਸ਼ਕਤੀ ਇਸ ਲਈ ਹਮੇਸ਼ਾਂ ਆਰਥਿਕ ਸਮਾਨਤਾ ਸਮਾਜਿਕ ਅਤੇ ਆਰਥਿਕ ਸਮਾਨਤਾ ਦੇ ਅਧੀਨ ਰਹੇਗੀ। ਰਾਜਨੀਤਿਕ ਸਮਾਨਤਾ ਪ੍ਰਜਾਤੰਤਰ ਉਤੇ ਨਿਰਭਰ ਕਰਦੀ ਹੈ ਅਤੇ ਰਾਜਨੀਤਿਕ ਸਮਾਨਤਾ ਉਤੇ ਆਧਾਰਿਤ ਹੈ ਅਤੇ ਸਮਾਨਤਾ ਸੁਤੰਤਰਤਾ ਨੂੰ ਪ੍ਰਜਾਤੰਤਰ ਵਿਚ ਇਕ ਅਰਥ ਦਿੰਦੀ ਹੈ। ਇਸ ਲਈ ਸਮਾਨਤਾ ਅਤੇ ਸੁਤੰਤਰਤਾ ਦੋਨੋਂ ਇਕ ਦੂਜੇ ਦੇ ਪੂਰਕ ਹਨ।

**2.2.6.2 ਸਮਾਨਤਾ ਸੁਤੰਤਰਤਾ ਵਿਚ ਕੋਈ ਸੰਬੰਧ ਨਹੀਂ ਹੈ :**

ਲਾਰਡ ਐਕਟਨ (Lord Acton) ਅਤੇ ਡੀ ਟਾਕਵਿਲ (De Taqueville) ਅਨੁਸਾਰ, ਸੁਤੰਤਰਤਾ ਅਤੇ ਸਮਾਨਤਾ ਇਕ ਦੂਜੇ ਦੇ ਖਿਲਾਫ਼ ਹਨ। ਲੱਕ ਤੇ ਬੇਜਹਾਟ ਜਿਹੇ ਰਾਜਨੀਤਿਕ ਵਿਗਿਆਨੀ ਹਿਆਕ (Hayak) ਅਤੇ ਫਰਾਇਡਮੈਨ (Friedman) ਵਰਗੇ ਅਰਥ ਸ਼ਾਸਤਰੀ ਅਤੇ ਮਾਈਕਲ ਮੋਸਕਾ ਅਤੇ ਪੈਰੈਟੋ ਸਿਧਾਂਤਕਾਰ ਆਦਿ ਇਸ ਵਿਚਾਰ ਦੇ ਸਮਰਥਕ ਹਨ। ਇਨ੍ਹਾਂ ਵਿਦਵਾਨਾਂ ਦੇ ਇਸ ਬਾਰੇ ਵਿਚਾਰ ਇਸ ਪ੍ਰਕਾਰ ਹਨ :

1. ਸੁਤੰਤਰਤਾ ਕੁਦਰਤੀ ਹੁੰਦੀ ਹੈ ਜਿਸ ਦਾ ਅਰਥ ਹੈ ਮਨੁੱਖ ਆਜ਼ਾਦ ਪੈਦਾ ਹੋਇਆ ਹੈ। ਇਸ ਤਰ੍ਹਾਂ ਸਭ ਮਨੁੱਖ ਹਰ ਪੱਖ ਤੋਂ ਸਮਾਨ ਨਹੀਂ ਹਨ। ਕਈ ਪੱਖਾਂ ਤੋਂ ਉਹ ਕੁਦਰਤੀ ਤੌਰ ਤੇ ਅਸਮਾਨ ਹਨ। ਭਾਵ ਕੁਦਰਤ ਨੇ ਕੁਝ ਲੋਕਾਂ ਨੂੰ ਵਧੇਰੇ ਤਾਕਤਵਰ, ਬੁਧੀਮਾਨ, ਸੁੰਦਰ ਤੇ ਚਤੁਰ ਬਣਾਇਆ ਹੈ ਜਦਕਿ ਬਾਕੀਆਂ ਨੂੰ ਘੱਟ। ਇਸ ਲਈ ਅਸਮਾਨਤਾ ਵੀ ਕੁਦਰਤੀ ਹੈ। ਸਮਾਨਤਾ ਸਮਾਜ ਦੁਆਰਾ ਬਣਾਈ ਜਾਂਦੀ ਹੈ। ਇਸ ਲਈ ਕੁਦਰਤੀ ਨਹੀਂ ਹੈ। ਇਸ ਲਈ ਸੁਤੰਤਰਤਾ ਅਤੇ ਸਮਾਨਤਾ ਇਕ ਦੂਜੇ ਦੇ ਵਿਰੋਧੀ ਹਨ।
2. ਇਨ੍ਹਾਂ ਵਿਚਾਰਕਾਂ ਅਨੁਸਾਰ ਸੁਤੰਤਰਤਾ ਨਿਖੇਧਵਾਚਕ ਹੁੰਦੀ ਹੈ। ਇਸ ਦਾ ਭਾਵ ਹੈ ਬੰਦਸ਼ਾਂ ਦਾ ਨਾ ਹੋਣਾ। ਜਦੋਂ ਕਿ ਸਮਾਨਤਾ ਅਜਿਹੇ ਤਰੀਕਿਆਂ ਉਤੇ ਨਿਰਭਰ ਹੈ ਜਿਹੜੇ ਮਨੁੱਖ ਦੀਆਂ ਕੁਝ ਗਤੀਵਿਧੀਆਂ ਉਤੇ ਕੰਟਰੋਲ ਰੱਖਣ ਤਾਂ ਕਿ ਸਮਾਨਤਾ ਨੂੰ ਕਾਇਮ ਕੀਤਾ ਜਾ ਸਕੇ। ਇਹ ਬੰਦਸ਼ਾਂ ਸਮਾਨਤਾ ਨੂੰ ਸੁਤੰਤਰਤਾ ਵਿਰੋਧੀ ਬਣਾਉਂਦੀਆਂ ਹਨ। ਇਸ ਤੋਂ ਇਲਾਵਾ ਮਨੁੱਖ ਦੀ ਆਰਥਿਕ ਅਵਸਥਾ ਉਸ ਦੀ ਸਮਰਥਾ ਉਤੇ ਆਧਾਰਿਤ ਹੈ। ਇਕੋ ਜਿਹੇ ਮੌਕੇ ਦੇਣ ਨਾਲ ਵੀ ਦੋ ਅੱਡ ਅੱਡ ਵਿਅਕਤੀ ਉਨ੍ਹਾਂ ਮੌਕਿਆਂ ਦਾ ਇਕੋ ਤਰ੍ਹਾਂ ਇਸਤੇਮਾਲ ਨਹੀਂ ਕਰਨਗੇ। ਇਸ ਲਈ ਸਮਾਨਤਾ ਦੇ ਲਈ ਸੁਤੰਤਰਤਾ ਨੂੰ ਕਿਉਂ ਬੰਦਸ਼ਾਂ ਵਿਚ ਬੰਨ੍ਹਿਆ ਜਾਵੇ। ਇਸ ਤਰ੍ਹਾਂ ਸੰਪਤੀ ਦੀ ਸੁਤੰਤਰਤਾ ਮਨੁੱਖ ਦਾ ਕੁਦਰਤੀ ਅਧਿਕਾਰ ਹੈ ਇਸ ਲਈ ਇਕ ਨੂੰ ਸੀਮਿਤ ਨਹੀਂ ਕੀਤਾ ਜਾ ਸਕਦਾ। ਸਮਾਨਤਾ ਇਸ ਤਰ੍ਹਾਂ ਸੁਤੰਤਰਤਾ ਵਿਰੋਧੀ ਹੈ।
3. ਆਮ ਤੌਰ ਤੇ ਸੁਤੰਤਰਤਾ ਦੀ ਵਰਤੋਂ ਰਾਜ ਆਪਣੇ ਕਾਰਜਾਂ ਦੁਆਰਾ ਕਰਵਾਉਂਦਾ ਹੈ ਭਾਵ ਰਾਜ ਨੂੰ ਇਹ ਅਧਿਕਾਰ ਹੁੰਦਾ ਹੈ ਕਿ ਉਹ ਸਮਾਨਤਾ ਨੂੰ ਨਿਸ਼ਚਿਤ ਕਰੇ। ਇਸ ਦਾ ਅਰਥ ਹੈ ਇਸ ਨਾਲ ਰਾਜ ਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਲੋਕਾਂ ਦੀ ਆਰਥਿਕ ਅਵਸਥਾ ਨੂੰ ਵਧਾਉਣ ਦੇ ਨਾਂ ਤੇ ਰਾਜ ਦੀ ਸੱਤਾ ਵਿਚ ਵਾਧਾ ਹੋਇਆ ਹੈ। ਇਹ ਸੁਤੰਤਰਤਾ ਦੀ ਧਾਰਨਾ ਦੇ ਵਿਰੁਧ ਹੈ। ਸੁਤੰਤਰਤਾ ਅਤੇ ਸੱਤਾ ਇਕ ਦੂਜੇ ਦੇ ਵਿਰੋਧੀ ਹਨ।
4. ਇਕ ਸਮਰੂਪ ਸਮਾਜ ਬਣਾਉਣ ਲਈ ਸਾਪੇਖ (positive) ਰਾਜ ਦੀ ਜ਼ਰੂਰਤ ਹੁੰਦੀ ਹੈ। ਇਸ ਦਾ ਅਰਥ ਹੈ ਕਿ ਲੋਕਾਂ ਵਲੋਂ ਰਾਜ ਲੋਕਾਂ ਦੀ ਭਲਾਈ ਲਈ ਐਕਸ਼ਨ ਲੈਂਦਾ ਹੈ। ਸੁਤੰਤਰਤਾ ਲਈ ਸਭ ਤੋਂ ਵਧੀਆ ਉਹ ਰਾਜ ਹੁੰਦਾ ਹੈ ਜਿਹੜਾ ਜਾਂ ਤਾਂ ਕੋਈ ਦਖ਼ਲ ਨਹੀਂ

ਦਿੰਦਾ ਜਾਂ ਘੱਟ ਤੋਂ ਘੱਟ ਦਖਲ ਦਿੰਦਾ ਹੈ ਜਿਸ ਨਾਲ ਲੋਕਾਂ ਦੀ ਆਪਣੀ ਸਮਰੱਥਾ ਉਤੇ ਛੱਡ ਦਿਤਾ ਜਾਂਦਾ ਹੈ। ਇਸ ਦਾ ਅਰਥ ਇਕ ਨਾਕਾਰਾਤਮਕ (negative) ਰਾਜ ਤੋਂ ਹੈ। ਇਸ ਤਰ੍ਹਾਂ ਜੇਕਰ ਰਾਜਨੀਤਿਕ ਸ਼ਕਤੀ ਬਾਰੇ ਦੋਹਾਂ ਸੰਕਲਪਾਂ-ਸੁਤੰਤਰਤਾ ਅਤੇ ਸਮਾਨਤਾ ਦੇ ਵਿਚਾਰ ਦੂਜੇ ਦੇ ਏ ਨੇ ਵਿਰੁੱਧ ਹਨ ਤਾਂ ਇਹ ਦੋਵੇਂ ਸੰਕਲਪ ਇਕ ਦੂਜੇ ਨਾਲ ਮੇਲ ਨਹੀਂ ਖਾ ਸਕਦੇ ।

5. ਪੂੰਜੀਵਾਦ ਦਾ ਵਿਕਾਸ ਪਾਬੰਦੀ ਰਹਿਤ ਸੁਤੰਤਰਤਾ ਉਤੇ ਨਿਰਭਰ ਕਰਦਾ ਹੈ ਜਿਸ ਦਾ ਅਰਥ ਹੈ ਰਾਜ ਮਨੁੱਖ ਦੀ ਆਰਥਿਕ ਸੁਤੰਤਰਤਾ ਵਿਚ ਘੱਟ ਤੋਂ ਘੱਟ ਦਖਲ ਦੇਵੇਗਾ ਅਤੇ ਇਸੇ ਤਰ੍ਹਾਂ ਉਥੇ ਪੂਰਣ ਸੁਤੰਤਰਤਾ ਹੋਵੇਗੀ। ਦੂਜੇ ਸ਼ਬਦਾਂ ਵਿਚ ਪੂੰਜੀਵਾਦ ਵਿਚ ਸੁਤੰਤਰਤਾ ਪੂਰਨ ਰੂਪ ਨਾਲ ਸੁਰਖਿਅਤ ਹੁੰਦੀ ਹੈ ਪਰ ਸਮਾਨਤਾ ਲਈ, ਪੂੰਜੀਵਾਦ ਦੀ ਸੁਤੰਤਰਤਾ ਉੱਤੇ ਬੰਦਸ਼ਾਂ ਦਾ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਇਹ ਦੋਵੇਂ ਧਾਰਨਾਵਾਂ ਨੂੰ ਇਕ ਦੂਜੇ ਦੇ ਪੂਰਕ ਨਹੀਂ ਕਿਹਾ ਜਾ ਸਕਦਾ।
6. ਪ੍ਰਜਾਤੰਤਰ ਦਾ ਵਸ਼ਿਸ਼ਟ ਵਰਗੀ (elitist) ਸਿਧਾਂਤ (ਜਿਸ ਨੂੰ ਪ੍ਰਜਾਤੰਤਰ ਬਾਰੇ ਗਰੁਪ ਸਿਧਾਂਤ ਵੀ ਕਿਹਾ ਜਾਂਦਾ ਹੈ) ਵੀ ਮਨੁੱਖ ਦੀ ਸਮਾਨਤਾ ਵਿਚ ਯਕੀਨ ਨਹੀਂ ਰੱਖਦਾ। ਅਸਮਾਨਤਾ ਨੂੰ ਵਸ਼ਿਸ਼ਟਵਰਗੀ ਸਿਧਾਂਤ ਦੇ ਸਮਰਥਕ ਸਮਾਜ ਦੀ ਜ਼ਰੂਰਤ ਮੰਨਦੇ ਹਨ। ਵਸ਼ਿਸ਼ਟ ਵਰਗ ਭਾਵ ਲੋਕਾਂ ਵਿਚੋਂ ਸਭ ਤੋਂ ਵਧੀਆ ਲੋਕ ਹੀ ਹਮੇਸ਼ਾਂ ਸ਼ਾਸਨ ਕਰਦੇ ਹਨ ਅਤੇ ਸੁਤੰਤਰਤਾ ਅਤੇ ਪ੍ਰਜਾਤੰਤਰ ਦੀ ਰੱਖਿਆ ਕਰਦੇ ਹਨ। ਇਨ੍ਹਾਂ ਅਨੁਸਾਰ, ਅਸਮਾਨਤਾ ਦਾ ਪ੍ਰਜਾਤੰਤਰ ਜਾਂ ਲੋਕਤੰਤਰ ਦੀ ਧਾਰਨਾ ਨਾਲ ਸਬੰਧ ਹੈ, ਸਮਾਨਤਾ ਦਾ ਨਹੀਂ। ਇਸ ਤਰ੍ਹਾਂ ਸਮਾਨਤਾ ਅਤੇ ਸੁਤੰਤਰਤਾ ਇਕ ਦੂਜੇ ਤੋਂ ਵੱਖਰੇ ਹਨ।

### 2.2.7. ਸਾਰਾਂਸ਼ (Conclusion)

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸੁਤੰਤਰਤਾ ਅਤੇ ਸਮਾਨਤਾ ਦੇ ਸੰਬੰਧ ਬਾਰੇ ਅਸੀਂ ਦੋਹਾਂ ਧਿਰਾਂ ਦੇ ਵਿਚਾਰਾਂ ਦਾ ਅਧਿਐਨ ਕੀਤਾ ਹੈ। ਇਹਨਾਂ ਦੋਹਾਂ ਦੇ ਹੀ ਆਪਣੇ ਆਪਣੇ ਗੁਣ ਅਤੇ ਦੋਸ਼ ਹਨ। ਸਮਾਜਿਕ ਸੰਬੰਧਾਂ ਅਤੇ ਅਮਲ ਵਿਚ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਮਾਜ ਵਿਚ ਸੁਤੰਤਰਤਾ ਅਤੇ ਸਮਾਨਤਾ ਨੂੰ ਵੱਖ-ਵੱਖ ਕਰਕੇ ਨਹੀਂ ਵੇਖਿਆ ਜਾਂਦਾ। ਸਾਕਾਰਾਤਮਕ ਸੁਤੰਤਰਤਾ, ਜਿਸ ਦਾ ਹਰ ਪ੍ਰਜਾਤੰਤਰ ਵਿਚ ਅਮਲ ਹੁੰਦਾ ਹੈ, ਸਮਾਨਤਾ ਦੀ ਵਿਰੋਧੀ ਨਹੀਂ। ਇਸ ਸਾਕਾਰਾਤਮਕ ਸੁਤੰਤਰਤਾ ਨੂੰ ਪੂਰਨ ਰੂਪ ਨਾਲ ਪ੍ਰਾਪਤ ਕਰਨ ਲਈ ਸਮਾਜਿਕ, ਆਰਥਿਕ, ਕਾਨੂੰਨੀ ਅਤੇ ਰਾਜਨੀਤਿਕ ਸਮਾਨਤਾ ਮੁੱਢਲੀ ਜ਼ਰੂਰਤ ਹੈ।

### 2.2.8 ਸਵੈ ਅਭਿਆਸ ਲਈ ਪ੍ਰਸ਼ਨਾਂ ਦੇ ਉੱਤਰ

(1) ਸੁਤੰਤਰਤਾ, ਸਮਾਨਤਾ ਤੇ ਭਗਤੀ ਭਾਵ 2. ਦੱਖਣੀ ਅਫਰੀਕਾ ਵਿਚ

(2) ਪੂਰਕ ਹਨ 2. ਪੂਰਕ ਨਹੀਂ ਹਨ।

### 2.2.9 ਸੁਝਾਈਆਂ ਪੁਸਤਕਾਂ


(i) J.S. Badyal : Political Theory (Punjabi)

(ii) Eddy Asrtvatham : Political Theory)

(iii) Sushila Ramaswamy : Political Theory

(iv) O.P. Gauba : An Introduction to Political Theory

(v) www.wikipedia.org

(vi) www.oup.com

ਪਾਠ ਨੰ. 2.3

# ਨਿਆਂ ਦੀ ਧਾਰਨਾ –ਅਰਥ, ਇਸ ਦੇ ਵਿਭਿੰਨ ਪੱਖ ਅਤੇ ਸੁਤੰਤਰਤਾ, ਸਮਾਨਤਾ ਅਤੇ ਸੰਪਤੀ ਨਾਲ ਨਿਆਂ ਦਾ ਸੰਬੰਧ

**(Justice-Meaning Its various dimensions and relationship of Liberty Equality, and Property with Justice)**

ਪਾਠ ਦੀ ਰੂਪ ਰੇਖਾ


2.3.1 ਪਾਠ ਦਾ ਉਦੇਸ਼
2.3.2 ਭੂਮਿਕਾ
2.3.3 ਨਿਆਂ ਦੀ ਪਰਿਭਾਸ਼ਾ ਅਤੇ ਅਰਥ
2.3.4 ਨਿਆਂ ਦੇ ਵੱਖ–2 ਪੱਖ
 2.3.4.1 ਕਾਨੂੰਨੀ ਨਿਆਂ
 2.3.4.2 ਰਾਜਨੀਤਿਕ ਨਿਆਂ
 2.3.4.3 ਸਮਾਜਿਕ ਨਿਆਂ
 2.3.4.4 ਆਰਥਿਕ ਨਿਆਂ
2.3.5 ਨਿਆਂ ਦੀ ਸੁਤੰਤਰਤਾ, ਸਮਾਨਤਾ ਅਤੇ ਸੰਪੱਤੀ ਨਾਲ ਸੰਬੰਧ
 2.3.5.1 ਨਿਆਂ ਅਤੇ ਸੁਤੰਤਰਤਾ
 2.3.5.2 ਨਿਆਂ ਅਤੇ ਸਮਾਨਤਾ
 2.3.5.3 ਨਿਆਂ ਅਤੇ ਸੰਪੱਤੀ
2.3.6 ਸਾਰੰਸ
2.3.7 ਸਵੈ–ਅਭਿਆਸ ਲਈ ਪ੍ਰਸ਼ਨ
2.3.8 ਸੁਝਾਈਆਂ ਪੁਸਤਕਾਂ


2.3.1 **ਪਾਠ ਦਾ ਉਦੇਸ਼** :– ਪਿਆਰੇ ਵਿਦਿਆਰਥੀਓ, ਇਸ ਪਾਠ ਵਿੱਚ ਅਸੀਂ ਨਿਆਂ ਦੇ ਵਿਸ਼ੇ ਉਪਰ ਚਰਚਾ ਕਰਾਂਗੇ। ਇਸ ਪਾਠ ਵਿੱਚ ਮੁੱਖ ਰੂਪ ਨਾਲ ਤੁਹਾਨੂੰ ਇਹ ਸਮਝਾਇਆ ਜਾਵੇਗਾ ਕਿ ਨਿਆਂ ਦੀ ਧਾਰਨਾ ਕਿਵੇਂ ਵਿਕਸਿਤ ਹੋਈ ਨਿਆਂ ਦਾ ਅਰਥ ਕੀ ਹੈ, ਨਿਆਂ ਦੇ ਸਮਾਜਿਕ, ਰਾਜਨੀਤਿਕ ਕਾਨੂੰਨੀ ਅਤੇ ਆਰਥਿਕ ਪਹਿਲੂਆਂ ਦਾ ਕੀ ਅਰਥ ਹੈ ਅਤੇ ਨਿਆਂ, ਸੰਪੱਤੀ ਅਤੇ ਸੁਤੰਤਰਤਾ ਨਾਲ ਕਿਵੇਂ ਸੰਬੰਧਿਤ ਹੈ।

2.3.2 **ਭੂਮਿਕਾ (Introdution)** : ਰਾਜਨੀਤਿਕ ਸਿਧਾਂਤ ਦੇ ਖੇਤਰ ਵਿਚ 'ਨਿਆਂ' ਦੀ ਧਾਰਣਾ ਦਾ ਇਕ ਵਿਲੱਖਣ ਸਥਾਨ ਹੈ। ਰਾਜ ਤੇ ਸਰਕਾਰ ਦੇ ਸਾਰੇ ਕਾਰਜਾਂ ਵਿਚੋਂ ਨਿਆਂ ਪ੍ਰਦਾਨ ਕਰਨ ਦਾ ਸਦਾ ਤੋਂ ਹੀ ਇਕ ਮਹੱਤਵਪੂਰਨ ਕਾਰਜ ਮੰਨਿਆ ਜਾਂਦਾ ਰਿਹਾ ਹੈ। ਬਰੇਸ਼ (Brecht) ਨੇ ਨਿਆਂ ਪ੍ਰਦਾਨ ਕਰਨ ਦੇ ਕਾਰਜ ਦੀ ਮਹੱਤਤਾ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤੀ ਹੈ, 'ਦੋ ਸਿਧਾਂਤ ਜਿਨ੍ਹਾਂ ਬਾਰੇ ਰਾਜਨੀਤਿਕ ਵਿਚਾਰਕਾਂ ਵਿਚ ਕੋਈ ਮਤਭੇਦ ਨਹੀਂ ਹਨ : ਪਹਿਲਾ, ਸਰਕਾਰ ਦੇ ਆਪਣੇ ਕਾਰਜ ਨਿਆਂਪੂਰਣ ਹੋਣੇ ਚਾਹੀਦੇ ਹਨ ਅਤੇ ਦੂਜਾ : ਕਾਨੂੰਨੀ ਅਦਾਲਤਾਂ ਜਿਹੀਆਂ ਸਰਕਾਰੀ ਸੰਸਥਾਵਾਂ ਨੂੰ ਨਿਆਂ ਦੀ ਸੁਰੱਖਿਆ ਕਰਨ ਲਈ ਕਾਰਜ ਕਰਨਾ ਚਾਹੀਦਾ ਹੈ।

2.3.3 **ਨਿਆਂ ਦੀ ਪਰਿਭਾਸ਼ਾ ਅਤੇ ਅਰਥ (Meaning and Definition of Justice)** : ਪਰ ਰਾਜਨੀਤਿਕ ਜੀਵਨ ਦੀ ਏਨੀ ਮਹੱਤਵਪੂਰਣ ਸਚਾਈ ਹੋਣ ਦੇ ਬਾਵਜੂਦ ਵੀ, ਨਿਆਂ ਦੀ ਸਹੀ ਤੇ ਸਪਸ਼ਟ ਪਰਿਭਾਸ਼ਾ ਕਰ ਸਕਣਾ ਸੰਭਵ ਨਹੀਂ। ਨਿਆਂ ਦੀ ਪਰਿਭਾਸ਼ਾ ਨਾ ਸਿਰਫ ਵੱਖ–ਵੱਖ ਸਮਿਆਂ ਤੇ ਹੀ ਵੱਖ–ਵੱਖ ਕੀਤੀ ਜਾਂਦੀ ਰਹੀ ਹੈ ਸਗੋਂ ਹਰ ਵਿਅਕਤੀ ਨਿਆਂ ਪ੍ਰਤੀ ਆਪਣੀ ਧਾਰਨਾ ਦੇ ਅਨੁਸਾਰ ਇਸ ਦਾ ਵੱਖ–ਵੱਖ ਅਰਥ

ਲੈਂਦਾ ਹੈ। ਇਸ ਦੇ ਨਾਲ ਹੀ ਗਤੀਸ਼ੀਲ ਧਾਰਨਾ ਹੋਣ ਕਾਰਨ ਨਿਆਂ ਦਾ ਅਰਥ ਵੀ ਸਮੇਂ ਸਮੇਂ ਬਦਲਦਾ ਰਿਹਾ ਹੈ, ਇਸ ਤਰ੍ਹਾਂ ਜੋ ਕੱਲ੍ਹ ਨਿਆਂ ਪੂਰਣ ਸੀ, ਹੋ ਸਕਦਾ ਹੈ ਉਹ ਅੱਜ ਅਨਿਆਂਪੂਰਣ ਹੋਵੇ ਜਾਂ ਜੋ ਕੱਲ੍ਹ ਅਨਿਆਂ ਸਮਝਿਆ ਜਾਂਦਾ ਸੀ, ਉਹ ਅੱਜ ਨਿਆਂ ਪੂਰਣ ਹੋਵੇ। ਇਸੀ ਤਰ੍ਹਾਂ ਆਉਣ ਵਾਲੇ ਸਮੇਂ ਵਿਚ ਨਿਆਂ ਦੀ ਧਾਰਣਾ ਵਿਚ ਪਰਿਵਰਤਨ ਆ ਸਕਦਾ ਹੈ। ਇਹੀ ਨਹੀਂ ਨਿਆਂ ਦੀ ਸੂਖਮ ਧਾਰਨਾ ਦਾ ਨਿਆਂ ਦੇ ਅਮਲੀ ਰੂਪ ਨਾਲ ਸੁਮੇਲ ਕਰਨਾ ਵੀ ਇਕ ਕਠਿਨ ਕਾਰਜ ਹੈ। ਉਦਾਹਰਣ ਵਜੋਂ ਅਸੀਂ ਦੈਵੀ ਕਾਨੂੰਨ ਜਾਂ ਨੈਤਿਕ ਕਾਨੂੰਨ ਦੀ ਗੱਲ ਤਾਂ ਕਰਦੇ ਹਾਂ, ਪਰ ਇਸ ਦੇ ਮਾਪਦੰਡ ਕੀ ਹਨ ਤੇ ਇਸ ਨੂੰ ਅਮਲੀ ਰੂਪ ਕਿਵੇਂ ਦਿੱਤਾ ਜਾਏਗਾ ? ਇਹ ਨਿਸ਼ਚਿਤ ਕਰਨਾ ਇਕ ਕਠਿਨ ਕੰਮ ਹੈ। ਇਸੇ ਲਈ ਹੀ **ਪੋਟਰ (Potter)** ਨੇ ਕਿਹਾ ਹੈ ਕਿ ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਉਹ ਨਿਆਂ ਦਾ ਅਰਥ ਸਮਝਦੇ ਹਨ, ਪਰ ਅਸਲ ਵਿਚ ਉਨ੍ਹਾਂ ਦੇ ਵਿਚਾਰ ਅਸਪਸ਼ਟ ਹੀ ਹੁੰਦੇ ਹਨ। ਨਿਆਂ ਦੀ ਪਰਿਭਾਸ਼ਾ ਕਰਨ ਵਿਚ ਜਿਹੜੀ ਮੁੱਖ ਔਕੜ ਆਉਂਦੀ ਹੈ ਉਹ ਇਹ ਹੈ ਕਿ (ਨਿਆਂ) ਇਕ ਸੁਤੰਤਰ ਧਾਰਨਾ ਨਹੀਂ, ਸਗੋਂ ਇਹ ਸਮਾਜ ਵਿਚ ਪ੍ਰਚਲਿਤ ਕਦਰਾਂ ਕੀਮਤਾਂ ਅਤੇ ਸਮਾਜਿਕ ਢਾਂਚੇ ਦੇ ਅਮਲੀ ਵਿਵਹਾਰ ਨਾਲ ਗੂੜ੍ਹੀ ਤਰ੍ਹਾਂ ਜੁੜੀ ਹੋਈ ਧਾਰਨਾ ਹੈ।

**ਪਲੈਟੋ (Plato)** ਨੇ ਨਿਆਂ ਨੂੰ ਇਕ ਉੱਤਮ ਗੁਣ (virtue) ਵਜੋਂ ਪਰਿਭਾਸ਼ਤ ਕੀਤਾ ਹੈ। ਉਸ ਦਾ ਮੱਤ ਸੀ ਕਿ ਨਿਆਂ ਦਾ ਉਦੇਸ਼ ਹਰ ਇਕ ਵਿਅਕਤੀ ਨੂੰ ਉਸ ਦਾ ਹੱਕ (Due) ਦੇਣਾ ਮਾਤਰ ਨਹੀਂ ਹੈ ਸਗੋਂ ਸਮਾਜ ਦੇ ਵਿਭਿੰਨ ਭਾਗਾਂ ਵਿਚ ਸਹੀ ਸੰਤੁਲਨ (right proportion) ਕਾਇਮ ਕਰਨਾ ਹੈ। ਏਸੇ ਤਰ੍ਹਾਂ ਨਿਆਂ ਨੂੰ ਸਮਾਨਤਾ ਦੀ ਧਾਰਣਾ ਵਜੋਂ ਲੈਣ ਵਾਲੇ ਵਿਚਾਰਕਾਂ ਦੇ ਕਥਨ ਅਨੁਸਾਰ, ਜਿਥੇ ਵੀ ਸਮਾਨਤਾ ਨੂੰ ਸਰਬ ਉੱਚ ਸਥਾਨ ਪ੍ਰਦਾਨ ਕੀਤਾ ਜਾਂਦਾ ਹੈ, ਉਥੇ ਨਿਆਂ ਮੌਜੂਦ ਹੈ। **ਉਦਾਰਵਾਦੀਆਂ (Liberalists)** ਅਨੁਸਾਰ, ''ਨਿਆਂ ਤੋਂ ਭਾਵ ਹੈ, ਸੁਤੰਤਰਤਾ ਦੀ ਹੋਂਦ''। **ਉਪਯੋਗਤਾਵਾਦੀਆਂ (Utilitarianists)** ਅਨੁਸਾਰ, ਵੱਧ ਤੋਂ ਵੱਧ ਲੋਕਾਂ ਦਾ ਵੱਧ ਤੋਂ ਵੱਧ ਕਲਿਆਣ (Greatest good of greatest number) ਹੀ ਨਿਆਂ ਹੈ। ਏਸੇ ਤਰ੍ਹਾਂ ਕੁਝ ਲੋਕ ਨਿਆਂ ਤੋਂ ਭਾਵ 'ਕਰਤਵ' ਤੋਂ ਲੈਂਦੇ ਹਨ ਤੇ ਕੁਝ 'ਕਾਨੂੰਨ ਤੇ ਵਿਵਸਥਾ ਦੀ ਸਥਾਪਨਾ' ਤੋਂ। ਕੁਝ ਅਨੁਸਾਰ 'ਨਿਆਂ ਕਾਨੂੰਨੀ ਵਿਵਸਥਾ ਤੇ ਸਜ਼ਾ ਨਾਲ ਸਬੰਧਿਤ ਹੈ' ਤਾਂ ਕੁਝ ਅਨੁਸਾਰ 'ਵਿਅਕਤੀਗਤ ਅਧਿਕਾਰਾਂ ਦਾ ਸਮਾਜਿਕ ਦਰਜਾ ਨਿਰਧਾਰਤ ਕਰਨ ਨਾਲ।' ਏਸੇ ਤਰ੍ਹਾਂ ਸਮਾਜਵਾਦੀ ਨਿਆਂ ਦੀ ਧਾਰਨਾ ਦਾ ਆਧਾਰ 'ਲੋੜ ਤੇ ਮੌਲਿਕ ਸਮਾਨਤਾ' ਮੰਨਦੇ ਹਨ। ਗੱਲ ਕੀ, ਨਿਆਂ ਕੀ ਹੈ, ਇਸ ਬਾਰੇ ਕਈ ਸਾਰੇ ਤੇ ਇਕ ਦੂਜੇ ਤੋਂ ਬਿਲਕੁਲ ਹੀ ਵੱਖ-ਵੱਖ ਦ੍ਰਿਸ਼ਟੀਕੋਣ ਹਨ।

### 2.3.4 ਨਿਆਂ ਦੇ ਵੱਖ-ਵੱਖ ਪੱਖ (Various dimensions of Justice)

ਜਿਵੇਂ ਕਿ ਅਸੀਂ ਹੁਣੇ ਪਹਿਲੇ ਵੀ ਦੇਖਿਆ ਹੈ, ਨਿਆਂ ਦੀ ਧਾਰਨਾ ਸਥਿਰ ਨਹੀਂ, ਸਗੋਂ ਇਹ ਸਮਾਜ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਲੋੜਾਂ ਅਨੁਸਾਰ, ਬਦਲਦੀ ਰਹਿੰਦੀ ਹੈ। ਅਸਲ ਵਿਚ ਨਿਆਂ ਰਾਜ ਦੁਆਰਾ ਕਾਨੂੰਨ ਰਾਹੀਂ ਲਾਗੂ ਕੀਤੀ ਗਈ ਇਕ ਪ੍ਰਣਾਲੀ ਮਾਤਰ ਨਹੀਂ ਹੈ, ਸਗੋਂ ਇਸ ਦਾ ਸੰਬੰਧ ਸਮੁੱਚੀ ਰਾਜਨੀਤਿਕ ਪ੍ਰਣਾਲੀ ਦੇ ਰਾਜਨੀਤਿਕ, ਆਰਥਿਕ ਤੇ ਸਮਾਜਿਕ ਸਾਰੇ ਹੀ ਪੱਖਾਂ ਨਾਲ ਹੁੰਦਾ ਹੈ। ਨਿਆਂ ਦਾ ਸਮੁੱਚਾ ਤੇ ਸਹੀ ਅਰਥ ਸਮਝਣ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਵੱਖ-ਵੱਖ ਪੱਖਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰੀਏ। ਇਹ ਪੱਖ ਹਨ : (1) ਕਾਨੂੰਨੀ ਨਿਆਂ (2) ਰਾਜਨੀਤਿਕ ਨਿਆ (3) ਸਮਾਜਿਕ ਨਿਆ ਅਤੇ (4) ਆਰਥਿਕ ਨਿਆਂ।

ਨਿਆਂਪਾਲਿਕਾ ਦੀ ਸੁਤੰਤਰਤਾ ਵੀ ਨਿਆਂਪਾਲਿਕਾ ਦੀ ਨਿਰਪੱਖਤਾ ਜਿੰਨੀ ਹੀ ਮਹੱਤਵਪੂਰਣ ਹੈ। ਨਿਆਂਪਾਲਿਕਾ ਦੀ ਸੁਤੰਤਰਤਾ ਦਾ ਅਰਥ ਇਹ ਹੈ ਕਿ ਨਿਆਂਪਾਲਿਕਾ ਸਰਕਾਰ ਦੇ ਦੂਜੇ ਅੰਗਾਂ (ਵਿਧਾਨ ਪਾਲਿਕਾ ਤੇ ਕਾਰਜ ਪਾਲਿਕਾ) ਦੇ ਨਿਯੰਤਰਣ ਤੋਂ ਸੁਤੰਤਰ ਹੋਣੀ ਚਾਹੀਦੀ ਹੈ ਅਤੇ ਸਰਕਾਰ ਦੇ ਕਿਸੇ ਵੀ ਅੰਗ ਕੋਲ ਏਨੀ ਸ਼ਕਤੀ ਨਹੀਂ ਹੋਣੀ ਚਾਹੀਦੀ ਕਿ ਉਹ ਨਿਆਂਪਾਲਿਕਾ ਦੇ ਫੈਸਲਿਆਂ ਨੂੰ ਆਪਣੀ ਇੱਛਾ ਅਨੁਸਾਰ ਬਦਲਵਾ ਸਕੇ। ਨਿਆਂਪਾਲਿਕਾ ਨੂੰ ਜਨਤਾ ਦੇ ਅਧਿਕਾਰਾਂ ਦੀ ਰੱਖਿਅਕ (guardian) ਮੰਨਿਆ ਜਾਂਦਾ ਹੈ। ਇਹ ਕਾਰਜ ਉਹ ਤਾਂ ਹੀ ਭਲੀ-ਭਾਂਤ ਨਿਭਾ ਸਕਦੀ ਹੈ, ਜੇਕਰ ਉਹ ਪੂਰੀ ਤਰ੍ਹਾਂ ਸੁਤੰਤਰ ਹੋਵੇ। ਜੱਜਾਂ ਦੀ ਨਿਯੁਕਤੀ ਦਾ ਢੰਗ ਅਤੇ ਉਨ੍ਹਾਂ ਦੀ ਨੌਕਰੀ ਦੀਆਂ ਸ਼ਰਤਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਲਈ ਸੁਤੰਤਰਤਾਪੂਰਵਕ ਕਾਰਜ ਸੰਭਵ ਹੋਵੇ।

ਇਸ ਦੇ ਨਾਲ ਹੀ ਕਾਨੂੰਨੀ ਨਿਆਂ ਆਮ ਗਰੀਬ ਜਨਤਾ ਲਈ ਤਾਂ ਹੀ ਲਾਹੇਵੰਦ ਹੋ ਸਕਦਾ ਹੈ ਜੇਕਰ

ਕਾਨੂੰਨੀ ਪ੍ਰਕ੍ਰਿਆ ਸਫ਼ਲ, ਸਿੱਧੀ ਅਤੇ ਸਸਤੀ ਹੋਵੇ। ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਵਿਚ ਨਿਆਂਇਕ ਪ੍ਰਕ੍ਰਿਆ ਕਾਫ਼ੀ ਮਹਿੰਗੀ ਅਤੇ ਗੁੰਝਲਦਾਰ ਹੈ, ਜਿਸ ਕਾਰਨ ਆਮ ਲੋਕਾਂ ਨੂੰ ਨਿਆਂ ਪ੍ਰਾਪਤ ਹੋ ਸਕਣਾ ਸੰਭਵ ਨਹੀਂ।

### ਜੱਜਾਂ ਦੀ ਨਿਰਪੱਖਤਾ (Impartiality of Judges)

ਨਿਆਂ ਦੇ ਨਿਆਂਪੂਰਣ ਸਾਸ਼ਨ ਦਾ ਇਕ ਹੋਰ ਅਰਥ ਇਹ ਵੀ ਹੈ ਕਿ ਨਿਆਂ ਪ੍ਰਦਾਨ ਕਰਨ ਵਾਲੇ ਜੱਜ ਜਾਂ ਨਿਆਂਧੀਸ਼ ਨਿਰਪੱਖ ਹਨ ਅਤੇ ਉਹ ਆਪਣੇ ਸਾਹਮਣੇ ਪੇਸ਼ ਕੀਤੇ ਗਏ ਮਾਮਲਿਆਂ ਦਾ ਫੈਸਲਾ ਵਿਅਕਤੀਗਤ ਫਾਇਦਿਆਂ (ਜਿਵੇਂ ਕਿ ਨੌਕਰੀ ਦੀ ਸੁਰੱਖਿਆ ਜਾਂ ਕਿਸੇ ਇਨਾਮ ਦੀ ਆਸ ਆਦਿ) ਨੂੰ ਮੁੱਖ ਰੱਖਕੇ ਨਹੀਂ ਕਰਦੇ। ਜੱਜਾਂ ਦਾ ਕਰਤਵ ਸਿਰਫ਼ ਨਿਆਂ ਪ੍ਰਦਾਨ ਕਰਨਾ ਹੀ ਨਹੀਂ ਸਗੋਂ ਇਹ ਧਿਆਨ ਵੀ ਰੱਖਣਾ ਹੈ ਕਿ ਉਨ੍ਹਾਂ ਦੇ ਫੈਸਲੇ ਦੇਸ਼ ਦੇ ਮਾਨਤਾ ਪ੍ਰਾਪਤ ਕਾਨੂੰਨ ਅਨੁਸਾਰ ਹੋਣ। ਭਾਵ ਦੇਸ਼ ਦੇ ਕਾਨੂੰਨਾਂ ਤੋਂ ਜੋ ਅਰਥ ਆਮ ਜਨਤਾ ਲੈਂਦੀ ਹੈ, ਉਸ ਨੂੰ ਸਨਮੁੱਖ ਰੱਖਕੇ ਹੀ ਜੱਜਾਂ ਨੂੰ ਫੈਸਲੇ ਕਰਨੇ ਚਾਹੀਦੇ ਹਨ। ਆਮ ਜਨਤਾ ਵਿਚ ਇਹ ਵਿਸ਼ਵਾਸ ਹੋਣਾ ਲਾਜ਼ਮੀ ਹੈ ਕਿ ਉਨ੍ਹਾਂ ਨੂੰ ਨਿਆਂ ਪ੍ਰਾਪਤ ਹੋ ਰਿਹਾ ਹੈ ਅਤੇ ਅਦਾਲਤਾਂ ਨਿਆਂਪੂਰਣ ਕਾਨੂੰਨ ਦੇ ਸਿਧਾਂਤਾਂ ਅਨੁਸਾਰ ਕਾਰਜ ਕਰਦੀਆਂ ਹਨ।

### 2.3.4.2 ਰਾਜਨੀਤਿਕ ਨਿਆਂ (Political Justice)

ਰਾਜਨੀਤਿਕ ਨਿਆਂ ਤੋਂ ਭਾਵ ਹੈ ਸਭ ਲਈ ਸਮਾਨ ਰਾਜਨੀਤਿਕ ਅਧਿਕਾਰ ਅਤੇ ਨਿਰਣੇ ਲੈਣ ਦੀ ਰਾਜਨੀਤਿਕ ਪ੍ਰਕ੍ਰਿਆ ਵਿਚ ਰਾਜ ਦੀ ਸ਼ਕਤੀ ਵਿਚ ਆਮ ਜਨਤਾ ਦੀ ਭਾਗੀਦਾਰੀ ਅਤੇ ਸਹਿਯੋਗ ਨਿਆਂ ਦਾ ਇਹ ਪੱਖ ਉਦਾਰਵਾਦੀ ਲੋਕਤੰਤਰ ਦੀ ਦੇਣ ਹੈ ਜਿਸ ਅਧੀਨ ਸੁਤੰਤਰਤਾ, ਸਮਾਨਤਾ ਅਤੇ ਅਧਿਕਾਰ ਦੇ ਸੰਦਰਭ ਵਿਚ ਰਾਜ ਤੇ ਵਿਅਕਤੀ ਦੇ ਸੰਬੰਧਾਂ ਨੂੰ ਮੁੜ ਪਰਿਭਾਸ਼ਤ ਕੀਤਾ।

ਜਿਸ ਤਰ੍ਹਾਂ ਅਸੀਂ ਪਹਿਲਾਂ ਵੀ ਦੱਸਿਆ ਹੈ, ਰਾਜਨੀਤਿਕ ਨਿਆਂ ਦਾ ਪਹਿਲਾ ਅਰਥ ਹੈ ਸਾਰੇ ਨਾਗਰਿਕਾਂ ਲਈ ਸਮਾਨ ਰਾਜਨੀਤਿਕ ਅਧਿਕਾਰ। ਕੁਝ ਮੁੱਖ ਰਾਜਨੀਤਿਕ ਅਧਿਕਾਰ ਹਨ, ਸਰਬ ਬਾਲਗ ਮਤ-ਅਧਿਕਾਰ, ਚੋਣਾਂ ਵਿਚ ਖੜ੍ਹੇ ਹੋਣ ਦਾ ਅਧਿਕਾਰ, ਅਹੁਦਾ ਧਾਰਨ ਕਰਨ ਦਾ ਅਧਿਕਾਰ, ਘੁੰਮਣ ਫਿਰਨ ਦੀ ਆਜ਼ਾਦੀ, ਆਪਣੇ ਵਿਚਾਰ ਪ੍ਰਗਟਾਉਣ ਅਤੇ ਭਾਸ਼ਨ ਦੇਣ ਦੀ ਆਜ਼ਾਦੀ ਅਤੇ ਸਰਕਾਰ ਦੀ ਆਲੋਚਨਾ ਕਰਨ ਦਾ ਅਧਿਕਾਰ।

ਇਸ ਦੇ ਨਾਲ ਹੀ ਰਾਜਨੀਤਿਕ ਨਿਆਂ ਦਾ ਆਧਾਰ ਜਨਤਾ ਦਾ ਇਹ ਵਿਸ਼ਵਾਸ ਹੈ ਕਿ ਸੱਤਾ ਦਾ ਆਧਾਰ ਲੋਕਾਂ ਦੀ ਸਹਿਮਤੀ ਹੈ ਅਤੇ ਅਸਲ ਵਿਚ ਲੋਕ ਹੀ ਸ਼ਕਤੀ ਦਾ ਸੋਮਾ ਹਨ। ਰਾਜਨੀਤਿਕ ਨਿਆਂ ਦਾ ਅਰਥ ਇਹ ਵੀ ਹੈ ਕਿ ਰਾਜਨੀਤਿਕ ਸ਼ਕਤੀ ਜਨਤਾ ਜਾਂ ਸ਼ਾਸ਼ਿਤਾਂ ਦੁਆਰਾ ਸ਼ਾਸਕਾਂ ਨੂੰ ਸੌਂਪੀ ਗਈ ਇਕ ਅਮਾਨਤ (Trust) ਹੈ ਅਤੇ ਸ਼ਾਸਕ ਆਪਣੇ ਕਾਰਜਾਂ ਲਈ ਜਨਤਾ ਅੱਗੇ ਜਵਾਬਦੇਹ ਹਨ।

ਰਾਜਨੀਤਿਕ ਨਿਆਂ ਦੇ ਇਕ ਹੋਰ ਪੱਖ ਦਾ ਸੰਬੰਧ ਰਾਜਨੀਤਿਕ ਪੱਧਰ ਤੇ ਫੈਸਲੇ ਲੈਣ ਦੀ ਪ੍ਰਕ੍ਰਿਆ ਨਾਲ ਹੈ। ਇਸ ਪੱਖ ਤੋਂ ਰਾਜਨੀਤਿਕ ਨਿਆਂ ਤੋਂ ਭਾਵ ਹੈ, ਰਾਜਨੀਤਿਕ ਪ੍ਰਕਿਰਿਆ ਵਿਚ ਲੋਕਾਂ ਦੀ ਭਾਗੇਦਾਰੀ, ਜਨਤਾ ਦਾ ਪੂਰਾ ਸਨਮਾਨ ਅਤੇ ਸਾਰੇ ਅਹਿਮ ਮਸਲਿਆਂ ਉਤੇ ਆਮ ਸਹਿਮਤੀ।

ਇਸ ਦੇ ਨਾਲ ਹੀ, ਦੇਸ਼ ਦੀਆਂ ਪ੍ਰਸ਼ਾਸਨਿਕ ਸੇਵਾਵਾਂ ਵਿਚ ਬਿਨਾਂ ਕਿਸੇ ਭੇਦ ਦੇ ਭਰਤੀ ਰਾਜਨੀਤਿਕ ਨਿਆਂ ਦੀ ਹੋਰ ਜ਼ਰੂਰੀ ਲੋੜੀਂਦੀ ਸ਼ਰਤ ਹੈ।

### 2.3.4.3. ਸਮਾਜਿਕ ਨਿਆਂ (Social Justice)

ਸਮਾਜਿਕ ਨਿਆਂ ਤੋਂ ਭਾਵ ਹੈ-ਜਾਤੀ, ਨਸਲ, ਰੰਗ ਜਾਂ ਲਿੰਗ ਦੇ ਭੇਦ ਭਾਵ ਤੋਂ ਬਿਨਾਂ ਸਾਰਿਆਂ ਲਈ ਆਪਣੇ ਵਿਅਕਤੀਤਵ ਦੇ ਵਿਕਾਸ ਲਈ ਸਮਾਨ ਸਮਾਜਿਕ ਅਵਸਰ ਜਾਂ ਮੌਕੇ। ਸਮਾਜਿਕ ਨਿਆਂ ਵਿਅਕਤੀ ਦੇ ਹਿਤਾਂ ਅਤੇ ਸਮਾਜ ਦੇ ਹਿੱਤਾਂ ਵਿਚ ਸੁਮੇਲ ਸਥਾਪਤ ਕਰਨ ਦਾ ਇਕ ਯਤਨ ਹੈ। ਇਸ ਦੀ ਆਧਾਰ-ਭੂਤ ਧਾਰਨਾ ਇਹ ਵਿਸ਼ਵਾਸ ਹੈ ਕਿ ਗਰੀਬਾਂ ਤੇ ਲੋੜਵੰਦਾਂ ਦੀ ਭਲਾਈ ਤੇ ਵਿਕਾਸ ਵਿਚ ਸਾਰੇ ਸਮਾਜ ਤੇ ਭਾਈਚਾਰੇ ਦੀ ਭਲਾਈ ਹੈ, ਸੋ ਇਸ ਲਈ ਉਪਰੋਕਤ ਤਰਕ ਰਹਿਤ ਭੇਦਭਾਵਾਂ ਦੇ ਆਧਾਰ ਤੇ ਕਿਸੇ ਨੂੰ ਵੀ ਉਹ ਸਮਾਜਿਕ ਹਾਲਾਤ ਪ੍ਰਦਾਨ ਕਰਨ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ ਜੋ ਉਸ ਦੇ ਸਰਬਪੱਖੀ ਵਿਕਾਸ ਲਈ ਲੋੜੀਂਦੇ ਹਨ। ਸਮਾਜਿਕ ਨਿਆਂ ਦਾ ਮੰਤਵ ਯੋਜਨਾਬੱਧ ਢੰਗ ਨਾਲ ਇਕੋ ਜਿਹੇ ਸਮਾਨ ਅਵਸਰ ਪ੍ਰਦਾਨ ਕਰਨਾ ਹੈ ਤਾਂ ਕਿ ਆਮਦਨੀ ਤੇ ਧਨ ਦੇ ਬੇਤਰਤੀਬੇ ਪ੍ਰਸਾਰ ਨੂੰ ਨਿਯੰਤ੍ਰਿਤ ਕਰਨਾ ਸੰਭਵ ਹੋ ਸਕੇ।

ਸਮਾਜਿਕ ਨਿਆਂ ਕੇਵਲ ਅਜਿਹੇ ਸਮਾਜ ਵਿਚ ਹੀ ਸੰਭਵ ਹੈ, ਜਿਸ ਵਿਚ ਮਨੁੱਖ ਦੁਆਰਾ ਮਨੁੱਖ ਦਾ ਸੋਸ਼ਣ ਨਹੀਂ ਹੁੰਦਾ ਅਤੇ ਕੁਝ ਕੁ ਲੋਕਾਂ ਦਾ ਐਸ਼ੋ-ਆਰਾਮ ਤੇ ਸੁਖ ਸਮਾਜ ਦੇ ਇਕ ਵੱਡੇ ਭਾਗ ਦੇ ਦੁੱਖਾਂ ਦਾ ਸਬੱਬ ਨਹੀਂ ਬਣਦਾ। ਸੋ ਸਮਾਜਿਕ ਨਿਆਂ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ, ਛੂਤ-ਛਾਤ, ਗਰੀਬੀ, ਅਨਪੜ੍ਹਤਾ ਅਤੇ ਜਹਾਲਤ ਦੇ ਖਾਤਮੇ ਦੀ ਮੰਗ ਕਰਦਾ ਹੈ। ਇਸ ਦਾ (ਸਮਾਜਿਕ ਨਿਆਂ ਦਾ) ਸਮਾਜਿਕ ਬਰਾਬਰੀ ਅਤੇ ਆਰਥਿਕ ਅਧਿਕਾਰਾਂ ਨਾਲ ਵੀ ਡੂੰਘਾ ਸੰਬੰਧ ਹੈ, ਕਿਉਂਕਿ ਕੇਵਲ ਇਨ੍ਹਾਂ ਰਾਹੀਂ ਹੀ ਸਮਾਜ ਵਿਚੋਂ ਸ਼ੋਸਣ ਖ਼ਤਮ ਕਰਨਾ ਸੰਭਵ ਹੈ।

### 2.3.4.4. ਆਰਥਿਕ ਨਿਆਂ (Economic Justice)

ਸਮਾਜਿਕ ਨਿਆਂ ਦਾ ਆਰਥਿਕ ਨਿਆਂ ਨਾਲ ਬੜਾ ਗੂੜ੍ਹਾ ਸੰਬੰਧ ਹੈ। ਇਹ ਸੰਬੰਧ ਏਨਾਂ ਡੂੰਘਾ ਹੈ ਕਿ ਇਨ੍ਹਾਂ ਵਿਚੋਂ ਕਿਸੇ ਇਕ ਦੀ ਚਰਚਾ ਕਰਦੇ ਸਮੇਂ, ਦੂਜੇ ਦਾ ਜ਼ਿਕਰ ਆਉਣਾ ਲਾਜ਼ਮੀ ਹੀ ਹੈ। ਇਥੇ ਇਹ ਸਮਝ ਲੈਣਾ ਵੀ ਜ਼ਰੂਰੀ ਹੈ ਕਿ ਭਾਵੇਂ ਸਮਾਜਿਕ ਬੁਰਾਈਆਂ ਦੀ ਜੜ੍ਹ ਅਸਲ ਵਿਚ ਆਰਥਿਕ ਖੇਤਰ ਵਿਚ ਹੀ ਹੁੰਦੀ ਹੈ (ਜਿਵੇਂ ਕਿ ਪੂੰਜੀਪਤੀਆਂ ਦੁਆਰਾ ਕਾਮਿਆਂ ਦਾ ਸ਼ੋਸ਼ਣ ਜਾਂ ਰਾਸ਼ਟਰੀ ਧਨ ਦਾ ਕੁਝ ਕੁ ਹੱਥਾਂ ਵਿਚ ਹੀ ਕੇਂਦਰਿਤ ਹੋ ਜਾਣਾ।) ਇਸੇ ਲਈ ਜਦੋਂ ਅਸੀਂ ਆਰਥਿਕ ਨਿਆਂ ਦੇ ਪੱਖ ਤੋਂ ਸੁਤੰਤਰਤਾ ਦੀ ਗੱਲ ਕਰਦੇ ਹਾਂ ਤਾਂ ਇਸ ਸੁਤੰਤਰਤਾ ਦਾ ਖੇਤਰ ਰਾਜਨੀਤਿਕ ਨਾ ਰਹਿ ਕੇ ਸਮਾਜਿਕ ਤੇ ਆਰਥਿਕ ਬਣ ਜਾਂਦਾ ਹੈ। ਇਹ ਆਮ ਹੀ ਕਿਹਾ ਜਾਂਦਾ ਹੈ ਕਿ, 'ਉਹ ਸੁਤੰਤਰਤਾ ਜੋ ਆਰਥਿਕ ਨਿਆਂ ਪ੍ਰਾਪਤ ਕਰਨ ਦੇ ਰਾਹ ਵਿਚ ਰੁਕਾਵਟ ਬਣਦੀ ਹੈ, ਫਜ਼ੂਲ ਹੈ।' ਇਕ ਭੁੱਖੇ ਵਿਅਕਤੀ ਲਈ ਜਾਂ ਇਕ ਅਜਿਹੇ ਵਿਅਕਤੀ ਲਈ ਜਿਸ ਨੂੰ ਮਨੁੱਖ ਵਜੋਂ ਸਨਮਾਨ ਪ੍ਰਾਪਤ ਕਰਨ ਲਈ ਲੋੜੀਂਦੇ ਸਾਧਨ ਪ੍ਰਾਪਤ ਹੀ ਨਹੀਂ, ਰਾਜਨੀਤਿਕ ਸੁਤੰਤਰਤਾ ਇਕ ਅਰਥਹੀਨ ਸ਼ਬਦ ਹੈ।

ਸਾਧਾਰਨ ਸ਼ਬਦਾਂ ਵਿਚ ਆਰਥਿਕ ਨਿਆਂ ਤੋਂ ਭਾਵ ਹੈ ਕਿ ਆਰਥਿਕ ਕਦਰਾਂ ਕੀਮਤਾਂ ਦੇ ਆਧਾਰ ਤੇ ਮਨੁੱਖਾਂ ਵਿਚ ਅਸਮਾਨਤਾਵਾਂ ਦਾ ਨਾ ਹੋਣਾ। ਸਾਕਾਰਾਤਮਕ ਪੱਖ ਤੋਂ ਆਰਥਿਕ ਨਿਆਂ ਤੋਂ ਭਾਵ ਹੈ ਸਮਾਜ ਦੇ ਲੋਕਾਂ ਦੀਆਂ ਮੁਢਲੀਆਂ ਆਰਥਿਕ ਜ਼ਰੂਰਤਾਂ ਦੀ ਪੂਰਤੀ। ਇਸ ਅਧੀਨ ਸਾਰੇ ਸਰੀਰਕ ਤੇ ਮਾਨਸਿਕ ਤੌਰ ਤੇ ਤੰਦਰੁਸਤ ਲੋਕਾਂ ਨੂੰ ਰੋਟੀ, ਕਪੜਾ, ਮਕਾਨ ਅਤੇ ਰੋਜ਼ਗਾਰ ਮੁਹੱਈਆ ਕੀਤਾ ਜਾਂਦਾ ਹੈ। ਕਿਸੇ ਵੀ ਕੀਤੇ ਗਏ ਕੰਮ ਲਈ ਬਿਨਾਂ ਕਿਸੇ ਤਰ੍ਹਾਂ ਦੇ ਭੇਦ ਭਾਵ ਦੇ ਯੋਗ ਸੇਵਾ ਫਲ ਬੁੱਢਿਆਂ, ਬੇਸਹਾਰਿਆਂ ਅਤੇ ਬੇ ਰੁਜ਼ਗਾਰਾਂ ਲਈ ਲੋੜੀਂਦੀ ਸਮਾਜਿਕ ਸੁਰੱਖਿਆ ਅਤੇ ਇਕ ਅਜਿਹੀ ਕਰ ਪ੍ਰਣਾਲੀ ਜੋ ਆਮਦਨੀ ਤੇ ਧਨ ਤੇ ਅੰਤਰ ਯੋਗ ਸੀਮਾਵਾਂ ਵਿਚ ਰੱਖ ਸਕੇ, ਆਰਥਿਕ ਨਿਆਂ ਦੇ ਕੁਝ ਹੋਰ ਜ਼ਰੂਰੀ ਲੋੜੀਂਦੇ ਲੱਛਣ ਹਨ।

ਸੋ ਆਰਥਿਕ ਨਿਆਂ ਸਮਾਜ ਦੇ ਇਕ ਅਜਿਹੇ ਸਮਾਜਵਾਦੀ ਢਾਂਚੇ ਦੀ ਮੰਗ ਕਰਦਾ ਹੈ ਜਿਸ ਅਧੀਨ ਰਾਜ ਯੋਜਨਾਬੰਦੀ (planning) ਰਾਹੀਂ ਆਮ ਲੋਕਾਂ ਦੇ ਕਲਿਆਣ ਦਾ ਉਦੇਸ਼ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਲਈ ਵਰਤਮਾਨ ਰਾਜ ਦੇ ਸਾਹਮਣੇ ਇਕ ਮਹੱਤਵਪੂਰਣ ਮਸਲਾ ਇਹ ਹੈ ਕਿ ਉਹ ਵਿਅਕਤੀ ਨੂੰ ਰਾਜ ਦੀ ਵਧਦੀ ਹੋਈ ਸ਼ਕਤੀ ਦਾ ਗੁਲਾਮ ਬਣਾਏ ਬਗੈਰ ਸਮਾਜਿਕ ਤੇ ਆਰਥਿਕ ਨਿਆਂ ਪ੍ਰਦਾਨ ਕਰਨ ਦਾ ਉਦੇਸ਼ ਕਿਸ ਤਰ੍ਹਾਂ ਪ੍ਰਾਪਤ ਕਰੇ।

### 2.3.4.5. ਨਿਆਂ ਦਾ ਸੁਤੰਤਰਤਾ, ਸਮਾਨਤਾ ਅਤੇ ਸੰਪਤੀ ਨਾਲ ਸੰਬੰਧ (Relationship of Justice with Liberty, Equality and Property)

ਜਿਵੇਂ ਕਿ ਬਾਰਕਰ ਨੇ ਵੀ ਕਿਹਾ ਹੈ ਕਿ ਮਨੁੱਖਾਂ ਦੇ ਸੰਗਠਿਤ ਸਮੂੰਹ ਭਾਵ ਰਾਜ ਵਿਚ ਕੁਝ ਕਦਰਾਂ-ਕੀਮਤਾਂ (values) ਨੂੰ ਮਾਨਤਾ ਦੇਣੀ ਅਤੇ ਉਨ੍ਹਾਂ ਦੀ ਪਰਸਪਰ ਮਹੱਤਤਾ ਨਿਸ਼ਚਿਤ ਕਰਨੀ ਲਾਜ਼ਮੀ ਹੁੰਦੀ ਹੈ। ਸੁਤੰਤਰਤਾ, ਸਮਾਨਤਾ ਤੇ ਸੰਪਤੀ, ਇੰਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਅਤੇ ਸਮਾਜ ਵਿਚ ਮੌਜੂਦ ਕਦਰਾਂ ਕੀਮਤਾਂ ਹਨ। ਪਰ ਇਨ੍ਹਾਂ ਦੀ ਇਕ ਦੂਜੇ ਨਾਲ ਸੰਬੰਧ ਦੀ ਪ੍ਰਸਪਰ ਮਹੱਤਤਾ ਦੀ ਮਾਤਰਾ (degree) ਤਾਲਮੇਲ (adjustment and readjustment) ਸਮੇਂ ਦੇ ਨਾਲ ਨਾਲ ਬਦਲਦੀ ਰਹਿੰਦੀ ਹੈ। ਅਸਲ ਵਿਚ ਇਨ੍ਹਾਂ ਵੱਖ-ਵੱਖ ਕਦਰਾਂ ਦੀ ਮਹੱਤਤਾ ਦੇ ਪ੍ਰਸਪਰ ਦਾਅਵਿਆਂ ਵਿਚ ਤਾਲਮੇਲ (adjustment and readjustement) ਸਥਾਪਿਤ ਕਰਨ ਦੀ ਇਕ ਨਿਰੰਤਰ ਪ੍ਰਕਿਰਿਆ ਜਾਰੀ ਰਹਿੰਦੀ ਹੈ ਜਿਸ ਕਾਰਨ ਸਮਾਨਤਾ ਦੇ ਦਾਅਵਿਆਂ (claims) ਸੁਤੰਤਰਤਾ ਦੇ ਦੀ ਪ੍ਰਾਪਤੀ ਦਾ ਕਿਹੜਾ ਢੰਗ ਨਿਆਂਪੂਰਨ ਹੈ ? ਇਸ ਪ੍ਰਸ਼ਨ ਬਾਰੇ ਵਿਚਾਰਕਾਂ ਦੇ ਵੱਖ-ਵੱਖ ਵਿਚਾਰ ਹਨ।

ਅਤੇ ਇਨ੍ਹਾਂ ਦੋਹਾਂ ਦੇ ਦਾਅਵਿਆਂ ਦਾ ਸੰਪਤੀ ਦੇ ਦਾਅਵਿਆਂ ਨਾਲ ਸਮਾਯੋਜਨ ਕਰਨ ਪੈਂਦਾ ਹੈ। ਨਿਆਂ ਹੀ ਉਹ ਸਾਧਨ ਹੈ, ਜਿਸ ਰਾਹੀਂ ਇਨ੍ਹਾਂ ਤਿੰਨ ਮਹੱਤਵਪੂਰਣ ਰਾਜਨੀਤਿਕ ਕੀਮਤਾਂ ਵਿਚ ਤਾਲਮੇਲ ਬਿਠਾਉਣ ਦਾ ਕਾਰਜ ਕੀਤਾ ਜਾਂਦਾ ਹੈ। ਜਿਵੇਂ ਬਾਰਕਰ ਨੇ ਵੀ ਕਿਹਾ ਹੈ, ਇਨ੍ਹਾਂ ਤਿੰਨ ਮਹੱਤਵਪੂਰਣ ਕੀਮਤਾਂ ਵਿਚ ਇਕਸੁਰਤਾ ਪੈਦਾ ਕਰਕੇ ਇਨ੍ਹਾਂ ਨੂੰ ਇਕ ਸਮੁੱਚੇ ਰੂਪ ਵਿਚ ਪੇਸ਼ ਕਰਨਾ ਨਿਆਂ ਦਾ ਹੀ ਇਕ ਕਾਰਜ ਹੈ।

ਹੁਣ ਅਸੀਂ ਇਹਨਾਂ ਤਿੰਨ ਧਾਰਨਾਵਾਂ ਦੇ ਨਿਆਂ ਨਾਲ ਸੰਬੰਧਾਂ ਦੀ ਚਰਚਾ ਕਰਾਂਗੇ।

ਰਾਜਨੀਤਿਕ ਤਰਕ ਅਧੀਨ ਨਿਆਂ ਨੂੰ ਵੰਡਣ ਦੀ ਪ੍ਰਕ੍ਰਿਆ ਦਾ ਇਕ ਗੁਣ ਜਾਂ ਵਿਸ਼ੇਸ਼ਤਾ ਮੰਨਿਆ ਜਾਂਦਾ ਹੈ। ਕੋਬ (Kolb) ਅਨੁਸਾਰ, ਨਿਆਂ ਸ਼ਬਦ ਦੇ ਦੋ ਅਰਥ ਹਨ : (1) ਵਿਅਕਤੀ ਨੂੰ ਉਸ ਦਾ ਅਧਿਕਾਰ ਦੇਣਾ (2) ਸਜ਼ਾ ਜਾਂ ਮੁਆਵਜ਼ਾ ਦੇ ਕੇ ਗਲਤੀ ਨੂੰ ਸੁਧਾਰਨ ਦਾ ਯਤਨ ਕਰਨਾ।

ਗੁਰਵਿਚ (Gurvich) ਅਨੁਸਾਰ, 'ਨਿਆਂ ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਕੀਤੀ ਜਾਂਦੀ ਹੈ। ਪਹਿਲਾ, ਦੇਸ਼ ਦੇ ਪ੍ਰਚਲਿਤ ਕਾਨੂੰਨਾਂ ਨੂੰ ਮਨ ਮਾਨੇ ਢੰਗ ਨਾਲ ਭੰਗ ਨਾ ਕਰਕੇ, ਇਹਨਾਂ ਦੀ ਨਿਸ਼ਚਿਤ ਤੇ ਸਹੀ ਢੰਗ ਨਾਲ ਪਾਲਣਾ ਅਤੇ ਦੂਜਾ ਉਹ ਆਦਰਸ਼, ਜੋ ਹਰ ਕਾਨੂੰਨ ਦਾ ਆਧਾਰ ਹੁੰਦੇ ਹਨ ਜਿਨ੍ਹਾਂ ਦੀ ਪਾਲਣਾ ਹਰ ਕਾਨੂੰਨ ਦਾ ਉਦੇਸ਼ ਹੁੰਦਾ ਹੈ। ਗੁਰਵਿਚ ਅੱਗੇ ਇਹ ਵੀ ਸਪਸ਼ਟ ਕਰਦਾ ਹੈ ਕਿ 'ਨਿਆਂ' ਸ਼ਬਦ ਦਾ ਵਿਲੱਖਣ ਤੇ ਮਹੱਤਵਪੂਰਣ ਅਰਥ ਜਾਂ ਭਾਵ ਇਹ ਦੂਜਾ ਤੇ ਵਿਵਸਥਿਤ ਅਰਥ ਹੀ ਹੈ, ਜਿਸ ਅਧੀਨ ਇਸ ਨੂੰ 'ਨੈਤਿਕਤਾ' ਵਜੋਂ ਲਿਆ ਜਾਂਦਾ ਹੈ।

ਸੌਖੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਿਆਂ ਸ਼ਬਦ ਹੀ ਪਰਿਭਾਸ਼ਾ ਸੰਕੁਚਿਤ ਤੇ ਵਿਸਤਰਿਤ ਅਰਥਾਂ ਵਿਚ ਕੀਤੀ ਜਾ ਸਕਦੀ ਹੈ।

ਵਿਸਤਰਿਤ ਅਰਥਾਂ ਵਿਚ (broadly) ਨਿਆਂ ਤੋਂ ਭਾਵ ਹੈ, ਉਚਿਤਤਾ ਅਤੇ ਨੇਕੀ (righteousness and virtue) ਇਸ ਅਰਥ ਵਿਚ ਨਿਆਂ ਦੀ ਵਰਤੋਂ ਨਿਯਮਾਂ, ਕਦਰਾਂ ਕੀਮਤਾਂ, ਮਾਨਵ-ਵਿਵਹਾਰ ਤੇ ਸੰਸਥਾਵਾਂ ਨੂੰ ਪਰਖ ਕੇ ਉਨ੍ਹਾਂ ਨੂੰ 'ਚੰਗਾ ਜਾਂ ਬੁਰਾ' ਠਹਿਰਾਉਣ ਲਈ ਕੀਤੀ ਜਾਂਦੀ ਹੈ। ਏਥੇ ਨਿਆਂ ਤੋਂ ਭਾਵ ਸਚਾਈ, ਨੈਤਿਕਤਾ, ਆਦਰਸ਼ਾਂ ਤੇ ਨੇਕੀ ਤੋਂ ਲਿਆ ਜਾਂਦਾ ਹੈ। ਇਸ ਨੂੰ ਅਸੀਂ ਨਿਆਂ ਦੀ ਅੰਤਰਮੁੱਖੀ (subjective) ਜਾਂ ਸਿਧਾਂਤਕ ਧਾਰਨਾ ਵੀ ਕਹਿ ਸਕਦੇ ਹਾਂ, ਜਿਸ ਅਧੀਨ ਨਿਆਂ ਤੋਂ ਭਾਵ ਨਿਆਂ ਦੇ ਕੁਝ ਨਿਸ਼ਚਿਤ ਤੇ ਸਰਬ ਪ੍ਰਵਾਨਿਤ ਸਿਧਾਂਤ ਹੈ ਜੋ ਕਦੇ ਨਹੀਂ ਬਦਲਦੇ। ਭਾਵ ਇਹ ਹੈ ਜੋ ਇਹ ਕੱਲ੍ਹ ਜਾਂ ਭੂਤ ਵਿਚ ਸਨ ਉਹੀ ਅੱਜ ਹਨ ਤੇ ਉਹੀ ਆਉਣ ਵਾਲੇ ਸਮੇਂ ਵਿਚ ਵੀ ਰਹਿਣਗੇ। ਇਸ ਵਿਸਤਰਿਤ ਅਰਥ ਵਿਚ ਨਿਆਂ ਦਾ ਸੰਬੰਧ ਵਿਅਕਤੀ ਨਾਲ ਨਾ ਹੋ ਕੇ ਸਮੁੱਚੇ ਸਮਾਜ ਨਾਲ ਹੈ।

ਸੰਕੁਚਿਤ ਅਰਥਾਂ ਵਿਚ ਨਿਆਂ ਤੋਂ ਭਾਵ ਹੈ ਨਿਆਇਕ ਪ੍ਰਕਿਰਿਆ ਅਤੇ ਨਿਆਇਕ ਢਾਂਚਾ। ਇਸ ਅਰਥ ਵਿਚ ਨਿਆਂ ਦਾ ਵਧੇਰੇ ਸੰਬੰਧ ਵਿਅਕਤੀ ਨਾਲ ਹੈ ਭਾਵ ਇਸ ਅਧੀਨ ਨਿਆਂ ਨੂੰ ਵਿਅਕਤੀ ਦੇ ਸੰਦਰਭ ਵਿਚ ਪਰਖ ਕੇ ਇਹ ਜਾਣਨ ਦਾ ਯਤਨ ਕੀਤਾ ਜਾਂਦਾ ਹੈ ਕਿ ਵਿਅਕਤੀ ਨੂੰ ਨਿਆਂ ਮਿਲ ਰਿਹਾ ਹੈ ਜਾਂ ਨਹੀਂ। ਇਸ ਅਰਥ ਵਿਚ ਨਿਆਂ ਨੂੰ ਕਾਨੂੰਨ ਬਣਾਉਣ ਦੀ ਪ੍ਰਕ੍ਰਿਆ ਵਜੋਂ ਲਿਆ ਜਾਂਦਾ ਹੈ। ਸੋ ਨਿਆਂ ਪੂਰਨ ਕਾਨੂੰਨ, ਸੁਤੰਤਰਤਾ ਤੇ ਨਿਰਪੱਖ ਅਦਾਲਤ, ਕਾਨੂੰਨ ਸਾਹਮਣੇ ਸਮਾਨਤਾ, ਸਭ ਲਈ ਕਾਨੂੰਨ ਦੀ ਸਮਾਨ ਸੁਰੱਖਿਆ ਆਦਿ, ਇਸ (ਸੰਕੁਚਿਤ) ਅਰਥ ਵਿਚ ਨਿਆਂ ਦੇ ਕੁਝ ਮਹੱਤਵਪੂਰਨ ਲੱਛਣ ਹਨ। ਇਸ ਨੂੰ ਅਸੀਂ ਨਿਆਂ ਦਾ ਬਾਹਰਮੁੱਖੀ (objective) ਅਤੇ ਅਮਲੀ (empirical) ਅਰਥ ਵੀ ਕਹਿ ਸਕਦੇ ਹਾਂ।

ਇਥੇ ਇਹ ਗੱਲ ਵੀ ਸਪੱਸ਼ਟ ਰੂਪ ਵਿਚ ਸਮਝ ਲੈਣੀ ਜ਼ਰੂਰੀ ਹੈ ਕਿ ਨਿਆਂ ਦੇ ਦੋ ਪੱਖ ਜਾਂ ਰੂਪ ਹਮੇਸ਼ਾਂ ਨਾਲ ਨਾਲ ਚਲਦੇ ਹਨ ਭਾਵ ਇਹ ਕਾਨੂੰਨੀ ਵੀ ਹੈ ਤੇ ਨੈਤਿਕ ਵੀ। ਇਸ ਦਾ ਸੰਬੰਧ ਵਿਅਕਤੀਗਤ ਅਧਿਕਾਰਾਂ ਨਾਲ ਵੀ ਹੈ ਤੇ ਸਮਾਜਿਕ ਅਧਿਕਾਰਾਂ ਨਾਲ ਵੀ। ਇਹ ਪਰੰਪਰਾਵਾਦੀ ਵੀ ਹੈ ਤੇ ਸੁਧਾਰਵਾਦੀ ਵੀ।

### 2.3.4.1 ਕਾਨੂੰਨੀ ਨਿਆਂ (Legal Justice)

ਕਾਨੂੰਨੀ ਨਿਆਂ ਤੋਂ ਭਾਵ ਹੈ 'ਕਾਨੂੰਨ ਦੇ ਅਨੁਸਾਰ ਨਿਆਂ'। ਇਸ ਦਾ ਸੰਬੰਧ ਸਮਾਜ ਵਿਚ ਮੌਜੂਦ ਕਾਨੂੰਨੀ ਢਾਂਚੇ, ਦੀਵਾਨੀ ਤੇ ਫੌਜਦਾਰੀ ਕਾਨੂੰਨ, ਨਿਆਂਇਕ ਸੰਸਥਾਵਾਂ ਅਤੇ ਨਿਆਂ ਦੀ ਪ੍ਰਕ੍ਰਿਆ ਨਾਲ ਹੈ। ਕਾਨੂੰਨੀ ਨਿਆਂ ਦੇ ਦੋ ਮੁੱਖ ਅਤੇ ਇਕ ਦੂਜੇ ਨਾਲ ਡੂੰਘੀ ਤਰ੍ਹਾਂ ਸੰਬੰਧਿਤ ਤੱਤ ਹਨ। (1) ਨਿਆਂ ਪੂਰਣ ਕਾਨੂੰਨ (Just Laws) (2) ਨਿਆਂ ਦਾ ਨਿਆਂਪੂਰਣ ਸ਼ਾਸਨ (Just administration of Justice)।

ਨਿਆਂਪੂਰਣ ਕਾਨੂੰਨ ਨਿਆਂ ਰੋਸ ਜਾਂ ਵਾਸਤਵਿਕ ਤੱਤ ਹਨ। ਇਸ ਤੋਂ ਭਾਵ ਹੈ ਕਿ ਵਿਧਾਨ ਪਾਲਿਕਾਵਾਂ ਦੁਆਰਾ ਬਣਾਏ ਗਏ ਕਾਨੂੰਨਾਂ ਦਾ ਆਧਾਰ ਤਰਕ ਤੇ ਸਮਾਜਿਕ ਅਤੇ ਨੈਤਿਕ ਕਦਰਾਂ ਕੀਮਤਾਂ ਹੋਣਾ ਚਾਹੀਦਾ ਹੈ। ਸੋ ਕੋਈ ਕਾਨੂੰਨੀ ਜੋ ਸਮਾਜ ਵਿਚ ਪ੍ਰਚਲਿਤ ਰਵਾਇਤਾਂ ਤੇ ਪਰੰਪਰਾਵਾਂ ਦੀ ਉਲੰਘਣਾ ਕਰਦਾ ਹੈ, ਨਿਆਂ ਦੇ ਵਿਰੁਧ ਜਾਂ ਅਨਿਆਂ ਪੂਰਣ ਕਿਹਾ ਜਾਵੇਗਾ।

ਨਿਆਂ ਪੂਰਣ ਕਾਨੂੰਨਾਂ ਦੇ ਨਾਲ ਹੀ ਜੁੜੀ ਹੋਈ ਦੂਜੀ ਮਹੱਤਵਪੂਰਣ ਧਾਰਨਾ ਇਹ ਹੈ ਕਿ ਕੇਵਲ ਨਿਆਂ ਪੂਰਣ ਕਾਨੂੰਨਾਂ ਦੀ ਹੋਂਦ ਹੀ ਕਾਫ਼ੀ ਨਹੀਂ ਸਗੋਂ ਉਨ੍ਹਾਂ ਨੂੰ ਨਿਆਂ ਪੂਰਣ ਢੰਗ ਨਾਲ ਲਾਗੂ ਕਰਨਾ ਵੀ ਜ਼ਰੂਰੀ ਹੈ। ਕਿਉਂਕਿ ਜੇਕਰ ਕਾਨੂੰਨ ਦੇ ਸ਼ਾਸਨ ਵਿਚ ਕੋਈ ਘਾਟ ਹੈ ਜਾਂ ਕਾਨੂੰਨ ਹੀ ਅਸਪਸ਼ਟ ਹੈ ਜਾਂ ਉਸ ਦੀ ਠੀਕ ਵਿਆਖਿਆ ਨਹੀਂ ਕੀਤੀ ਅਤੇ ਜੇ ਨਿਆਂ ਪ੍ਰਦਾਨ ਕਰਨ ਵਿਚ ਬਹੁਤ ਦੇਰ ਕੀਤੀ ਜਾਂਦੀ ਹੈ ਤਾਂ ਵਿਅਕਤੀ ਦੇ ਜੀਵਨ ਤੇ ਸੰਪਤੀ ਦੀ ਰੱਖਿਆ ਕਰਨਾ ਮੁਸ਼ਕਿਲ ਹੋ ਜਾਵੇਗਾ।

ਇਸੇ ਲਈ ਹੀ ਤਾਂ ਬਰਾਈਸ ਨੇ ਕਿਹਾ ਹੈ ਕਿ ਕਿਸੇ ਵੀ ਸਰਕਾਰ ਦੀ ਯੋਗਤਾ ਨੂੰ ਪਰਖਣ ਲਈ ਉਸ ਦੇ ਨਿਆਇਕ ਢਾਂਚੇ ਤੋਂ ਵਧੀਆ ਹੋਰ ਕੋਈ ਕਸੌਟੀ ਨਹੀਂ, ਕਿਉਂਕਿ ਆਮ ਨਾਗਰਿਕ ਦਾ ਕਲਿਆਣ ਤੇ ਸੁਰੱਖਿਆ ਉਸ ਦੇ ਇਸ ਅਹਿਸਾਸ ਤੇ ਨਿਰਭਰ ਕਰਦੇ ਹਨ ਕਿ ਉਹ ਇਕ ਨਿਸ਼ਚਿਤ ਤੇ ਫੁਰਤੀਲੇ (prompt) ਨਿਆਂ ਦੇ ਸ਼ਾਸਨ ਦੇ ਅਧੀਨ ਹੈ।

ਨਿਆਂ ਦਾ ਨਿਆਂਪੂਰਨ ਸ਼ਾਸਨ ਕਈ ਸਾਰੇ ਤੱਤਾਂ ਤੇ ਨਿਰਭਰ ਕਰਦਾ ਹੈ ਜਿਵੇਂ ਕਿ ਨਿਆਂ ਦੇ ਸ਼ਾਸਨ ਦਾ ਕਾਰਜ ਕਰਨ ਵਾਲੇ ਲੋਕ, ਉਨ੍ਹਾਂ ਦੀ ਨਿਯੁਕਤੀ ਦਾ ਢੰਗ ਤੇ ਨੌਕਰੀ ਦੀਆਂ ਸ਼ਰਤਾਂ ਅਤੇ ਉਹ ਜਿਸ ਰਾਹੀਂ ਉਹ ਆਪਣੇ ਆਪ ਕਾਰਜ ਕਰਦੇ ਹਨ।

ਨਿਆਂ ਦੇ ਨਿਆਂਪੂਰਣ ਸ਼ਾਸਨ ਦਾ ਇਕ ਹੋਰ ਅਰਥ ਹੈ 'ਕੁਝ ਵਿਅਕਤੀਆਂ ਦਾ ਨਹੀਂ ਸਗੋਂ ਕਾਨੂੰਨ ਦਾ ਸ਼ਾਸਨ।' ਸੋ ਇਸਦੇ ਮੁੱਖ ਲੱਛਣ ਹਨ : (1) ਕਾਨੂੰਨ ਦਾ ਸ਼ਾਸਨ (2) ਨਿਆਂਕਾਰਾਂ ਦੀ ਨਿਰਪੱਖਤਾ ਅਤੇ (3) ਨਿਆਂ ਪਾਲਿਕਾ ਦੀ ਸੁਤੰਤਰਤਾ।

### ਕਾਨੂੰਨ ਦਾ ਸ਼ਾਸਨ (Rule of Law)

ਕਾਨੂੰਨ ਦੇ ਸਾਸ਼ਨ ਤੋਂ ਭਾਵ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਸਭ ਸਮਾਨ ਹਨ ਅਤੇ ਕਿਸੇ ਰਾਜ ਵਿਚ ਰਹਿ ਰਹੇ ਸਾਰੇ ਨਾਗਰਿਕਾਂ ਉਤੇ ਇਕੋ ਕਾਨੂੰਨ ਲਾਗੂ ਹੁੰਦਾ ਹੈ। ਦੂਜੇ ਸ਼ਬਦਾਂ ਵਿਚ, ਕਾਨੂੰਨ ਦੇ ਸਾਸ਼ਨ ਤੋਂ ਇਹ ਭਾਵ ਹੈ ਕਿ ਧਰਮ, ਜਾਤੀ, ਫਿਰਕੇ, ਧਨ ਜਾਂ ਅਹੁਦੇ ਦੇ ਆਧਾਰ ਤੇ ਕਿਸੇ ਨਾਲ ਕੋਈ ਭੇਦ-ਭਾਵ ਨਹੀਂ ਕੀਤਾ ਜਾਵੇਗਾ।

ਕਾਨੂੰਨ ਦੇ ਸਾਸ਼ਨ ਦਾ ਅਰਥ ਮਨਮਾਨੇ ਢੰਗ ਨਾਲ ਦਿੱਤੀ ਕੈਦ ਤੋਂ ਮੁਕਤੀ ਵੀ ਹੈ ਭਾਵੇਂ ਜਦੋਂ ਤਕ ਕਾਨੂੰਨੀ ਤੌਰ ਤੇ ਸਥਾਪਿਤ ਅਦਾਲਤ ਵਿਚ ਇਕ ਨਿਸ਼ਚਿਤ ਕਾਨੂੰਨੀ ਪ੍ਰਕਿਆ ਰਾਹੀਂ ਕਿਸੇ ਦਾ ਜੁਰਮ ਸਾਬਤ ਨਹੀਂ ਹੋ ਜਾਂਦਾ, ਉਸ ਨੂੰ ਹਿਰਾਸਤ ਵਿਚ ਨਹੀਂ ਲਿਆ ਜਾਵੇਗਾ। ਕਾਨੂੰਨ ਦੇ ਸਾਸ਼ਨ ਦੇ ਸਿਧਾਂਤ ਦੇ ਮੁੱਖ ਸਮਰਥਕ ਡਾਇਸੀ ਨੇ ਇਸ ਸਿਧਾਂਤ ਦਾ ਅਰਥ ਇਸ ਤਰ੍ਹਾਂ ਕੀਤਾ ਹੈ, 'ਸਮਾਜ ਦੇ ਸਾਰੇ ਵਰਗਾਂ ਦੀ ਦੇਸ਼ ਦੇ ਆਮ ਕਾਨੂੰਨ, ਜਿਸ ਨੂੰ ਕਿ ਉਥੋਂ ਦੀਆਂ ਅਦਾਲਤਾਂ ਲਾਗੂ ਕਰਦੀਆਂ ਹਨ, ਸਾਹਮਣੇ ਅਧੀਨਤਾ।' ਇਸ ਸਿਧਾਂਤ ਦਾ ਮੰਤਵ ਕਾਨੂੰਨ ਰਾਹੀਂ ਮੌਲਿਕ ਵਿਅਕਤੀਗਤ ਸੁਤੰਤਰਤਾਵਾਂ ਨੂੰ ਸੁਰੱਖਿਅਤ ਕਰਨਾ ਹੈ।

### 2.3.5.1 ਨਿਆਂ ਅਤੇ ਸੁਤੰਤਰਤਾ (Justice and Liberty)

ਅਜੋਕੀ ਉਦਾਰਵਾਦੀ ਲੋਕਤੰਤਰੀ ਪ੍ਰਣਾਲੀ ਵਿਚ ਪ੍ਰਚਲਿਤ ਨਿਆਂ ਦੀ ਸਮੁੱਚੀ ਧਾਰਨਾ ਅਧੀਨ ਸੁਤੰਤਰਤਾ ਦਾ ਇਕ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਗੁਲਾਮੀ ਤੇ ਤਾਨਾਸ਼ਾਹੀ ਵਿਰੁਧ ਪੁਰਾਤਨ ਤੇ ਮੱਧਕਾਲ ਵਿਚ ਕੀਤੀ ਗਈ ਜਦੋਂ-ਜਹਿਦ ਨੂੰ ਇਸੇ ਲਈ ਜਾਇਜ ਮੰਨਿਆ ਜਾਂਦਾ ਹੈ ਕਿਉਂਕਿ ਇਸ ਅਧੀਨ ਵਿਅਕਤੀਗਤ ਸੁਤੰਤਰਤਾ ਨੂੰ ਵਿਅਕਤੀਗਤ ਤੇ ਸਮਾਜਿਕ ਨਿਆਂ ਨੂੰ ਆਧਾਰ ਮੰਨਿਆ ਗਿਆ। 1688 ਦੀ ਇੰਗਲੈਂਡ ਦੀ ਸ਼ਾਨਦਾਰ ਕ੍ਰਾਂਤੀ, 1776 ਦੀ ਅਮਰੀਕਨ ਕ੍ਰਾਂਤੀ, 1789 ਦੀ ਫ਼ਰਾਂਸ ਦੀ ਕ੍ਰਾਂਤੀ, 1917 ਦੀ ਰੂਸੀ ਕ੍ਰਾਂਤੀ ਅਤੇ ਸਾਮਰਾਜ ਤੇ ਬਸਤੀਵਾਦ ਵਿਰੁਧ 20ਵੀਂ ਸਦੀ ਵਿਚ ਕੀਤੇ ਗਏ ਅਨੇਕਾਂ ਰਾਸ਼ਟਰੀ ਅੰਦੋਲਨ ਇਸ ਗੱਲ ਦਾ ਪ੍ਰਮਾਣ ਹਨ ਕਿ ਵਿਅਕਤੀਆਂ, ਸਮੂਹਾਂ ਜਾਂ ਰਾਸ਼ਟਰਾਂ ਦੀ ਗੁਲਾਮੀ ਅਤੇ ਉਨ੍ਹਾਂ ਉਤੇ ਸਾਸ਼ਨ ਸਮਾਜਿਕ ਤੇ ਆਰਥਿਕ ਅਤੇ ਸਭਿਆਚਾਰਕ ਪੱਖ ਤੋਂ ਅਨਿਆਂਪੂਰਣ

ਹਨ।

ਉਦਾਰਵਾਦੀ, ਸੁਤੰਤਰਤਾ ਨੂੰ ਨਿਆਂ ਦੀ ਮੁੱਢਲੀ ਅਤੇ ਮਹੱਤਵਪੂਰਣ ਸ਼ਰਤ ਮੰਨਦੇ ਹਨ। ਲਾਕ ਤੇ ਐਡਮ ਸਮਿਥ ਵਰਗੇ ਸ਼ੁਰੂ ਦੇ ਉਦਾਰਵਾਦੀ ਵਿਚਾਰਕਾਂ ਨੇ ਅਧਿਕਾਰਾਂ ਤੇ ਸੁਤੰਤਰਤਾ ਨੂੰ ਪ੍ਰਾਕ੍ਰਿਤਕ ਮੰਨਿਆ ਹੈ। ਉਨ੍ਹਾਂ ਦਾ ਇਹ ਵੀ ਮੱਤ ਹੈ ਕਿ ਰਾਜ ਦੀ ਹੋਂਦ ਤਾਂ ਹੀ ਜਾਇਜ਼ ਹੈ ਜੇਕਰ ਰਾਜ ਅਧਿਕਾਰਾਂ ਤੇ ਸੁਤੰਤਰਤਾ ਦੀ ਰੱਖਿਆ ਕਰ ਸਕੇ।

ਸੁਤੰਤਰਤਾ ਨੂੰ ਨਿਆਂ ਦੀ ਪਹਿਲੀ ਸ਼ਰਤ ਮੰਨਣ ਦੀ ਪ੍ਰੰਪਰਾ 20ਵੀਂ ਸਦੀ ਵਿਚ ਨਾ ਸਿਰਫ ਜਾਰੀ ਹੀ ਰਹੀ ਹੈ ਸਗੋਂ ਹੋਰ ਵੀ ਦ੍ਰਿੜ ਤੇ ਵਿਸ਼ਾਲ ਹੋ ਗਈ ਹੈ ਕਿਉਂਕਿ ਹੁਣ ਇਸ ਵਿਚ ਸਮਾਜਿਕ ਤੇ ਆਰਥਿਕ ਪੱਖਾਂ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਹੈ। ਆਧੁਨਿਕ ਯੁੱਗ ਵਿਚ ਨਿਆਂ ਦੀ ਧਾਰਨਾ ਦੀ ਸਭ ਤੋਂ ਮੁੱਖ ਸਮੱਸਿਆ ਵਿਅਕਤੀਗਤ ਸੁਤੰਤਰਤਾ ਤੇ ਸਮਾਜਿਕ ਭਲਾਈ ਵਿਚ ਸੁਮੇਲ ਸਥਾਪਿਤ ਕਰਨ ਦੀ ਹੈ। ਜਾਹਨ ਰਾਲਜ਼ (John Rawls) ਨੇ ਆਪਣੀ ਪੁਸਤਕ " A Theory of Justice" (1971) ਵਿੱਚ ਸੁਤੰਤਰਤਾ ਨੂੰ ਨਾ ਕੇਵਲ ਨਿਆਂ ਦੇ ਸਿਧਾਂਤਾਂ ਵਿਚ ਹੀ ਸ਼ਾਮਿਲ ਕੀਤਾ ਹੈ, ਸਗੋਂ ਇਸਨੂੰ ਨਿਆਂ ਦੀ ਇਕ ਮਹੱਤਵਪੂਰਨ ਸ਼ਰਤ ਵੀ ਮੰਨਿਆ ਹੈ। ਉਹ ਨਿਮਨਲਿਖਤ ਸਮਾਨ ਮੌਲਿਕ ਸੁਤੰਤਰਤਾਵਾਂ ਨੂੰ ਨਿਆਂ ਦਾ ਅਧਾਰ ਮੰਨਦਾ ਹੈ :

1. ਰਾਜਨੀਤਕ ਸੁਤੰਤਰਤਾਵਾਂ ਜਿਵੇਂ ਕਿ ਮਤਦਾਨ ਅਤੇ ਜਨਤਕ ਪਦ ਪ੍ਰਾਪਤ ਕਰਨ ਦਾ ਅਧਿਕਾਰ ਅਤੇ ਭਾਸ਼ਣ ਦੀ ਤੇ ਇਕੱਠੇ ਹੋਣ ਦੀ ਸਤੁੰਤਰਤਾ।
2. ਸੋਚਣ ਦੀ ਤੇ ਕੋਈ ਵੀ ਧਰਮ ਤੇ ਵਿਸ਼ਵਾਸ ਧਾਰਨ ਕਰਨ ਦੀ ਸੁਤੰਤਰਤਾ।
3. ਵਿਅਕਤੀਗਤ ਸੁਤੰਤਰਤਾ ਅਤੇ ਨਿੱਜੀ ਸੰਪਤੀ ਦਾ ਅਧਿਕਾਰ।
4. ਮਨਮਾਨੇ ਢੰਗ ਨਾਲ ਗ੍ਰਿਫਤਾਰੀ ਤੋਂ ਸੁਤੰਤਰਤਾ ਭਾਵ ਸਿਰਫ਼ ਕਾਨੂੰਨ ਦੁਆਰਾ ਨਿਰਧਾਰਿਤ ਢੰਗ ਰਾਹੀਂ ਹੀ ਕਿਸੇ ਨੂੰ ਹਿਰਾਸਤ ਵਿਚ ਲਿਆ ਜਾ ਸਕਦਾ ਹੈ।

ਰਾਲਜ਼ ਦਾ ਮਤ ਹੈ ਕਿ ਇਨ੍ਹਾਂ ਸੁਤੰਤਰਤਾਵਾਂ ਵਿਚੋਂ ਕਿਸੇ ਵੀ ਇਕ ਉਤੇ ਸਿਰਫ਼ ਉਦੋਂ ਹੀ ਤੇ ਸਿਰਫ ਉਸ ਹੱਦ ਤਕ ਹੀ ਰੋਕ ਲਗਾਈ ਜਾ ਸਕਦੀ ਹੈ ਜਦੋਂ ਉਹ ਕਿਸੇ ਹੋਰ ਸੁਤੰਤਰਤਾ ਨਾਲ ਟਕਰਾਉਂਦੀ ਹੋਵੇ, ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਖੋਹਿਆ ਨਹੀਂ ਜਾ ਸਕਦਾ।

### 2.3.3.5.2 ਨਿਆਂ ਅਤੇ ਸਮਾਨਤਾ (Justice and Equality)

ਨਿਆਂ ਤੇ ਸਮਾਨਤਾ ਦਾ ਪ੍ਰਸਪਰ ਸੰਬੰਧ ਕਾਫ਼ੀ ਵਿਵਾਦਪੂਰਨ ਵਿਸ਼ਾ ਰਿਹਾ ਹੈ : ਅਸਲ ਵਿਚ ਸਮਾਜ ਵਿਚ ਕਈ ਪ੍ਰਕਾਰ ਦੀਆਂ ਅਸਮਾਨਤਾਵਾਂ ਮੌਜੂਦ ਹਨ। ਜਿਵੇਂ ਉਮਰ, ਲਿੰਗ, ਸਿੱਖਿਆ, ਯੋਗਤਾ, ਸਮਾਜਿਕ ਪੱਧਰ ਅਤੇ ਧਨ ਆਦਿ ਦੀ ਅਸਮਾਨਤਾ। ਇਨ੍ਹਾਂ ਵਿਚੋਂ ਕੁਝ ਕੁਦਰਤੀ ਹਨ ਤੇ ਕੁਝ ਮਨੁੱਖ ਦੁਆਰਾ ਬਣਾਈਆਂ ਹੋਈਆਂ। ਧਨ ਤੇ ਸਮਾਜਿਕ ਪੱਧਰ ਦੀ ਅਸਮਾਨਤਾ, ਸ਼ਕਤੀ ਦੀ ਅਸਮਾਨਤਾ ਨੂੰ ਅਤੇ ਇਕ ਅਜਿਹੀ ਸਥਿਤੀ ਨੂੰ ਜਨਮ ਦਿੰਦੀ ਹੈ ਜਿਸ ਅਧੀਨ ਸਮਾਜ ਦਾ ਇਕ ਵਡੇਰਾ ਭਾਗ ਕੁਝ ਕੁ ਲੋਕਾਂ ਦੀ ਇੱਛਾ ਦਾ ਗੁਲਾਮ ਹੋ ਜਾਂਦਾ ਹੈ। ਲੰਬਾ ਮਾਨਵ ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਸਮਾਜ ਵਿਚ ਪ੍ਰਚਲਿਤ ਇਨ੍ਹਾਂ ਅਸਮਾਨਤਾਵਾਂ ਨੂੰ ਨਾ ਸਿਰਫ਼ ਜ਼ਾਇਜ਼ ਹੀ ਠਹਿਰਾਇਆ ਜਾਂਦਾ ਰਿਹਾ ਹੈ ਸਗੋਂ ਉਤਸ਼ਾਹਿਤ ਵੀ ਕੀਤਾ ਜਾਂਦਾ ਰਿਹਾ ਹੈ। ਉਦਾਹਰਣ ਵਜੋਂ, ਯੂਨਾਨੀ ਦਾਰਸ਼ਨਿਕਾਂ ਨੇ ਦਾਸ-ਪ੍ਰਥਾ ਦਾ ਸਮਰਥਨ ਕੀਤਾ, ਏਸੇ ਤਰ੍ਹਾਂ ਸਾਮੰਤਸ਼ਾਹੀ ਅਧੀਨ ਜਨਮ ਤੋਂ ਜਾਤ ਦੇ ਆਧਾਰ ਉਤੇ ਅਤੇ ਉਦਾਰਵਾਦ ਅਧੀਨ ਖੁਲ੍ਹੇ ਆਰਥਿਕ ਮੁਕਾਬਲੇ ਦੁਆਰਾ ਹੋਂਦ ਵਿਚ ਆਈਆਂ ਅਸਮਾਨਤਾਵਾਂ ਦਾ, ਨਿੱਜੀ ਸੰਪਤੀ ਦਾ ਅਤੇ ਸਮਝੌਤਾ (contact) ਕਰਨ ਦੇ ਅਧਿਕਾਰ ਦਾ ਸਮਰਥਨ ਕੀਤਾ ਗਿਆ।

ਸਮਾਜ ਵਿਚ ਮੌਜੂਦਾ ਅਸਮਾਨਤਾਵਾਂ ਵਿਰੁਧ ਸੰਘਰਸ਼ ਸਦਾ ਤੋਂ ਹੀ ਨਿਆਂ ਦਾ ਇਕ ਮਹੱਤਵਪੂਰਣ ਤੱਤ ਰਿਹਾ ਹੈ। ਨਿਆਂ ਨਾਲ ਸੰਬੰਧਿਤ ਹਰ ਇਕ ਸਿਧਾਂਤ ਸਮਾਨਤਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੈ। ਨਿਆਂ ਤੇ ਸਮਾਨਤਾ ਦਾ ਆਪਸ ਵਿਚ ਬਹੁਤ ਡੂੰਘਾ ਸਬੰਧ ਹੈ ਕਿਉਂਕਿ ਨਿਆਂ ਅਧੀਨ ਸਦਾ ਹੀ ਸਮਾਨ ਲੋਕਾਂ ਨਾਲ ਨਿਆਂ ਪੂਰਨ ਤੇ ਮਨਮਾਨੀ ਰਹਿਤ (Non-arbitrary) ਵਿਵਹਾਰ ਦੀ ਮੰਗ ਕੀਤੀ ਜਾਂਦੀ ਹੈ : ("fair and non-arbitrary treatment for equals-Godwin) ਇਸ ਦਾ ਭਾਵ ਹੈ ਕਿ ਸਮਾਜ ਵਿਚ ਮਨੁੱਖ ਦੀਆਂ ਬਣਾਈਆਂ ਹੋਈਆਂ ਅਸਮਾਨਤਾਵਾਂ ਨਹੀਂ ਹੋਣੀਆਂ ਚਾਹੀਦੀਆਂ। ਦੂਜੇ ਸ਼ਬਦਾਂ ਵਿਚ ਨਿਆਂ ਤੋਂ ਭਾਵ ਹੈ ਭੇਦਭਾਵ ਦੀ

ਨਿਆਂ ਦੀ ਇਹ ਵੀ ਮੰਗ ਹੈ ਕਿ ਰਾਜਨੀਤਿਕ ਪ੍ਰਣਾਲੀ ਅਜਿਹੇ ਢੰਗ ਨਾਲ ਕਾਰਜ ਕਰੇ ਕਿ ਮੌਕਿਆਂ, ਵਿਵਹਾਰ ਅਤੇ ਚੀਜਾਂ ਦੀ ਸਮਾਨ ਵੰਡ ਸੰਭਵ ਹੋ ਸਕੇ। ਇਸ ਦਾ ਅਰਥ ਇਹ ਵੀ ਹੈ ਕਿ ਰਾਜਨੀਤਿਕ ਪ੍ਰਣਾਲੀ ਦਾ ਆਧਾਰ 'ਇਕ ਵਿਅਕਤੀ ਇਕ ਵੋਟ' (One person one vote) ਹੋਣਾ ਚਾਹੀਦਾ ਹੈ।

ਨਿਆਂ ਦਾ ਅਰਥ ਹੈ : (1) ਕਾਨੂੰਨ ਦੇ ਸਾਹਮਣੇ ਬਰਾਬਰੀ ਅਤੇ (2) ਸਭ ਲਈ ਕਾਨੂੰਨ ਦੀ ਸਮਾਨ ਸੁਰੱਖਿਆ। ਕਿਉਂਕਿ ਇਨ੍ਹਾਂ ਦੋ ਸਿਧਾਂਤਾਂ ਰਾਹੀਂ ਹੀ ਕਿਸੇ ਵਿਅਕਤੀ ਨੂੰ ਇਸ ਗੱਲ ਦਾ ਪੂਰਾ ਯਕੀਨ ਹੋ ਸਕਦਾ ਹੈ ਕਿ ਉਸ ਨੂੰ ਸਮਾਜ ਦੇ ਬਾਕੀ ਲੋਕਾਂ ਦੇ ਬਰਾਬਰ ਹੀ ਸਮਝਿਆ ਜਾਏਗਾ।

ਇਥੇ ਇਹ ਸਪਸ਼ਟ ਕਰ ਦੇਣਾ ਵੀ ਜ਼ਰੂਰੀ ਹੈ ਕਿ ਭਾਵੇਂ ਸਿਧਾਂਤਕ ਰੂਪ ਵਿਚ ਸਾਨੂੰ ਇਹ ਜਾਪਦਾ ਹੈ ਕਿ ਵੰਡ ਨਿਆਂਪੂਰਣ ਹੋਣੀ ਚਾਹੀਦੀ ਹੈ ਅਤੇ ਇਕੋ ਜਿਹੇ ਹਾਲਾਤਾਂ ਵਿਚ ਵੱਖ-ਵੱਖ ਤਰ੍ਹਾਂ ਦਾ ਸਲੂਕ ਗਲਤ ਹੈ। ਪਰ ਅਮਲੀ ਤੌਰ ਤੇ ਇਹੋ ਜਿਹਾ ਵਿਵਹਾਰ ਹਮੇਸ਼ਾ ਨਿਆਂਪੂਰਣ ਨਹੀਂ ਹੁੰਦਾ ਅਤੇ ਕਈ ਵਾਰੀ ਨਿਆਂ ਪ੍ਰਦਾਨ ਕਰਨ ਲਈ ਕੁਝ ਲੋੜਵੰਦ ਲੋਕਾਂ ਨੂੰ ਖਾਸ ਸਹੂਲਤਾਂ ਦੇਣਾ ਅਤੇ ਸਮਾਜ ਦੇ ਵਿਸ਼ੇਸ਼ ਅਧਿਕਾਰਾਂ ਵਾਲੇ ਤੇ ਅਮੀਰ ਲੋਕਾਂ ਉੱਤੇ ਕੁਝ ਬੰਦਸ਼ਾਂ ਲਗਾਉਣੀਆਂ ਜ਼ਰੂਰੀ ਹੋ ਜਾਂਦੀਆਂ ਹਨ। ਭਾਰਤੀ ਸੰਵਿਧਾਨ ਰਾਹੀਂ ਪਿਛੜੀਆਂ ਜਾਤੀਆਂ, ਪਛੜੇ ਕਬੀਲਿਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਸਾਧਨਾਂ ਦੀ ਨੀਤੀ ਅਤੇ ਸੰਪਤੀ ਦੇ ਅਧਿਕਾਰ ਤੇ ਲਗਾਈਆਂ ਗਈਆਂ ਬੰਦਸ਼ਾਂ ਦਾ ਆਧਾਰ 'ਨਿਆਂਪੂਰਣ ਵਿਵਹਾਰ' ਦਾ ਹੀ ਸਿਧਾਂਤ ਹੈ।

### 2.3.5.3 ਨਿਆਂ ਅਤੇ ਸੰਪਤੀ (Justice and Property)

ਨਿਆਂ ਤੇ ਸੰਪਤੀ ਦਾ ਵੀ ਇਕ ਦੂਜੇ ਨਾਲ ਬਹੁਤ ਨੇੜੇ ਦਾ ਸੰਬੰਧ ਹੈ ਪਰ ਇਹ ਸੰਬੰਧ ਹਮੇਸ਼ਾਂ ਤੋਂ ਹੀ ਵਾਦ ਵਿਵਾਦ ਦਾ ਵਿਸ਼ਾ ਰਿਹਾ ਹੈ।

ਸੰਪਤੀ ਪ੍ਰਾਪਤ ਕਰਨ ਦੇ ਅਨੇਕਾਂ ਢੰਗ ਹਨ ਜਿਵੇਂ ਵਿਰਾਸਤ ਰਾਹੀਂ, ਯੋਗਤਾ ਦੁਆਰਾ, ਮਿਹਨਤ ਕਰਕੇ, ਕੇਵਲ ਚੰਗੀ ਕਿਸਮਤ ਕਾਰਨ, ਵਿਦਿਆ ਰਾਹੀਂ, ਚਲਾਕੀ ਨਾਲ। ਸਮਾਜ ਵਿਚ ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਜੋ ਸਹੀ ਲਗਨ, ਈਮਾਨਦਾਰੀ ਤੇ ਮਿਹਨਤ ਨਾਲ ਜੁਟੇ ਰਹਿਣ ਦੇ ਬਾਵਜੂਦ ਵੀ ਧਨ ਤੇ ਸੰਪਤੀ ਪ੍ਰਾਪਤ ਕਰ ਸਕਣ ਵਿਚ ਅਸਫਲ ਰਹਿੰਦੇ ਹਨ। ਇਸ ਗਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਵਿਚ ਹੋ ਰਹੇ ਅਨਿਆਂ ਦਾ ਇਕ ਮੁੱਖ ਕਾਰਨ ਚੀਜ਼ਾਂ ਤੇ ਸਾਧਨਾਂ (ਸੰਪਤੀ) ਦੀ ਅਸਮਾਨ ਵੰਡ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਜੀਵਨ ਵਿਚ ਮਿਲਣ ਵਾਲੇ ਸੁਖ ਤੇ ਸੰਪਤੀ ਦਾ ਆਧਾਰ ਯੋਗਤਾ ਹੋਵੇ। ਪਰ ਸੰਪਤੀ ਮੁਢਲੇ ਉਦਾਰਵਾਦੀ ਨਿੱਜੀ ਸੰਪਤੀ ਤੇ ਨਿਆਂ ਵਿਚਕਾਰ ਕੋਈ ਵਿਰੋਧ ਨਹੀਂ ਸਨ ਮੰਨਦੇ। ਉਨ੍ਹਾਂ ਅਨੁਸਾਰ, ਸਮਾਜਿਕ ਤੇ ਆਰਥਿਕ ਨਿਆਂ ਦੀ ਇਹੀ ਮੰਗ ਹੈ ਕਿ ਦੂਜਿਆਂ ਦੀ ਸੰਪਤੀ ਵਿਚ ਕੋਈ ਦਖ਼ਲ-ਅੰਦਾਜ਼ੀ ਨਾ ਕੀਤੀ ਜਾਏ। ਸਮਾਜਿਕ ਨਿਆਂ ਦੇ ਨਾਂ ਤੇ ਦੂਜਿਆਂ ਦੀ ਸੰਪਤੀ ਨੂੰ ਖੋਹਣ ਨੂੰ ਉਹ ਅਨੈਤਿਕ ਮੰਨਦੇ ਹਨ।

**ਸਵੈ ਅਭਿਆਸ ਲਈ ਪ੍ਰਸ਼ਨ-।**

1 ਪਲੈਟੋ ਦੇ ਨਿਆਂ ਨੂੰ ਇੱਕ ............ਵਜੋਂ ਪਰਿਭਾਸ਼ਿਤ ਕੀਤਾ ਹੈ।
2. ਉਪਯੋਗਤਾਵਾਦੀਆਂ ਅਨੁਸਾਰ ਨਿਆਂ ਕੀ ਹੈ?
3. ਸਮਾਜਵਾਦੀਆਂ ਅਨੁਸਾਰ ਨਿਆਂ ਦੀ ਧਾਰਾਵਾਂ ਦੇ ਕੀ ਆਧਾਰ ਹਨ?
4. ..............ਅਨੁਸਾਰ ਸੁਤੰਤਰਤਾ ਨਿਆਂ ਦੀ ਇਕ ਮਹੱਤਵਪੂਰਨ ਸ਼ਰਤ ਹੈ।

### 2.3.6 ਸਾਰਾਂਸ਼ (Conclusion)

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਨਿਆਂ ਦੀ ਧਾਰਵਾਂ ਅੱਜ ਦੇ ਲੋਕਤੰਤਰੀ ਯੁੱਗ ਵਿੱਚ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਹੀ ਨਿਆਂ (Fair Justice) ਤੋਂ ਬਿਨਾਂ ਸੁਤੰਤਰਤਾ ਤੇ ਸਮਾਨਤਾ ਦਾ ਆਪਣੇ ਆਪ ਵਿੱਚ ਕੋਈ ਅਰਥ ਨਹੀਂ ਹੈ। ਨਿਆਂ ਦੀ ਧਾਰਾਵਾਂ ਸ਼ੁਰੂ ਤੋਂ ਲੈ ਕੇ ਹੁਣ ਤੱਕ ਰਾਜਨੀਤਕ ਵਿਗਿਆਨੀਆਂ ਦੀ ਖਿੱਚ ਦਾ ਕੇਂਦਰ ਰਹੀ ਹੈ।

### 2.3.7 ਸਵੈ-ਅਭਿਆਸ ਲਈ ਪ੍ਰਸ਼ਨਾਂ ਦੇ ਉੱਤਰ (I)

1. ਉੱਤਮ ਗੁਣ (Virtue)
2. ਵੱਧ ਤੋਂ ਵੱਧ ਲੋਕਾਂ ਦਾ ਵੱਧ ਤੋਂ ਵੱਧ ਕਲਿਆਣ

3. ਲੋੜ ਤੇ ਮੌਲਿਕ ਸਮਾਨਤਾ
4. ਜਾਨ ਰਾਲਜ਼ (John Rawls)

**2.3.8 ਸੁਝਾਈਆਂ ਪੁਸਤਕਾਂ**


(i) J.S. Badyal : Political Theory (Punjabi)
(ii) Eddy Asrtvatham : Political Theory)
(iii) Sushila Ramaswamy : Political Theory
(iv) www.wikipedia.org
(v) www.oup.com

ਪਾਠ ਨੰ : 2.4

# ਲੋਕਤੰਤਰ : ਅਰਥ, ਵਿਸ਼ੇਸ਼ਤਾਵਾਂ ਅਤੇ ਕਿਸਮਾਂ

## (Democracy : Meaning, Characteristic and Types)

ਪਾਠ ਦੀ ਰੂਪ ਰੇਖਾ

2.4.1 ਪਾਠ ਦਾ ਉਦੇਸ਼
2.4.2 ਭੂਮਿਕਾ
2.4.3 ਲੋਕਤੰਤਰ ਦਾ ਅਰਥ ਅਤੇ ਪਰਿਭਾਸ਼ਾ
2.4.4 ਲੋਕਤੰਤਰ ਦਾ ਕਲਾਸਕੀ ਅਰਥ
2.4.5 ਲੋਕਤੰਤਰ ਦੀਆਂ ਮੂਲਭੂਤ ਕਦਰਾਂ ਤੇ ਕੀਮਤਾਂ
2.4.6 ਲੋਕਤੰਤਰ ਦੀਆਂ ਵਿਸ਼ੇਸ਼ਤਾਵਾਂ
2.4.7 ਲੋਕਤੰਤਰ ਦੀਆਂ ਕਿਸਮਾਂ
2.4.8 ਲੋਕਤੰਤਰ ਦੀ ਆਧੁਨਿਕ ਵਿਆਖਿਆ
2.4.9 ਸਿੱਟਾ
2.4.10 ਸਵੈ ਅਭਿਆਸ ਲਈ ਪ੍ਰਸ਼ਨਾਂ ਦੇ ਉੱਤਰ
2.4.11 ਸੁਝਾਈਆਂ ਪੁਸਤਕਾਂ

2.4.1 **ਪਾਠ ਦਾ ਉਦੇਸ਼** :- ਇਸ ਪਾਠ ਦਾ ਉਦੇਸ਼ ਤੁਹਾਨੂੰ ਲੋਕਤੰਤਰ ਦੇ ਅਰਥ ਨਾਲ ਜਾਣੂ ਕਰਾਉਣਾ ਹੈ। ਲੋਕਤੰਤਰ ਦਾ ਪਰੰਪਰਾਵਾਦੀ ਜਾਂ ਕਲਾਸਕੀ ਅਰਥ ਦੀ ਸਮਝਿਆ ਜਾਂਦਾ ਹੈ ਅਤੇ ਆਧੁਨਿਕ ਸਮੇਂ ਵਿੱਚ ਇਸ ਦਾ ਅਰਥ ਕੀ ਮੰਨਿਆ ਜਾਂਦਾ ਹੈ। ਆਧੁਨਿਕ ਸਮੇਂ ਵਿੱਚ ਵੀ ਵਸ਼ਿਸ਼ਟ-ਵਰਗੀ ਸਿਧਾਂਤ ਲੋਕਤੰਤਰ ਨੂੰ ਕਿਵੇਂ ਸਮਝਾਉਂਦਾ ਹੈ ਅਤੇ ਮਾਰਕਸਵਾਦੀ ਸਿਧਾਂਤ ਲੋਕਤੰਤਰ ਕੀ ਹੈ ਤੁਸੀਂ ਇਹਨਾਂ ਸਾਰੀਆਂ ਗੱਲਾਂ ਬਾਰੇ ਇਸ ਪਾਠ ਵਿੱਚੋਂ ਜਾਣ ਸਕੋਗੇ।

2.4.2 **ਭੂਮਿਕਾ (Introduction)** :- ਲੋਕਤੰਤਰ ਦੇ ਤਰ੍ਹਾਂ ਤਰ੍ਹਾਂ ਦੇ ਅਰਥ ਕੀਤੇ ਜਾਣ ਲਗ ਪਏ ਹਨ। **ਪ੍ਰੋਫੈਸਰ ਪੀਟਰ ਮਰਕਲ** ਨੇ ਠੀਕ ਹੀ ਆਖਿਆ ਹੈ ਕਿ ''ਰਾਜਨੀਤੀ ਸ਼ਾਸ਼ਤਰ ਦੀ ਸ਼ਬਦਾਵਲੀ ਵਿੱਚ ਲੋਕਤੰਤਰ ਤੋਂ ਇਲਾਵਾ ਹੋਰ ਕੋਈ ਅਜਿਹਾ ਸ਼ਬਦ ਨਹੀਂ ਜੋ ਇੰਨਾ ਜ਼ਿਆਦਾ ਵਰਤਿਆ ਜਾਂਦਾ ਹੈ, ਹੇਠਾਂ ਮਹੱਤਵ ਪੂਰਨ ਹੈ, ਪਰ ਨਾਲ ਹੀ ਏਨਾ ਜ਼ਿਆਦਾ ਅਸਪਸ਼ਟ ਵੀ ਹੈ।'' ਅਸਲ ਵਿਚ ਲੋਕਤੰਤਰ ਦੀ ਅਜਿਹੀ ਕੋਈ ਪਰਿਭਾਸ਼ਾ ਨਹੀਂ ਜਿਸ ਤੇ ਸਾਰੇ ਵਿਦਵਾਨਾਂ ਦੀ ਸਹਿਮਤੀ ਹੋਵੇ। ਅਮਰੀਕੀ ਇਤਿਹਾਸਕਾਰ **ਕਾਰਲ ਬੈਕਰ** ਨੇ ''ਲੋਕਤੰਤਰ ਨੂੰ ਸੰਕਲਪਾਂ ਦਾ ਇਕ ਅਜਿਹਾ (Concepts) ਹਲਕਾ ਥੈਲਾ ਆਖਿਆ ਹੈ ਜਿਸ ਵਿਚ ਥੋੜ੍ਹੇ ਜਿਹੇ ਫੇਰ ਬਦਲ ਨਾਲ ਸਮਾਜਿਕ ਤੱਥਾਂ ਦੇ ਲਗਭਗ ਹਰੇਕ ਸੰਗ੍ਰਹਿ ਹੈ, ਜਿਸ ਨੂੰ ਲੋਕ ਇਕੱਠਾ ਰੱਖਣਾ ਚਾਹੁੰਦੇ ਹਨ, ਸਮੋਇਆ ਜਾ ਸਕਦਾ ਹੈ। ਹੈਨਰੀ ਬੀ.ਮੇਓ ਦੇ ਸ਼ਬਦਾਂ ਵਿੱਚ, ਵੀ ਸ਼ਬਦ ਲੋਕਤੰਤਰ ਦੀ ਵਿਅਕਤੀਗਤ ਪੱਧਰ ਤੇ ਇੱਕ ਸਿਧਾਂਤ ਵਜੋਂ ਬਹੁਤ ਹੀ ਕੁਵਰਤੋਂ ਹੁੰਦੀ ਹੈ। ਜੇ ਕਿਸੇ ਇਕ ਲਈ ਲੋਕਤੰਤਰ ਦਾ ਅਰਥ ਈਸਾਈ ਸਮਾਜ ਹੈ ਤਾਂ ਕਿਸੇ ਹੋਰ ਲਈ ਇਕ ਅਜਿਹਾ ਸਮਾਜ, ਜਿਸ ਵਿਚ ਹਰੇਕ ਨੂੰ ਆਜ਼ਾਦੀ ਤੇ ਨਿਆਂ ਮਿਲੇ। ਜੇ ਕੁਝ ਲਈ ਇਹ ਨਿੱਜੀ ਅਰਥ ਵਿਵਸਥਾ ਅਤੇ ਕੁਝ ਲਈ ਸਮਾਜਵਾਦੀ ਢਾਂਚੇ ਵਾਲੇ ਸਮਾਜ ਹੈ ਤਾਂ ਕੁਝ ਹੋਰ ਇਸ ਨੂੰ ਜੀਵਨ ਪ੍ਰਤੀ ਰਵੱਈਆ ਜਾਂ ਜੀਵਨ-ਢੰਗ ਸਮਝਦੇ ਹਨ।'' ਇਨ੍ਹਾਂ ਨਜ਼ਰ ਆਉਂਦੇ ਵਖਰੇਵਿਆਂ ਤੋਂ ਇਲਾਵਾ ਇਸ ਸ਼ਬਦ ਦੇ ਸਹੀ ਅਰਥ ਬਾਰੇ ਵੀ ਕਾਫ਼ੀ ਵਾਦ ਵਿਵਾਦ ਅਤੇ ਉਲਝਨ ਹੈ।

2.4.3 **ਲੋਕਤੰਤਰ ਦਾ ਅਰਥ ਅਤੇ ਪਰਿਭਾਸ਼ਾ (Meaning and Definition of Democracy)** :- **ਬਰਨਾਰਡ ਕਰਿਕ** ਨੇ ਠੀਕ ਆਖਿਆ ਸੀ ਕਿ ਲੋਕਤੰਤਰ ਜਨਤਕ ਮਾਮਲਿਆਂ ਨਾਲ ਸੰਬੰਧਿਤ ਸ਼ਬਦਾਂ ਵਿਚੋਂ ਸਭ ਤੋਂ ਵਧ ਉਲਝਿਆ ਹੋਇਆ ਸ਼ਬਦ ਹੈ। ਕਰਿਕ ਅੱਗੇ ਆਖਦਾ ਹੈ ਕਿ ''ਲੋਕਤੰਤਰ ਹਰ ਕਿਸੇ ਦੀ ਮਾਸ਼ੂਕਾ ਹੈ ਪਰ ਫਿਰ ਕਿਵੇਂ ਨਾ ਕਿਵੇਂ ਇਹ ਆਪਣਾ ਜਾਦੂ ਬਣਾਈ ਹੀ ਰਖਦੀ ਹੈ। ਇਹ ਜਾਣਦੇ ਹੋਏ ਵੀ ਕਿ ਉਸ ਦੇ ਕਈਆਂ ਨਾਲ ਵਰਜਿਤ ਸੰਬੰਧ ਹਨ ਤੇ ਇਸ ਦਰਦ ਦੇ ਬਾਵਜੂਦ ਵੀ ਕਿ ਉਹ ਸਿਰਫ਼ ਸਾਡੇ ਨਾਲ ਹੀ ਵਫਾਦਾਰ ਨਹੀਂ

ਅਸੀਂ ਹਰ ਹਰ ਸੋਹਬਤ ਵਿਚ ਉਸ ਦੇ ਢੱਲ ਜਾਣ ਦੇ ਗੁਣ ਉੱਤੇ ਫਖਰ ਕਰਦੇ ਹਾ। ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜੋ ਇਕ ਆਦਮੀ ਲਈ ਲੋਕਤੰਤਰ ਹੈ ਦੂਸਰੇ ਲਈ ਸਮਾਜਵਾਦ ਜਾਂ ਪੂੰਜੀਵਾਦ ਜਾ ਇਥੋਂ ਤੱਕ ਕਿ ਫਾਸੀਵਾਦ ਕਮਿਊਨਿਜ਼ਮ ਵੀ ਹੇ। ਇਟਲੀ ਵਿਚ ਮਸੋਲਿਨੀ ਨੇ ਆਪਣੀ ਫਾਸੀਵਾਦ ਪ੍ਰਣਾਲੀ ਨੂੰ ਸੱਚੀ ਜਮਹੂਰੀਅਤ ਅਤੇ ਹਿਟਲਰ ਨੇ ਆਪਣੀ ਤਾਨਾਸ਼ਾਹੀ ਨੂੰ ਅਸਲੀ ਲੋਕਤੰਤਰ ਆਖਿਆ ਸੀ। ਇਸੇ ਤਰ੍ਹਾਂ ਅਯੂਬ ਅਤੇ ਸੁਕਾਰਨੋ ਦੁਆਰਾ ਕ੍ਰਮਵਾਰ ਪਾਕਿਸਤਾਨ ਤੇ ਇੰਡੋਨੇਸ਼ੀਆਂ ਵਿਚ '**ਬੁਨਿਆਦੀ ਲੋਕਤੰਤਰ (Basic Democracy)** ਅਤੇ **ਸੇਧਿਤ ਲੋਕਤੰਤਰ**'' **(Guided Democracy)** ਸਥਾਪਿਤ ਕੀਤੇ ਗਏ ਜਦ ਕਿ ਨੇਪਾਲ ਨੇ ਆਪਣੇ ਲੋਕਤੰਤਰ ਨੂੰ **ਪੰਚਾਇਤੀ ਲੋਕਤੰਤਰ** ਕਿਹਾ ਹੈ। ਇਹ ਸਭ ਉਦਾਹਰਣਾਂ ਇਹੀ ਸਪਸ਼ਟ ਕਰਦੀਆ ਹਨ ਕਿ ਅਜੋਕੇ ਵਿਸ਼ਵ ਵਿਚ ਲੋਕਤੰਤਰ ਸਭ ਤੋ ਵਧੇ ਰੇ ਮਾਨਤਾ ਪ੍ਰਾਪਤ ਰਾਜਨੀਤਿਕ ਸੰਕਲਪ ਹੈ। ਪਰ ਇਸ ਬਾਰੇ ਸਹਿਮਤੀ ਨਹੀਂ ਕਿ ਲੋਕਤੰਤਰ ਸਭ ਤੋਂ ਵਧੇਰੇ ਮਾਨਤਾ ਪ੍ਰਾਪਤ ਰਾਜਨੀਤਿਕ ਸੰਕਲਪ ਹੈ। ਪਰ ਇਸ ਬਾਰੇ ਸਹਿਮਤੀ ਨਹੀਂ ਕਿ ਲੋਕਤੰਤਰ ਦੇ ਸਹੀ ਅਰਥ ਕੀ ਹਨ ਇਸ ਉਲਝਨ ਨੂੰ ਖਤਮ ਕਰਨ ਲਈ ਜਾਰਜ ਬਰਨਾਰਡ ਸ਼ਾ ਨੇ 1948 ਵਿਚ ਵਿਚਾਰ ਦਿੱਤਾ ਸੀ ਕਿ ਉੱਘੇ ਵਿਦਵਾਨਾਂ ਅਤੇ ਚਿੰਤਕਾਂ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਇਕ ਜਗ੍ਹਾ ਇਕੱਠੇ ਹੋਣਾ ਚਾਹੀਦਾ ਹੈ। ਪਰ ਉਸ ਦੇ ਸੁਝਾਅ ਤੇ ਬਿਆਨ ਨਹੀਂ ਦਿੱਤਾ ਗਿਆ ਅਤੇ ਸੰਸਾਰ ਵਿਚ ਅੱਜ ਵੀ ਲੋਕਤੰਤਰ ਦੀ ਵਿਸ਼ਾ ਵਸਤੂ, ਅਰਥ ਅਤੇ ਖੇਤਰ ਬਾਰੇ ਸਪਸ਼ਟਤਾ ਨਹੀਂ ਹੈ।

### 2.4.4 ਲੋਕਤੰਤਰ ਦੇ ਕਲਾਸਕੀ ਅਰਥ :

ਲੋਕਤੰਤਰ ਦਾ ਅਰਥ ਹੈ ਲੋਕ-ਸ਼ਕਤੀ ਜਾਂ ਲੋਕਾਂ ਦੀ ਸ਼ਕਤੀ। ਇਹ ਸ਼ਬਦ ਹੇਰੋਡਟਸ ਦੇ ਜ਼ਮਾਨੇ ਤੋਂ ਸਰਕਾਰ ਦੇ ਉਸ ਰੂਪ ਵਾਸਤੇ ਵਰਤਿਆ ਜਾਂਦਾ ਰਿਹਾ ਹੈ ਜਿਸ ਵਿਚ ਰਾਜ ਦੀ ਸ਼ਾਸਨ ਸ਼ਕਤੀ ਕਿਸੇ ਖਾਸ ਸ਼੍ਰੇਣੀ ਜਾਂ ਸ਼੍ਰੇਣੀਆਂ ਕੋਲ ਨਹੀਂ, ਸਗੋਂ ਸਮੁੱਚੇ ਭਾਈਚਾਰੇ ਦੇ ਮੈਂਬਰਾਂ ਕੋਲ ਹੁੰਦੀ ਸੀ। ਕਈਆਂ ਦੀ ਹਕੂਮਤ ਵਜੋਂ, ਲੋਕਤੰਤਰ ਯੂਨਾਨੀ ਰਾਜਨੀਤਿਕ ਪ੍ਰਣਾਲੀ ਦੀ ਦੇਣ ਹੈ। ਸੋ ਅਮਲ ਵਿਚ ਇਹ ਸਰਕਾਰ ਦੇ ਉਸ ਦਾ ਅਰਥ ਰੱਖਣ ਲਗ ਪਈ ਹੈ ਜਿਸ ਵਿਚ, ਗਰੀਬ ਲੋਕ, ਜੋ ਹਮੇਸ਼ਾ ਵਧੇਰੇ ਗਿਣਤੀ ਵਿਚ ਹੁੰਦੇ ਹਨ ਅਤੇ ਅਸਲ ਵਿਚ ਹਕੂਮਤ ਕਰਦੇ ਹਨ।

ਲੋਕਤੰਤਰ ਦੀ ਕੋਈ ਵੀ ਪਰਿਭਾਸ਼ਾ ਇਸ ਸੰਕਲਪ ਦੇ ਵਿਸ਼ਾਲ ਇਤਿਹਾਸ ਨੂੰ ਢੁਕਵੇਂ ਢੰਗ ਨਾਲ ਕਲਾਵੇ ਵਿਚ ਨਹੀਂ ਲੈ ਸਕਦੀ। ਕਈਆਂ ਲਈ ਇਹ ਸਰਕਾਰ ਦਾ ਇਕ ਰੂਪ ਹੈ ਅਤੇ ਕਈਆਂ ਲਈ ਸਮਾਜਿਕ ਜੀਵਨ ਦਾ ਇਕ ਢਾਂਚਾ। ਕਈ ਵਿਦਵਾਨਾਂ ਨੇ ਵੋਟਰਾਂ ਦੀ ਪ੍ਰਕ੍ਰਿਤੀ, ਸਰਕਾਰ ਅਤੇ ਲੋਕਾਂ ਦਰਮਿਆਨ ਦੇ ਸੰਬੰਧ ਨਾਗਰਿਕਾਂ ਦਰਮਿਆਨ ਵੱਡੇ ਆਰਥਿਕ ਪਾੜਿਆਂ ਦੀ ਅਣਹੋਂਦ, ਜਾਤੀ ਧਨ ਜਾਂ ਧਰਮ ਦੇ ਆਧਾਰ ਤੇ ਵਿਸ਼ੇਸ਼ ਅਧਿਕਾਰਾਂ ਦੀ ਅਣਹੋਂਦ ਵਿਚ ਲੋਕਤੰਤਰ ਦਾ ਸਾਦਾ ਤੱਤ ਲਭਿਆ ਹੈ। ਸਮੇਜ ਤੇ ਸਥਾਨ ਦੇ ਨਾਲ ਨਾਲ ਲੋਕਤੰਤਰ ਦੇ ਤੱਤ ਤੇ ਸਰੂਪ ਵਿਚ ਅੰਤਰ ਆ ਜਾਂਦਾ ਹੈ, ਜੇ ਹੁਕਮਰਾਨ ਜਮਾਤ ਦੇ ਮੈਂਬਰਾਂ ਨੂੰ ਲੋਕਤੰਤਰ ਲੱਗਦਾ ਹੈ, ਗਰੀਬ ਨਾਗਰਿਕਾਂ ਨੂੰ ਸੋੜਾ ਅਤੇ ਸਮਰਥਨ ਲਈ ਅਢੁਕਵਾਂ ਗਣਤੰਤਰ ਮਹਿਸੂਸ ਹੋ ਸਕਦਾ ਹੈ। ਲੋਕਤੰਤਰ ਦਾ ਸੰਬੰਧ ਜੀਵਨ ਦੇ ਹਰ ਖੇਤਰ ਨਾਲ ਹੈ ਅਤੇ ਹਰ ਖੇਤਰ ਹੀ ਇਸ ਦੀਆਂ ਆਪਣੀਆਂ ਵਿਸ਼ੇਸ਼ ਸਮੱਸਿਆਵਾਂ ਹਨ ਜਿਹਨਾਂ ਕਾਰਨ ਤਸੱਲੀਬਖਸ਼ ਜਾਂ ਸਰਬ-ਵਿਆਪੀ ਸਾਧਾਰਨੀਕਰਣ ਸੰਭਵ ਨਹੀਂ।

ਲੋਕਤੰਤਰ ਦੀ ਪਰਿਭਾਸ਼ਾਂ ਕਰਦੇ ਹੋਏ, **ਸੀ.ਡੀ. ਬਰਨ** ਕਹਿੰਦਾ ਹੈ ਕਿ ਜਦੋਂ ਜੰਗਲੀ ਤੇ ਅਸਭਯ ਢੰਗਾਂ ਦੇ ਮੁਕਾਬਲੇ ਸੁਭਯ ਅਤੇ ਮਾਨਵੀ ਲੱਛਣਾਂ ਦਾ ਬੋਲਬਾਲਾ ਹੁੰਦਾ ਹੈ ਤਦ ਹੀ ਲੋਕਤੰਤਰ ਦੀ ਹੋਂਦ ਹੁੰਦੀ ਹੈ। ਇਹ ਲੱਛਣ ਹਨ - ਆਪਣੀ ਹਰ ਪ੍ਰਕਾਰ ਕਾਰਵਾਈ ਲਈ ਵਿਅਕਤੀ ਦੀ ਨੈਤਿਕ ਜ਼ਿੰਮੇਵਾਰੀ ਅਤੇ ਤਰਕ-ਸ਼ੀਲਤਾ। ਸਮਾਜ ਵਿਚ ਜਿਥੇ ਇਹ ਲੱਛਣ ਹਾਵੀ ਹਨ, ਉਥੇ ਲੋਕਤੰਤਰ ਮੌਜੂਦ ਹੈ। ਸੱਚੇ ਲੋਕਤੰਤਰ ਦੀ ਪ੍ਰਾਪਤੀ ਲਈ ਜੀਵਨ ਦੇ ਹਰੇਕ ਖੇਤਰ, ਧਾਰਮਿਕ, ਸਨਅਤੀ ਅਤੇ ਰਾਜਨੀਤਿਕ ਵਿਚ ਲੋਕਤੰਤਰ ਹੋਣਾ ਜ਼ਰੂਰੀ ਹੈ। ਬਰਨ ਦਾ ਮੱਤ ਹੈ ਕਿ ਲੋਕਤੰਤਰੀ ਵਿਚਾਰਾਂ ਤੋਂ ਭਾਵ, ਅਮਲ ਵਿਚ ਚਰਿਤਰ ਦੇ ਬੋਧਿਕ ਦੇ ਵਖਰੇਵਿਆਂ ਤੋਂ ਇਨਕਾਰੀ ਹੋਣਾ ਨਹੀਂ ਪਰ ਸਿਰਫ ਸਰੀਰਕ ਸ਼ਕਤੀ, ਧਨ ਤੇ ਜਨਮ ਦੇ ਆਧਾਰ ਤੇ ਅੰਤਰ ਲਈ ਇਸ ਪ੍ਰਣਾਲੀ ਵਿਚ ਕੋਈ ਸਥਾਨ ਨਹੀਂ। ਭਾਵ ਲੋਕਤੰਤਰ ਕੁਦਰਤੀ ਅਸਮਾਨਤਾਵਾਂ ਤੋਂ ਤਾਂ ਇਨਕਾਰੀ ਨਹੀਂ। ਪਰ ਮਨੁੱਖ ਦੇ ਬਣਾਏ ਹੋਏ ਵਿਤਕਰਿਆਂ ਲਈ ਇਸ ਪ੍ਰਣਾਲੀ ਵਿਚ ਕੋਈ ਸਥਾਨ ਨਹੀਂ।

**ਜੇ.ਐਸ. ਮਿੱਲ** ਦਾ ਵਿਚਾਰ ਹੈ, ''ਆਦਰਸ਼ ਤੌਰ ਤੇ ਸਰਕਾਰ ਦਾ ਬੇਹਤਰੀਨ ਰੂਪ ਉਹ ਹੈ ਜਿਸ ਵਿਚ ਪ੍ਰਭੂਸਤਾ ਭਾਈਚਾਰੇ ਦੇ ਵਿਚ ਸਮੂਹਿਕ ਤੌਰ ਤੇ ਨਿਹਿਤ ਹੈ।'' ਮਿਲ ਦੇ ਅਨੁਸਾਰ, ''ਸਮਾਜਿਕ ਤੌਰ

ਤੇ ਵਿਕਸਿਤ ਰਾਜ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਵਾਲੀ ਸਰਕਾਰ ਉਹੀ ਹੈ ਜਿਸ ਵਿਚ ਸਭ ਲੋਕ ਭਾਗ ਲੈਂਦੇ ਹਨ। ਪਰ ਕਿਉਂਕਿ ਅਜਿਹੀ ਸਰਕਾਰ ਸੰਭਵ ਨਹੀਂ, ਇਸ ਲਈ ਆਦਰਸ਼ ਸਰਕਾਰ ਦਾ ਪ੍ਰਤੀਨਿਧੀ ਹੋਣਾ ਜ਼ਰੂਰੀ ਹੈ ਅਤੇ ਇਸੇ ਕਾਰਨ ਲੋਕਤੰਤਰ ਸਰਕਾਰ ਦਾ ਸਭ ਤੋਂ ਚੰਗਾ ਰੂਪ ਹੈ।

**ਅਬਰਾਹਮ ਲਿੰਕਨ (Lincoln)** ਅਨੁਸਾਰ ''ਲੋਕਤੰਤਰ ਲੋਕਾਂ ਦੀ, ਲੋਕਾਂ ਲਈ, ਲੋਕਾ ਦੁਆਰਾ ਬਣਾਈ ਸਰਕਾਰ ਹੁੰਦੀ ਹੈ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ 19ਵੀਂ ਸਦੀ ਵਿਚ ਉਭਰ ਕੇ ਸਾਹਮਣੇ ਆਇਆ ਆਦਰਸ਼ ਲੋਕਤੰਤਰ ਦਾ ਸਿਧਾਂਤ ਅੱਜ ਵੀ ਵਿਵਹਾਰਕ ਤੇ ਵਿਚਾਰਧਾਰਾ ਦੇ ਪੱਖ ਤੋਜ ਰਾਜਨੀਤੀ ਉਪਰ ਪ੍ਰਭਾਵ ਰਖਦਾ ਹੈ।

**ਕੈਰੋਲ ਪਿਟਮੈਨ** ਅਨੁਸਾਰ ਰੂਸੋ ਦਾ ਸਮੁੱਚਾ ਰਾਜਨੀਤਿਕ ਸਿਧਾਂਤ ਰਾਜਨੀਤਿਕ ਫੈਸਲੇ ਲੈਣ ਲਈ ਹਰੇਕ ਨਾਗਰਿਕ ਦੀ ਵਿਅਕਤੀਗਤ ਭਾਗੀਦਾਰੀ ਤੇ ਨਿਰਭਰ ਹੈ। ਭਾਗੀਦਾਰੀ ਕੀ ਹੈ ? ਇਸ ਤੋਂ ਕੀ ਭਾਵ ਹਨ ? ਰੂਸੋ ਇਸ ਸਵਾਲ ਦੇ ਨਿਮਨ-ਲਿਖਤ ਜਵਾਬ ਦਿੰਦਾ ਹੈ :

(ੳ) ਭਾਗੀਦਾਰੀ ਤੋਂ ਅਰਥ ਹੈ, ਸਰਕਾਰ ਦੇ ਫੈਸਲੇ ਨਿਰਮਿਤ ਕਰਨ ਵਿਚ ਸ਼ਰੀਕ ਹੋਣਾ।

(ਅ) ਭਾਗੀਦਾਰੀ ਨਿੱਜੀ ਹਿੱਤਾ ਦੀ ਰਖਿਆ ਕਰਨ ਲਈ ਅਤੇ ਚੰਗੀ ਸਰਕਾਰ ਯਕੀਨੀ ਬਣਾਉਣ ਦਾ ਇਕ ਢੰਗ ਹੈ।

(ੲ) ਭਾਗੀਦਾਰੀ ਭਾਈਚਾਰੇ ਨਾਲ ਸੰਬੰਧਿਤ ਹੋਣ ਦੇ ਅਹਿਸਾਸ ਵਿਚ ਵਾਧਾ ਕਰਦੀ ਹੈ।

(ਸ) ਭਾਗੀਦਾਰੀ ਦੀ ਪ੍ਰਕ੍ਰਿਆ ਦੁਆਰਾ ਵਿਅਕਤੀ ਨੂੰ ਸਮਾਜਿਕ ਤੌਰ ਤੇ ਜ਼ਿੰਮੇਵਾਰ ਕਾਰਜ ਕਰਨ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ।

(ਹ) ਆਰਥਿਕ ਬਰਾਬਰੀ ਅਤੇ ਧਾਰਮਿਕ ਸੁਤੰਤਰਤਾ ਵਾਲੇ ਸਮਾਜ ਵਿਚ ਹੀ ਆਦਰਸ਼ ਭਾਗੀਦਾਰੀ ਸੰਭਵ ਹੁੰਦੀ ਹੈ। ਰੂਸੋ ਨੇ ਲਿਖਿਆ ਹੈ, ''ਕੋਈ ਵੀ ਨਾਗਰਿਕ ਦੂਸਰੇ ਨੂੰ ਖਰੀਦ ਲੈਣ ਜਿੰਨਾ ਅਮੀਰ ਅਤੇ ਕੋਈ ਵੀ ਐਨਾ ਗਰੀਬ ਨਹੀਂ ਹੋਣਾ ਚਾਹੀਦਾ ਕਿ ਆਪਣੇ ਆਪ ਨੂੰ ਵੇਚਣ ਤੇ ਮਜ਼ਬੂਰ ਹੋ ਜਾਵੇ।

ਰੁਸੋ ਨੇ ਸਾਨੂੰ ਇਹ ਦੱਸਿਆ ਹੈ ਕਿ ਸੰਸਥਾਵਾਂ ਦੇ ਅਧਿਕਾਰਮਈ ਢਾਂਚਿਆਂ ਤੇ ਜਨਤਾ ਦੇ ਮਨੋਵਿਗਿਆਨਿਕ ਗੁਣਾਂ ਤੇ ਵਤੀਰਿਆਂ ਦਰਮਿਆਨ ਇਕ ਅੰਤਰ ਸੰਬੰਧ ਹੁੰਦਾ ਹੈ ਅਤੇ ਇਹ ਵੀ ਕਿ ਭਾਗੀਦਾਰੀ ਦਾ ਪ੍ਰਮੁੱਖ ਕਾਰਜ ਲੋਕਾਂ ਨੂੰ ਸਿਖਿਅਤ ਕਰਨਾ ਹੈ।

**ਜੀ. ਸਾਰਤੋਰੀ (G Sartori)** ਅਨੁਸਾਰ ਪ੍ਰਜਾਤੰਤਰ ਆਦਰਸ਼ਾਂ ਦਾ ਇਕ ਸਮੂਹ ਹੈ ਅਤੇ ਇਕ ਰਾਜਨੀਤਿਕ ਪ੍ਰਣਾਲੀ ਵੀ। ਇਹ ਆਦਰਸ਼ ਹਨ : ਆਜ਼ਾਦੀ, ਬਰਾਬਰੀ ਅਤੇ ਨਿਆਂ। ਇਹ ਜਨਤਕ ਪ੍ਰਭੁਸੱਤਾ, ਰਾਜਨੀਤਕ ਪ੍ਰਣਾਲੀ ਵੀ। ਇਹ ਆਦਰਸ਼ ਹਨ : ਆਜ਼ਾਦੀ, ਬਰਾਬਰੀ ਅਤੇ ਨਿਆਂ। ਇਹ ਜਨਤਕ ਪ੍ਰਭੁਸੱਤਾ, ਰਾਜਨੀਤਿਕ, ਬਰਾਬਰੀ, ਜਨਤਕ ਸਲਾਹ ਅਤੇ ਬਹੁ-ਗਿਣਤੀ ਦੇ ਸ਼ਾਸਨ ਦੇ ਅਸੂਲਾਂ ਅਨੁਸਾਰ ਸੰਗਠਿਤ ਸਰਕਾਰ ਦਾ ਰੂਪ ਵੀ ਹੈ।

ਸਮਕਾਲੀ ਰਾਜਨੀਤੀ ਸ਼ਾਸਤਰੀ ਡਬਲਯੂ.ਡਬਲਯੂ.ਰੋਸਤੋਵ ਨੇ ਲੋਕਤੰਤਰ ਲਈ ਹੇਠ ਲਿਖਤ ਪੂਰਵ ਸ਼ਰਤਾਂ ਦੱਸੀਆਂ ਹਨ :

1. ਲੋਕਤੰਤਰ ਅਧੀਨ ਜਨਤਾ ਨੂੰ ਸਰਕਾਰ ਅਤੇ ਕਾਨੂੰਨ ਦੁਆਰਾ ਰਾਜਨੀਤਿਕ ਵਿਚਾਰਾਂ ਦੇ ਪ੍ਰਗਟਾਵੇ ਦਾ ਤੇ ਇਕੱਠੇ ਹੋਣ ਦਾ ਅਧਿਕਾਰ ਅਤੇ ਵਿਅਕਤੀ ਦੀਆਂ ਦੂਸਰੀਆਂ ਸੁਰੱਖਿਆਵਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

2. ਸਰਕਾਰ ਦੀਆਂ ਕਾਰਵਾਈਆਂ ਨਿਯਮਿਤ ਜਾਂਚ-ਪੜਤਾਲ ਅਤੇ ਲੋਕਾਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਦੁਆਰਾ ਤੇ ਨਿਰਪੱਖ ਪਰੈਸ ਦੁਆਰਾ ਨਿਰੰਤਰ ਆਲੋਚਨਾ ਤੇ ਬਹਿਸ ਦਾ ਵਿਸ਼ਾ ਹੋਣੀਆਂ ਚਾਹੀਦੀਆਂ ਹਨ।

3. ਜਨਤਾ ਦੀਆਂ ਮੰਗਾਂ ਭਾਵ ਨਿਵੇਸ਼ਾਂ (imputs) ਤੇ ਸਰਕਾਰ ਦੇ ਤਿੰਨਾਂ ਅਹਿਮ ਕਾਰਜਾਂ ਭਾਵ ਨਿਕਾਸਾਂ (outputs) ਵਿਚ ਪ੍ਰਸਪਰ ਸੰਤੁਲਨ ਨਿਰਧਾਰਿਤ ਕਰਨ ਦੀ ਅੰਤਿਮ ਜ਼ਿੰਮੇਵਾਰੀ ਬਹੁਗਿਣਤੀ ਦੀ ਇੱਛਾ ਅਨੁਸਾਰ ਹੈ। ਭਾਵ ਜਨਤਾ ਨੇ ਹੀ ਇਹ ਨਿਰਣਾ ਕਰਨਾ ਹੈ ਕਿ ਸਰਕਾਰ ਉਹਨਾਂ ਦੀਆਂ ਇੱਛਾਵਾਂ ਅਨੁਸਾਰ ਕਾਰਜ ਕਰ ਰਹੀ ਹੈ ਕਿ ਨਹੀਂ।

### 2.4.5 ਲੋਕੰਤਤਰ ਦੀਆਂ ਮੂਲ ਭੂਤ ਕਦਰਾਂ (Values of Democracy)

ਲੋਕਤੰਤਰ ਕਦਰਾਂ ਸਮੁੱਚੀ ਪ੍ਰਣਾਲੀ ਦੀਆਂ ਕਦਰਾਂ ਹਨ। ਸੋ ਲੋਕਤੰਤਰ ਉਹਨਤਾਂ ਲਈ ਯੋਗ ਹੈ ਜੋ ਇਸ ਦੇ ਅੰਤਿਮ ਨਿਸ਼ਾਨ ਵਜੋਂ ਇਹਨਾਂ ਕਦਰਾਂ ਨੂੰ ਪ੍ਰਵਾਨ ਕਰਦੇ ਹਨ ਜਾਂ ਇਹ ਮੰਨਦੇ ਹੋਏ ਕਦਰਾਂ

ਨੂੰ ਨਿਆਂ ਉਚਿਤ ਸਮਝਦੇ ਹਨ ਕਿ ਲੋਕਤੰਤਰ ਇੰਨ੍ਹਾਂ ਕਦਰਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਕਾਰਜਰੂਪ ਦਿੰਦਾ ਹੈ। ਪ੍ਰੋਫੈਸਰ ਮੈਯੋ (Mayo) ਅਨੁਸਾਰ ਲੋਕਤੰਤਰ ਦੀਆ ਹੇਠ ਲਿਖੀਆਂ ਨੌ ਕਦਰਾਂ ਹਨ।

1. ਪਹਿਲੀ, ਸਾਰੇ ਝਗੜਿਆਂ ਤੇ ਵਾਦ-ਵਿਵਾਦ ਦਾ ਪੁਰਅਮਨ ਸਵੈਇਛਕ ਹਲ ਲੋਕਤੰਤਰ ਵਿਚ ਝਗੜਿਆ ਦੇ ਹਲ ਦੀ, ਕਾਨੂੰਨੀ ਵਿਵਸਥਾ ਬਹਾਲ ਰੱਖਣ ਅਤੇ ਜਨਤਕ ਨੀਤੀਆਂ ਤਿਆਰ ਕਰਨ ਦੀ ਅਦਭੁਤ ਗੁੰਜਾਇਸ਼ ਹੁੰਦੀ ਹੈ। ਲੋਕਤੰਤਰ ਟਕਰਾਵਾਂ ਦੇ ਪੁਰਅਮਨ ਹੱਲ ਨੂੰ ਇਕ ਸਿੱਧਾਂਤ ਵਜੋਂ ਅਪਨਾਉਂਦਾ ਹੈ। (ਗੋਲੀਆਂ ਦੀ ਥਾਂ ਚੋਣ ਪਾਰਟੀਆਂ, ਮਨੁੱਖੀ ਸਿਰ ਤੋੜਨ ਦੀ ਥਾਂ ਉਨ੍ਹਾਂ ਦੀ ਗਿਣਤੀ (Ballots for bulletin and counting instead of cracking the ehads)।

2. ਬਦਲ ਰਹੇ ਸਮਾਜ ਵਿਚ ਪੁਰਅਮਨ ਤਬਦੀਲੀ ਯਕੀਨੀ ਬਣਾਉਣਾ ਦੂਸਰੀ ਕਦਰ ਹੈ। ਲੋਕਾਂ ਦੀ ਬਦਲਦੀਆਂ ਉਮੰਗਾਂ ਨਾਲ ਲੋਕਤੰਤਰੀ ਅਸੂਲ ਸਮਾਜ ਵਿਚ ਤਬਦੀਲੀਆਂ ਲਿਆਉਂਦੇ ਰਹਿੰਦੇ ਹਨ। ਕਿਉਂਕਿ ਸ਼ਾਸਕ ਲੋਕਾਂ ਦੁਆਰਾ ਚੁਣੇ ਹੁੰਦੇ ਹਨ। ਇਸ ਲਈ ਉਹ ਸਮਾਜ ਦੀਆਂ ਮੰਗਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ।

3. ਵਿਵਸਥਾ ਬੱਧ ਢੰਗ ਨਾਲ ਨਵੇਂ ਸ਼ਾਸਕਾਂ ਦਾ ਆਉਣਾ ਤੀਸਰੀ ਕਦਰ ਹੈ ਲੋਕਤੰਤਰ ਦਾ ਸਿਰਫ ਸਮਾਜਿਕ ਟਾਕਰਾ ਅਤੇ ਤਬਦੀਲੀ ਨੂੰ ਹੀ ਸ਼ਾਂਤੀ ਪੂਰਵਕ ਹਲ ਕਰਦਾ ਹੈ ਸਗੋਂ ਪੁਰਾਣੀਆਂ ਰਾਜਨੀਤਿਕ ਸਮੱਸਿਆਵਾਂ ਦਾ ਵੀ ਹੱਲ ਲਭਦਾ ਹੈ ਯਾਨੀ ਇਹ ਮੌਜੂਦ ਸ਼ਾਸਕਾਂ ਦੇ ਪੁਰਅਮਨ ਢੰਗ ਨਾਲ ਵੈਧ ਉਤਰਾਧਿਕਾਰੀ ਲੱਭਦਾ ਹੈ।

4. ਘੱਟ ਤੋਂ ਘੱਟ ਦਮਨ ਦੀ ਵਰਤੋਂ ਚੌਥੀ ਕਦਰ ਹੈ। ਇਸ ਵਿਚ ਸ਼ੱਕ ਨਹੀਂ ਕਿ ਲੋਕਤੰਤਰ ਬਹੁ ਗਿਣਤੀ ਦੀ ਸਰਕਾਰ ਹੁੰਦੀ ਹੈ, ਪਰ ਇਸ ਨੂੰ ਸਭਨਾਂ ਘੱਟ ਗਿਣਤੀਆਂ ਦੀ ਰਾਏ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਕਿਸੇ ਗਲਤ ਫੈਸਲੇ ਵਜੋਂ ਉਭਰ ਸਕਣ ਵਾਲੀਆਂ ਭਾਵਨਾਵਾਂ ਦੀ ਤੀਖਣਤਾ ਨੂੰ ਸ਼ਾਸਕ ਨਜ਼ਰਅੰਦਾਜ਼ ਨਹੀਂ ਕਰ ਸਕਦੇ।

5. ਵਿਵਿਧਤਾ ਪੰਜਵੀਂ ਕਦਰ ਹੈ। ਇਸ ਦਾ ਅਰਥ ਹੈ ਕਿ ਲੋਕਤੰਤਰ ਲੋਕਾਂ ਨੂੰ ਵੱਧ ਰਾਵਾਂ ਤੇ ਹਿਤ ਰੱਖਣ ਦੀ ਇਜ਼ਾਜਤ ਦਿੰਦਾ ਹੈ। ਦੂਸਰੇ ਸ਼ਬਦਾਂ ਵਿਚ ਲੋਕਾਂ ਨੂੰ ਸੁਤੰਤਰ ਢੰਗਾਂ ਜਾਂ ਸਾਧਨਾਂ ਰਾਹੀਂ ਆਪਣੇ ਵਿਚਾਰ ਵਿਅਕਤ ਕਰਨ ਦਾ ਬੇਰੋਕ ਅਧਿਕਾਰ ਹੈ ਅਤੇ ਇੰਝ ਲੋਕਤੰਤਰ ਖੁਲ੍ਹਾ ਸਮਾਜ ਸਥਾਪਿਤ ਕਰਦਾ ਹੋ ਅਤੇ ਚੋਣ ਲਈ ਵੰਨਸੁਵੰਨਤਾ ਪ੍ਰਦਾਨ ਕਰਦਾ ਹੈ।

6. ਨਿਆਂ ਦੀ ਪ੍ਰਾਪਤੀ : ਨਿਆਂ ਨੂੰ ਫਿਲਾਸਫਰਾਂ ਨੇ ਕਿਸੇ ਵੀ ਸਮਾਜ ਦੁਆਰਾ ਕੀਤੀ ਜਾਣ ਵਾਲੀ ਮਹੱਤਵਪੂਰਣ ਕਦਰ ਦੱਸਿਆ ਹੈ। ਨਿਆਂ ਦੀ ਪ੍ਰਾਪਤੀ ਨੂੰ ਅਕਸਰ ਰਾਜਨੀਤਿਕ ਨੈਤਿਕਤਾ ਦੀ ਧੁਰੀ ਆਖਿਆ ਗਿਆ ਹੈ ਅਤੇ ਇਸ ਆਧਾਰ ਤੇ ਲੋਕਤੰਤਰ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਨਿਆਂ ਪ੍ਰਦਾਨ ਕਰਨ ਦੀ ਬੇਹਤਰੀਨ ਪ੍ਰਣਾਲੀ ਹੈ। ਇਸ ਦਾ ਅਰਥ ਇਹ ਹੈ ਕਿ ਲੋਕਾਂ ਨੂੰ ਅਨਿਆਂ ਪੂਰਨ ਕਾਨੂੰਨਾਂ ਵਿਰੁੱਧ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ ਹੈ। ਲੋਕਾਂ ਕੋਲ ਸ਼ਾਸਕਾਂ ਦੇ ਮਨਮਰਜ਼ੀ ਦੇ ਫੈਸਲਿਆਂ ਵਿਰੁੱਧ ਆਪਣੀ ਅਵਾਜ਼ ਉਠਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਲੋਕਤੰਤਰ ਅਧੀਨ ਜਦੋਂ ਸੁਤੰਤਰਤਾ ਨੂੰ ਕੁਚਲਿਆ ਜਾਂਦਾ ਹੈ ਅਤੇ ਆਮ ਰਾਜਨੀਤਿਕ ਸੁਰੱਖਿਆਵਾਂ ਖਤਮ ਹੋ ਜਾਂਦੀਆਂ ਹਨ ਤਾਂ ਹੀ ਅਨਿਆਂ ਹੁੰਦਾ ਹੈ।

7. ਲੋਕਤੰਤਰ ਦੇ ਆਧਾਰ ਤੇ ਜਿਸ ਕਦਰ ਦਾ ਦਾਅਵਾ ਕੀਤਾ ਜਾਂਦਾ ਹੈ ਉਹ ਇਹ ਹੈ ਕਿ ਇਸ ਰਾਜਨੀਤਿਕ ਪ੍ਰਣਾਲੀ ਅਧੀਨ ਵਿਗਿਆਨ ਦਾ ਸਭ ਤੋਂ ਵੱਧ ਵਿਕਾਸ ਸੰਭਵ ਹੈ। ਦਲੀਲ ਦਿੱਤੀ ਜਾਂਦੀ ਹੈ ਕਿ ਵਿਗਿਆਨਕ ਵਿਧੀਆਂ ਅਤੇ ਲੋਕਤੰਤਰ ਦਾ ਪ੍ਰਾਕ੍ਰਿਤਿਕ ਸਾਥ ਹੈ। ਵਿਗਿਆਨਕ ਵਿਧੀਆਂ ਤੇ ਲੋਕਤੰਤਰ ਦੀਆਂ ਕਈ ਸਾਂਝੀਆਂ ਕਦਰਾਂ ਹਨ। ਦੋਨੋਂ ਤਰਕ ਤੇ ਬੁੱਧੀ ਤੇ ਆਧਾਰਿਤ ਹਨ ਦੋਨੋਂ ਪ੍ਰਗਟਾਵੇ ਦੇ ਖੁਲ੍ਹੇ ਵਸੀਲਿਆਂ ਵਿਚ ਵਿਸ਼ਵਾਸ ਰਖਦੇ ਹਨ।

8. ਲੋਕਤੰਤਰ ਅਧੀਨ ਮਿਲਦੀ ਸੁਤੰਤਰਤਾ ਅਠਵੀਂ ਕਦਰ ਹੈ। ਇਸ ਕਦਰ ਦੇ ਲਿਹਾਜ ਤੋਂ ਲੋਕਤੰਤਰ ਦਾ ਪੱਖ ਪੂਰਣ ਤੋਂ ਪਹਿਲਾਂ ਤਾਂ ਕਿ ਕੋਈ ਗਲਤ ਫਹਿਮੀਆਂ ਪੈਦਾ ਨਾ ਹੋਣ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਇਥੇ ਸੁਤੰਤਰਤਾ ਤੋਂ ਭਾਵ ਵਿਵਸਥੀ ਦੀ ਸੁਤੰਤਰਤਾ ਹੈ।

9. ਅੰਤ ਵਿਚ ਵਿਕਲਪਿਤ ਪ੍ਰਣਾਲੀਆਂ ਦੀਆਂ ਕਮੀ ਆਪਣੇ ਆਪ ਵਿਚ ਇਕ ਕਦਰ (value) ਹੋ ਸਕਦੀ ਹਨ। ਕੋਈ ਵੀ ਵਿਕਲਪਿਤ ਪ੍ਰਣਾਲੀ ਲਾਜ਼ਮੀ ਤੌਰ ਤੇ ਅਜਿਹੀ ਪ੍ਰਣਾਲੀ ਹੋਵੇਗੀ ਜਿਸ ਵਿਚ ਕਿਸ ਪ੍ਰਕਾਰ ਦੀ ਘਟ ਗਿਣਤੀ ਹੀ, ਜੋ ਨਿਸ਼ਚੇ ਹੀ ਵਿਧੀਵਤ ਸਿਖਿਆ ਪ੍ਰਾਪਤ ਘਟ ਗਿਣਤੀ ਹੋਵੇਗੀ, ਸ਼ਾਸ਼ਨ ਕਰੇਗੀ ਤੇ ਨੀਤੀਆਂ ਸੰਬੰਧੀ ਫੈਸਲੇ ਲਵੇਗੀ। ਘਟ ਗਿਣਤੀ ਦਾ ਸ਼ਾਸਨ ਬਹੁ ਗਿਣਤੀ ਦੇ ਸ਼ਾਸਨ ਨਾਲੋਂ ਕਿਸੇ ਤਰ੍ਹਾਂ ਵੀ ਬਿਹਤਰ ਨਹੀਂ ਹੋ ਸਕਦਾ।

ਜਦੋਂ ਬਿਹਤਰ ਸੰਸਾਰ ਵੱਲ ਕਦਮ ਪੁੱਟਣ ਲਈ ਤਾਨਾਸ਼ਾਹੀ ਦਾ ਤੇ ਰਾਜਿਆਂ ਦਾ ਖਾਤਮਾ ਜ਼ਰੂਰੀ ਸੀ, ਉਸ

ਸਮੇਂ ਲੋਕਤੰਤਰ ਨੂੰ ਆਦਰਸ਼ ਸ਼ਾਸਨ ਪ੍ਰਣਾਲੀ ਮੰਨਣਾ ਆਸਾਨ ਸੀ ਪਰ ਵਰਤਮਾਨ ਸਮੇਂ ਵਿਚ ਕੋਈ ਉਸ ਵਿਸ਼ਵਾਸ ਅਤੇ ਉਮੀਦ ਉਪਰ ਮੁਸਕਰਾ ਸਕਦਾ ਹੈ ਜੋ ਯੂਰਪੀ ਮਹਾਂਦੀਪ ਹੈ, ਅਤੇ ਬਾਅਦ ਦੇ ਇਨਕਲਾਬਾਂ ਨੇ ਜਗਾਈ ਸੀ। ਲੋਕਤੰਤਰ ਦੀ ਰਵਾਇਤੀ ਭਾਗੀਦਾਰ ਦੀ ਕੋਈ ਉਘੇ ਰਾਜਨੀਤਿਕ ਵਿਦਵਾਨਾਂ ਨੇ ਆਲੋਚਨਾ ਕੀਤੀ ਹੈ। ਵੀ. ਡੂਗਲਸ ਨੇ ਪਰੰਪਰਾਗਤ ਲੋਕਤੰਤਰ ਦੀ ਇਨ੍ਹਾਂ ਆਧਾਰਾਂ ਤੇ ਆਲੋਚਨਾ ਕੀਤੀ ਹੈ।

1. ਭਾਗੀਦਾਰੀ ਸਿਰਫ ਰਾਜਨੀਤਿਕ ਭਾਗੀਦਾਰੀ ਹੈ ਅਤੇ ਇਹ ਪੂੰਜੀਵਾਦੀ ਸਮਾਜ ਦੇ ਮਾੜੇ ਆਰਥਿਕ ਪ੍ਰਭਾਵਾਂ ਨੂੰ ਦੂਰ ਕਰਨ ਦਾ ਕੋਈ ਯਤਨ ਨਹੀਂ ਕਰਦੀ।
2. ਇਹ ਘੱਟ ਗਿਣਤੀ ਉਪਰ ਬਹੁ ਗਿਣਤੀ ਅਤੇ ਯੋਗਤਾ ਉਪਰ ਦਰਮਿਆਨਪਨ ਦੀ ਤਾਨਾਸ਼ਾਹੀ ਹੈ।
3. ਇਹ ਆਦਰਸ਼ ਜ਼ਿਆਦਾ ਹੈ ਤੇ ਅਸਲ ਰਾਜਨੀਤੀ ਘੱਟ।
4. ਆਧੁਨਿਕ ਜਟਿਲ ਰਾਜਨੀਤਿਕ ਪ੍ਰਕ੍ਰਿਆ ਵਿਚ ਇਹ ਕੰਮ ਕਰਨ ਯੋਗ ਨਹੀਂ।
5. ਇਹ ਰਾਜ ਅਤੇ ਵਿਅਕਤੀ ਨੂੰ ਵੱਖ ਵੱਖ ਮੰਨ ਕੇ ਚਲਦੀ ਹੈ।
6. ਬਰਾਬਰੀ ਬਾਰੇ ਲੀਡਰਸ਼ਿਪ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਇਸ ਦੇ ਢੰਗਾਂ ਬਾਰੇ ਇਸਦੀਆਂ ਧਾਰਨਾਵਾਂ ਵਿਚ ਅਨੇਕ ਕਮੀਆਂ ਹਨ।

2.4.6 **ਲੋਕਤੰਤਰ ਦੀਆ ਵਿਸ਼ੇਸ਼ਤਾਵਾਂ (Characterstics of Democracy)**:- ਭਾਵੇਂ ਮਾਨਵ ਸਭਿਅਤਾ ਦੇ ਵਿਕਾਸ ਦੇ ਨਾਲ-ਨਾਲ ਲੋਕਤੰਤਰ ਦੀ ਵਿਚਾਰਧਾਰਾ ਵਿੱਚ ਵੀ ਪਰਿਵਰਤਨ ਆਏ ਹਨ, ਪਰ ਇਸ ਦੀਆਂ ਮੁੱਢਲੀਆਂ ਧਾਰਨਾਵਾਂ ਉਹੀ ਹਨ ਜੋ ਪ੍ਰਾਚੀਨ ਕਾਲ ਵਿੱਚ ਜਾਂ ਕਿਸੇ ਹੋਰ ਯੁੱਗ ਵਿੱਚ ਪ੍ਰਚਲਿਤ ਸਨ :-

1. **ਮਨੁੱਖ ਦੀ ਤਰਕਸ਼ੀਲਤਾ** :- ਲੋਕਤੰਤਰ ਮੁੱਖ ਰੂਪ ਵਿਚ ਇਸ ਧਾਰਨਾ ਤੇ ਆਧਾਰਿਤ ਹੈ ਕਿ ਮਨੁੱਖ ਇੱਕ ਤਰਕਸ਼ੀਲ ਪ੍ਰਾਣੀ ਹੈ ਅਤੇ ਉਸ ਵਿੱਚ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਲੋੜੀਂਦੀ ਯੋਗਤਾ ਹੈ।
2. **ਪ੍ਰਭੁਸੱਤਾ ਲੋਕਾਂ ਦੇ ਹੱਥ** :- ਲੋਕਤੰਤਰ ਵਿਚ ਪ੍ਰਭੁਸੱਤਾ ਕਿਸੇ ਇਕ ਵਿਅਕਤੀ ਜਾਂ ਸ਼੍ਰੇਣੀ ਕੋਲ ਨਹੀਂ ਹੁੰਦੀ, ਸਗੋਂ ਸਮੁੱਚੀ ਜਨਤਾ ਦੇ ਹੱਥ ਵਿਚ ਹੁੰਦੀ ਹੇ। ਰਾਜਨੀਤਿਕ ਸੱਤਾ ਅੰਤਿਮ ਰੂਪ ਵਿਚ ਲੋਕਾਂ ਕੋਲ ਹੁੰਦੀ ਹੈ ਅਤੇ ਲੋਕ ਆਪਣੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਇਸ ਦੀ ਵਰਤੋਂ ਕਰਦੇ ਹਨ।
3. **ਸਮਾਨਤਾ, ਸੁਤੰਤਰਤਾ** :- ਸਮਾਨਤਾ ਤੇ ਸੁਤੰਤਰਤਾ ਲੋਕਤੰਤਰ ਦੀ ਜਿੰਦ ਜਾਨ ਹਨ। ਸੁਤੰਤਰਤਾ ਤੇ ਸਮਾਨਤਾ ਸਾਰੇ ਪ੍ਰਕਾਰ ਦੀ ਜਿਵੇਂ ਕਿ ਆਰਥਿਕ, ਸਮਾਜਿਕ, ਰਾਜਨੀਤਿਕ ਲੋਕਤੰਤਰ ਦੀ ਲੋੜੀਂਦੀ ਹੈ।
4. **ਸੰਵਿਧਾਨਿਕ ਸਾਧਨਾਂ ਤੇ ਵਿਸ਼ਵਾਸ** :- ਲੋਕਤੰਤਰ ਵਿਚ ਸੰਵਿਧਾਨਿਕ ਸਾਧਨਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਸ ਪ੍ਰਕਾਰ ਦੀ ਪ੍ਰਣਾਲੀ ਵਿਚ ਹਿੰਸਾ ਦਾ ਕੋਈ ਸਥਾਨ ਨਹੀਂ ਹੁੰਦਾ।
5. **ਰਾਜਨੀਤਿਕ ਦਲਾਂ ਦੇ ਨਿਰਮਾਣ ਦੀ ਵਿਵਸਥਾ** :- ਰਾਜਨੀਤਿਕ ਦਲ ਪ੍ਰਤੀਨਿਧੀ ਲੋਕਤੰਤਰ ਦੀ ਜਿੰਦ-ਜਾਨ ਹੁੰਦੇ ਹਨ। ਰਾਜਨੀਤਕ ਦਲਾਂ ਦੇ ਸਾਧਨ ਦਆਰਾ ਹੀ ਲੋਕ ਪ੍ਰਭੁਸੱਤਾ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਜਾਂਦਾ ਹੈ।
6. **ਰਾਜਨੀਤਿਕ ਸੱਤਾ ਦੀ ਪ੍ਰਾਪਤੀ ਲਈ ਖੁੱਲੀ ਪ੍ਰਤੀਯੋਗਤਾ** :-

ਲੋਕਤੰਤਰ ਵਿੱਚ ਨਿਯਤਕਾਲੀ ਚੋਣਾਂ ਕਰਵਾਈਆਂ ਜਾਂਦੀਆਂ ਹਨ। ਇਹ ਚੋਣਾਂ ਰਾਜਨੀਤਕ ਸੱਤਾ ਦੀ ਪ੍ਰਾਪਤੀ ਲਈ ਖੁੱਲੀ ਪ੍ਰਤੀਯੋਗਤਾ ਦਾ ਪ੍ਰਤੀਕ ਹਨ। ਰਾਜਨੀਤਕ ਦਲਾਂ ਨੂੰ ਰਾਜਨੀਤਿਕ ਵਿਚਾਰਾਂ ਦੇ ਵਣਜਾਰੇ ਕਿਹਾ ਜਾਂਦਾ ਹੈ।

7. **ਕਾਨੂੰਨ ਦਾ ਸ਼ਾਸਨ** :- ਲੋਕਤੰਤਰ ਦੀ ਇਹ ਵੀ ਇੱਕ ਮਹੱਤਵਪੂਰਨ ਧਾਰਨਾ ਹੈ ਕਿ ਸਮਾਜ ਵਿਚ ਕਿਸੇ ਵਿਅਕਤੀ ਜਾਂ ਵਿਅਕਤੀ ਦੇ ਸਮੂਹ ਦਾ ਸ਼ਾਸਨ ਨਹੀਂ ਹੁੰਦਾ, ਸਗੋਂ ਕਾਨੂੰਨ ਦਾ ਸ਼ਾਸਨ ਹੁੰਦਾ ਹੈ।

2.4.7 **ਲੋਕਤੰਤਰ ਦੀਆਂ ਕਿਸਮਾਂ (Types of Democracy)** :-

ਲੋਕਤੰਤਰ ਦੋ ਪ੍ਰਕਾਰ ਦਾ ਹੁੰਦਾ ਹੈ - (i) ਪ੍ਰਤੱਖ ਲੋਕਤੰਤਰ ਤੇ (ii) ਅਪ੍ਰਤੱਖ ਲੋਕਤੰਤਰ

**(ੳ) ਪ੍ਰਤੱਖ ਲੋਕਤੰਤਰ (Direct Democracy)** :- ਇਸ ਵਿਚ ਸਾਰੇ ਨਾਗਰਿਕ ਪ੍ਰਤੱਖ ਰੂਪ ਵਿੱਚ ਸ਼ਾਸਨ ਦੇ ਕੰਮਾਂ ਵਿਚ ਭਾਗ ਲੈਂਦੇ ਹਨ। ਹਰਨਸ਼ਾਅ ਅਨੁਸਾਰ, ''ਸ਼ੁੱਧ ਰੂਪ ਵਿਚ ਲੋਕਤੰਤਰ ਉਹ ਸ਼ਾਸਨ ਹੈ ਜਿਸ ਵਿਚ ਸਮੁੱਚੀ ਜਨਤਾ ਆਪ ਪ੍ਰਤੱਖ ਰੂਪ ਵਿਚ ਬਿਨਾਂ ਕਿਸੇ ਏਜੰਟ ਜਾਂ ਪ੍ਰਤੀਨਿਧੀਆਂ ਦੇ ਪ੍ਰਭੂਸੱਤਾ ਦੀ ਵਰਤੋਂ ਕਰਦੀ

ਹੈ। ਕਿਹਾ ਜਾ ਸਕਦਾ ਹੇ ਕਿ ਪ੍ਰਤੱਖ ਲੋਕਤੰਤਰ ਵਿਚ ਜਨਤਾ ਆਪਣੇ ਪ੍ਰਤੀਨਿਧੀਆਂ ਰਾਹੀਂ ਨਹੀਂ, ਸਗੋਂ ਪ੍ਰਤੱਖ ਰੂਪ ਵਿਚ ਸ਼ਾਸਨ ਦੇ ਕੰਮਾਂ ਵਿਚ ਆਪ ਭਾਗ ਲੈਂਦੀ ਹੈ। ਪ੍ਰਾਚੀਨ ਸਮੇਂ ਦੇ ਯੂਨਾਨੀ ਨਗਰ-ਰਾਜਾਂ ਵਿਚ ਪ੍ਰਤੱਖ ਲੋਕਤੰਤਰ ਸੀ, ਪਰੰਤੂ ਵਰਤਮਾਨ ਸਮੇਂ ਇਹ ਸੰਭਵ ਨਹੀਂ ਹੈ।

**ਪ੍ਰਤੱਖ ਲੋਕਤੰਤਰ ਦੇ ਚਾਰ ਸਾਧਨ ਹਨ :-**

1. **ਜਨਮਤ ਸੰਗ੍ਰਹਿ** :- ਇਸ ਦਾ ਅਰਥ ਹੈ ਕਿ ਕਾਨੂੰਨ ਦੀ ਅੰਤਿਮ ਪ੍ਰਵਾਨਗੀ ਦੇਣ ਦੀ ਸ਼ਕਤੀ ਜਨਤਾ ਕੋਲ ਹੈ।

2. **ਪ੍ਰਸਤਾਵ ਅਧਿਕਾਰ** :- ਇਸ ਦੁਆਰਾ ਜਨਤਾ ਕਿਸੇ ਵਿਸ਼ੇ ਸਬੰਧੀ ਵਿਧਾਨ ਮੰਡਲ ਨੂੰ ਕਾਨੂੰਨ ਬਣਾਉਣ ਲਈ ਕਹਿ ਸਕਦੀ ਹੈ।

3. **ਲੋਕਮਤ ਸੰਗ੍ਰਹਿ** :- ਇਸ ਦੀ ਵਰਤੋਂ ਕਿਸੇ ਰਾਜਨੀਤਕ ਵਿਸ਼ੇ ਸਬੰਧੀ ਲੋਕਾਂ ਦੀ ਰਾਇ ਜਾਨਣ ਲਈ ਵਰਤਿਆ ਜਾਂਦਾ ਹੈ। ਜਿਸ ਦਾ ਸ਼ਬਦੀ ਅਰਥ ਹੈ - ਆਦੇਸ਼।

4. **ਵਾਪਸ ਬੁਲਾਉਣਾ (Recalls)** ਜੇਕਰ ਜਨਤਾ ਦੇ ਚੁਣੇ ਹੋਏ ਪ੍ਰਤੀਨਿਧੀ ਜਨਤਾ ਦੀ ਇੱਛਾ ਅਨੁਸਾਰ ਕਾਰਜਾਂ ਨੂੰ ਪੂਰਾ ਨਹੀਂ ਕਰਦੇ ਤਾਂ ਲੋਕਾਂ ਦੀ ਇੱਕ ਨਿਸ਼ਚਿਤ ਗਿਣਤੀ ਉਹਨਾਂ ਨੂੰ ਵਾਪਸ ਬੁਲਾਉਣ ਦੀ ਮੰਗ ਕਰ ਸਕਦੀ ਹੈ।

**(ਅ) ਅਪ੍ਰਤੱਖ ਲੋਕਤੰਤਰ (Indirect Democracy)** :- ਜਨਤਾ ਪ੍ਰਤੱਖ ਰੂਪ ਵਿਚ ਸ਼ਾਸਨ ਦੇ ਕੰਮਾਂ ਵਿੱਚ ਭਾਗ ਨਹੀਂ ਲੈਂਦੀ, ਸਗੋਂ ਆਪਣੇ ਚੁਣੇ ਗਏ ਪ੍ਰਤੀਨਿਧੀਆਂ ਰਾਹੀਂ ਸ਼ਾਸਨ ਤੇ ਨਿਯੰਤਰਨ ਕਰਦੀ। **ਬਲੇਸ਼ਲੀ** ਅਨੁਸਾਰ, ''ਅਪ੍ਰਤੱਖ ਲੋਕਤੰਤਰ ਵਿਚ ਇਹ ਨਿਯਮ ਹੈ ਕਿ ਜਨਤਾ ਆਪਣੇ ਪ੍ਰਤੀਨਿਧੀਆਂ ਰਾਹੀਂ ਸ਼ਾਸਨ ਕਰਦੀ ਹੈ ਅਤੇ ਕਾਨੂੰਨ ਬਣਾਉਂਦੀ ਹੈ ਅਤੇ ਸ਼ਾਸਨ ਉੱਤੇ ਨਿਯੰਤਰਣ ਰੱਖਦੀ ਹੈ। ਇਸ ਨੂੰ ਪ੍ਰਤੀਨਿਧੀ ਲੋਕਤੰਤਰ (Representative Democracy) ਵੀ ਕਿਹਾ ਜਾਂਦਾ ਹੈ।

**2.4.8 ਲੋਕਤੰਤਰ ਦੀ ਆਧੁਨਿਕ ਵਿਆਖਿਆ (Modern Interpretation of Democracy)** :- ਆਧੁਨਿਕ ਲੋਕਤੰਤਰ ਵਿਚਾਰ ਕਾਫ਼ੀ ਹੱਦ ਤੱਕ ਮੱਧ ਯੁਗੀ ਵਿਚਾਰਾਂ ਖਾਸ ਕਰਕੇ ਕਾਨੂੰਨ ਦੇ ਦੇਵੀ, ਪ੍ਰਕ੍ਰਿਤਕ ਤੇ ਰਸਮੀ ਸੰਕਲਪ ਤੇ ਆਧਾਰਿਤ ਹਨ। ਇਹਨਾਂ ਕਾਨੂੰਨਾਂ (ਦੈਵੀ, ਪ੍ਰਾਕ੍ਰਿਤਕ ਤੇ ਰਸਮੀ) ਨੂੰ ਰਾਜ ਦੀ ਸ਼ਕਤੀ ਉਤੇ ਇਕ ਰੋਕ ਮੰਨਿਆ ਜਾਂਦਾ ਸੀ ਅਤ ਇਕ ਰਸਮ ਵਜੋਂ ਉਹ ਆਪਣੀਆਂ ਸਾਰੀਆਂ ਨੀਤੀਆਂ, ਸਣੇ ਕਰ ਲਗਾਉਣ ਦੇ ਅਧਿਕਾਰ ਦੇ ਵਿਭਿੰਨ ਸਮੂਹ ਹਿੱਤਾਂ ਕੋਲੋਂ ਪ੍ਰਵਾਨਗੀ ਲੈਂਦਾ ਸੀ। ਇੰਨ੍ਹਾਂ ਹਿੱਤਾਂ ਦੇ ਨੁਮਾਇੰਦਿਆਂ ਦੇ ਇਕੱਠ ਆਧੁਨਿਕ ਪਾਰਲੀਮੈਂਟਾਂ ਤੇ ਲੋਕਤੰਤਰ ਦਾ ਮੁਢ ਸਨ ਜੋ ਕਿ ਅਮਰੀਕਾ, ਫਰਾਂਸ ਅਤੇ ਬਰਤਾਨੀਆਂ ਵਿਚ ਹੋਂਦ ਵਿਚ ਆਏ।

ਆਧੁਨਿਕ ਲੋਕਤੰਤਰ, ਜੋ ਕਿ ਪਿਛਲੀਆਂ ਤਿੰਨ ਸ਼ਤਾਬਦੀਆਂ ਦੌਰਾਨ ਪੱਛਮੀ ਯੂਰਪ ਵਿਚ ਪ੍ਰਵਾਨ ਚੜ੍ਹਿਆ ਅਤੇ ਫੈਲਿਆ ਤਿੰਨ ਵਿਚਾਰਾਂ ਤੇ ਆਧਾਰਿਤ ਹੈ : (1) ਗਲਤ ਅਤੇ ਠੀਕ ਦਾ ਫੈਸਲਾ ਕਰਨ ਦਾ ਅੰਤਿਮ ਸਰੋਤ ਵਿਅਕਤੀ ਦੀ ਜ਼ਮੀਰ ਹੈ; (2) ਵਿਭਿੰਨ ਵਿਅਕਤੀਆਂ ਦੇ ਹਿੱਤਾਂ ਵਿਚ ਕੁਝ ਬੁਨਿਆਦੀ ਇਕਸੁਰਤਾ ਪਾਈ ਜਾਂਦੀ ਹੈ ਜੋ ਉਨ੍ਹਾਂ ਨੂੰ ਸਮਾਜ ਵਿਚ ਪੁਰਅਮਨ ਢੰਗ ਨਾਲ ਇਕੱਠੇ ਰਹਿਣ ਲਈ ਸਮਰੱਥ ਬਣਾਉਣ ਲਈ ਕਾਫ਼ੀ ਮਜ਼ਬੂਤ ਹੈ : (3) ਜਿਥੇ ਸਮਾਜ ਦੇ ਨਾਮ ਤੇ ਕਾਰਵਾਈ ਕਰਨ ਦੀ ਲੋੜ ਹੋਵੇ ਉਥੇ ਉਸ ਕਾਰਵਾਈ ਬਾਰੇ ਫੈਸਲੇ ਤੇ ਪਹੁੰਚਣ ਲਈ ਵਿਅਕਤੀਵਾਦੀ, ਆਸ਼ਾਵਾਦੀ ਤੇ ਤਰਕ ਸੰਗਤ ਹੈ। ਜਿਨ੍ਹਾਂ ਤਿੰਨ ਉਕਤੀਆਂ ਤੇ ਇਹ ਆਧਾਰਿਤ ਹੈ, ਆਧੁਨਿਕ ਸੰਸਾਰ ਵਿਚ, ਉਨ੍ਹਾਂ ਤਿੰਨਾਂ ਨੂੰ ਹੀ ਗੰਭੀਰਤਾ ਨਾਲ ਵੰਗਾਰਿਆ ਗਿਆ ਹੈ।

ਲੋਕਤੰਤਰ ਦੀ ਸਫਲ ਪੱਖ ਪੂਰਤੀ ਮੁੱਖ ਤੋਰ ਤੇ ਇਸ ਦੀ ਪ੍ਰਾਕ੍ਰਿਤੀ ਅਤੇ ਲੱਛਣਾਂ ਦੇ ਵਿਸ਼ਲੇਸ਼ਣ ਉਪਰ ਆਧਾਰਿਤ ਨਹੀਂ। ਫਿਰ ਵੀ ਜੇਕਰ ਅਸੀਂ ਲੋਕਤੰਤਰ ਦੇ ਹੱਕ ਵਿਚ ਸੋਚ ਸਮਝ ਕੇ ਵਿਚਾਰ ਦੇਣੇ ਹਨ ਤਾਂ ਸ਼ਬਦ ਆਧੁਨਿਕ ਲੋਕਤੰਤਰ ਬਾਰੇ, ਉਹਨਾਂ ਆਧਾਰਾਂ ਬਾਰੇ ਜਿਹਨਾਂ ਕਾਰਨ ਅਸੀਂ ਇਸ ਪ੍ਰਣਾਲੀ ਵਿਚ ਵਿਸ਼ਵਾਸ ਰੱਖਦੇ ਹਾਂ। ਸਿਆਸੀ ਚੋਣ ਜਿਥੋਂ ਤੱਕ ਘਟਨਾਵਾਂ ਅੰਤਰ ਕਰਨ ਦੇ ਯੋਗ ਹੁੰਦੀ ਹੈ, ਵਿਸ਼ਲੇਸ਼ਣ ਵੀ ਵਿਵਹਾਰ ਉਪਰ ਪ੍ਰਭਾਵ ਪਾਏ ਬਿਨਾ ਨਹੀਂ ਰਹਿੰਦਾ ਖਾਸ ਕਰਕੇ ਅੱਜ ਕਲ ਜਦੋਂ ਕਿ ਲੋਕਾਂ ਦੀ ਵੱਡੀ ਗਿਣਤੀ ਦੀਆਂ ਵਫਾਦਾਰੀਆਂ ਬੇਰੋਕ ਬਣ ਗਈਆਂ ਹਨ ਅਤੇ ਜਦੋਂ ਵਡੇਰੀ ਗਿਣਤੀ ਇਸ ਤੱਥ ਬਾਰੇ ਵਧੇਰੇ ਨਿਸ਼ਚਿਤ ਤੇ ਸਪੱਸ਼ਟ ਹੈ ਕਿ ਉਹ ਕਿਸ ਚੀਜ਼ ਵਿਚ ਵਿਸ਼ਵਾਸ ਰੱਖਣਾ ਚਾਹੁੰਦੇ ਹਨ, ਬਜਾਏ ਇਸ ਤੱਥ ਦੇ ਕਿ ਉਨ੍ਹਾਂ ਦੇ ਵਿਸ਼ਵਾਸ ਦੇ ਕਾਰਨ ਕੀ ਹਨ ? ਨੋਟ ਕਰਨ ਵਾਲੀ ਗੱਲ ਹੈ ਕਿ ਤਰਕ ਦੇ ਇਸ ਜ਼ਮਾਨੇ ਵਿਚ ਕੁਝ ਗਿਣੇ ਚੁਣੇ ਲੋਕ ਹੀ ਉਨ੍ਹਾਂ ਸਿਧਾਂਤਾਂ ਨੂੰ ਆਪਣੀ ਪ੍ਰਵਾਨਗੀ ਦੇਣਗੇ ਜਿਨ੍ਹਾਂ ਨੂੰ ਕਿ ਤਸਦੀਕ ਕੀਤੇ ਹੋਏ ਤੱਥਾਂ ਤੋਂ ਦੂਰ ਅਤੇ ਝੂਠੇ ਮੰਨਦੇ ਹਨ।

ਅਸੀਂ ਉਨ੍ਹਾਂ ਸਭ ਸਥਿਤੀਆਂ ਨੂੰ ਜਾਣਦੇ ਹਾਂ ਕਿ ਜਿਨ੍ਹਾਂ ਵਿਚ ਅਸੀਂ ਆਖਦੇ ਹਾਂ ਕਿ ਰਾਜਨੀਤਿਕ ਲੋਕਤੰਤਰ ਨੇ ਆਪਣੇ ਹੀ ਆਦਰਸ਼ ਪੈਦਾ ਕੀਤੇ ਹਨ। ਜਦੋਂ ਵੀ ਅਸੀਂ ਵਰਤਮਾਨ ਰਾਜਾਂ ਦੀ ਇਸ ਆਧਾਰ ਤੇ ਆਲੋਚਨਾ ਕਰਦੇ

ਹਾਂ ਕਿ ਉਹ ਲੋਕਤੰਤਰੀ ਉਦੇਸ਼ ਦੀ ਰਾਜਨੀਤਿਕ ਪਰਿਭਾਸ਼ਾ ਅਨੁਸਾਰ ਪੂਰੀ ਤਰ੍ਹਾਂ ਲੋਕਤੰਤਰੀ ਨਹੀਂ, ਜਦੋਂ ਵੀ ਅਸੀਂ ਆਖਦੇ ਹਾਂ ਕਿ ਏਥਨਜ਼ ਦਾ ਲੋਕਤੰਤਰ ਸਿਰਫ ਆਜ਼ਾਦ ਲੋਕਾਂ ਦੀ (ਗੁਲਾਮੀ ਦੀ ਨਹੀਂ) ਲੋਕਤੰਤਰ ਸੀ, ਤੁਸੀਂ ਤੁਲਨਾ ਦੇ ਸੰਦਰਭ ਵਿਚ ਲੋਕਤੰਤਰ ਦੇ ਵਿਸ਼ਾਲਤਰ ਅਸੂਲ ਦੀ ਗੱਲ ਕਰ ਰਹੇ ਹੁੰਦੇ ਹਾਂ। ਇਹ ਅਸੂਲ ''ਨੈਤਿਕਤਾ'' ਦਾ ਅਸੂਲ ਹੈ।

ਨੈਤਿਕ ਲੋਕਤੰਤਰ ਦਾ ਅਸੂਲ ਕੀ ਹੈ ? ਇਸ ਅਧੀਨ ਬਰਾਬਰੀ ਰੁਤਬੇ ਦੀ ਬਰਾਬਰੀ ਨਹੀਂ, ਅਵਸਰ ਪ੍ਰਸ਼ਾਸਿਕ ਕਾਰਜਾਂ ਅਤੇ ਸਮਾਜਿਕ ਭਾਗੀਦਾਰੀ ਦੀ ਬਰਾਬਰੀ ਦਾ ਅਸੂਲ ਹੈ। ਬਰਾਬਰੀ ਦੇ ਸੰਕਲਪ ਤੇ ਮੌਜੂਦ ਸਾਹਿਤ ਦਾ ਇੱਕ ਵੱਡਾ ਹਿੱਸਾ ਅਤੇ ਇਸ ਸੰਕਲਪ ਬਾਰੇ ਹੋ ਰਹੇ ਤਿੱਖੇ ਵਾਦ ਵਿਵਾਦ ਦਾ ਵਿਸ਼ਲੇਸ਼ਣ ਇਹ ਸਪਸ਼ਟ ਕਰਦਾ ਹੈ ਕਿ ਇਹ ਸੰਕਲਪ ਵੀ ਲੋਕਤੰਤਰ ਦੇ ਸੰਕਲਪ ਵਾਂਗ ਬਹੁਤ ਸਪਸ਼ਟ ਨਹੀਂ। ਇਸ ਲਈ ਇਸ ਬਾਰੇ ਪ੍ਰਚਲਿਤ ਕੁਝ ਧਾਰਨਾਵਾਂ ਦਾ ਖੰਡਨ ਕਰਨਾ ਜ਼ਰੂਰੀ ਹੈ।

1. ਬਰਾਬਰੀ ਦਾ ਅਸੂਲ ਮਨੁੱਖਾਂ ਦੀ ਸਰੀਰਕ ਜਾਂ ਬੌਧਿਕ ਪ੍ਰਕ੍ਰਿਤੀ ਦਾ ਵਰਣਨ ਨਹੀਂ ਹੈ। ਇਹ ਮਨੁੱਖਾਂ ਨਾਲ ਵਿਹਾਰ ਕਰਨ ਦੀ ਨੀਤੀ ਦਾ ਨੁਸਖਾ ਹੈ।
2. ਇਹ ਗੈਰ ਬਰਾਬਰ ਸਰੀਰਕ ਜਾਂ ਕੁਦਰਤੀ ਗੁਣ ਦੱਸਦੇ ਆਦਮੀਆਂ ਨਾਲ ਇਕੋ ਤਰ੍ਹਾਂ ਦੇ ਢੰਗਾਂ ਨਾਲ ਨਿਪਟਣ ਦਾ ਨੁਸਖਾ ਨਹੀਂ।
3. ਇਹ ਹਰ ਇਕ ਲਈ ਸਭ ਪੱਖਾਂ ਤੋਂ ਬਰਾਬਰੀ ਦੇ ਅਵਸਰਾਂ ਦੀ ਮਸ਼ੀਨੀ ਨੀਤੀ ਨਹੀਂ ਹੈ।
4. ਇਹ ਜੀਵਨ ਦੀਆਂ ਹਾਲਤਾਂ ਦੀ ਨਿਰਪੇਖ ਇਕਸਾਰਤਾ ਜਾਂ ਸਮਾਜਿਕ ਤੌਰ ਤੇ ਲਾਭਕਾਰੀ ਕੰਮ ਲਈ ਗਿਣਤੀ ਵਿਚ ਬਰਾਬਰ ਦੇ ਮੁਆਵਜੇ ਦੀ ਮੰਗ ਵੀ ਨਹੀ।
5. ਇਹ ਵਿਲੱਖਣਤਾ ਪ੍ਰਗਟਾਉਣ ਜਾਂ ਵਿਲੱਖਣ ਹੋਣ ਦੀ ਆਜ਼ਾਦੀ ਤੇ ਰੋਕ ਲਾਉਣ ਦੀ ਨੀਤੀ ਵੀ ਨਹੀਂ।
6. ਇਹ ਮੰਗ ਵੀ ਨਹੀਂ ਕਿ ਸਾਰੇ ਲੋਕ ਲੀਡਰ ਹੋਣ ਜਾਂ ਕੋਈ ਵੀ ਲੀਡਰ ਨਾ ਹੋਵੇ।
7. ਬਰਾਬਰੀ ਭਾਵੁਕ ਮਾਨਵਵਾਦ ਦੀ ਇਹ ਧਾਰਨਾ ਵੀ ਨਹੀਂ ਕਿ ਸਾਰੇ ਮਨੁੱਖ ਕੁਦਰਤੀ ਤੌਰ ਤੇ ਚੰਗੇ ਹਨ।

ਇਸ ਸਭ ਤੋਂ ਭਾਵ ਇਹ ਹੈ ਕਿ ਆਧੁਨਿਕ ਸੰਸਾਰ ਵਿਚ ਲੋਕਤੰਤਰਵਾਦੀ ਹੋਣ ਤੋਂ ਭਾਵ ਹੈ, ਰਾਜਨੀਤਿਕ ਲੋਕਤੰਤਰ ਦੇ ਸੀਮਿਤ ਸੰਕਲਪ, ਬਰਾਬਰੀ ਅਤੇ ਆਜ਼ਾਦੀ, ਆਜ਼ਾਦੀ ਤੋਂ ਕਿਧਰੇ ਅੱਗੇ ਸਮਾਜਿਕ ਹੋਂਦ ਦੇ ਉਸ ਪੜਾ ਤੱਕ ਜਾਂਦੇ ਵਿਸ਼ਾਲਤਰ ਵਤੀਰੇ ਵੱਲ ਅਗਰਸਰ ਹੋਣਾ ਜੋ ਰਾਜਨੀਤਿਕ ਆਜ਼ਾਦੀ ਤੇ ਬਰਾਬਰੀ ਉਪਰ ਡੂੰਘਾ ਅਸਰ ਪਾਉਂਦਾ ਹੈ।

''ਸਾਰੇ ਜਾਨਵਰ ਬਰਾਬਰ ਹਨ ਪਰ ਕੁਝ ਜਾਨਵਰ ਦੂਸਰਿਆਂ ਦੇ ਮੁਕਾਬਲੇ ਵਧੇਰੇ ਬਰਾਬਰ ਹਨ ਕਾਰਜ ਔਰਵਿਲ ਨੇ ਆਪਣੀ ਪ੍ਰਸਿੱਧ ਕਿਤਾਬ ''ਐਨੀਮਲ ਫਾਰਮ ਵਿਚ ਲਿਖਿਆ ਸੀ ਅਤੇ ਇਹ ਬਿਆਨ ਮਨੁੱਖ ਤੇ ਵੀ ਪੂਰੀ ਤਰ੍ਹਾਂ ਢੁਕਦਾ ਹੈ। ਲੋਕਤੰਤਰ ਦਾ ਵਸ਼ਿਸ਼ਟਵਾਦੀ ਸਿਧਾਂਤ ਹੀ ਲੋਕਤੰਤਰ ਦੀ ਆਧੁਨਿਕ ਵਿਆਖਿਆ ਹੈ। (ਵਿਸਥਾਰ ਲਈ ਵੇਖੋ ਰਾਜਨੀਤਿਕ ਵਸ਼ਿਸ਼ਟ ਵਰਗ ਉੱਤੇ ਪਾਠ)

**ਸਵੈ ਅਭਿਆਸ ਲਈ ਪ੍ਰਸ਼ਨ :-**

1. ਇਥੇ ਕਿਸ ਨੇ ਕਿਹਾ ਹੈ ਕਿ ਸਬੰਧਿਤ ਸ਼ਬਦਾਂ ਵਿਚੋਂ ਲੋਕਤੰਤਰ ਸਭ ਤੋਂ ਵੱਧ ਉਲਝਿਆ ਹੋਇਆ ਸ਼ਬਦ ਹੈ ?
2. ਲੋਕਤੰਤਰ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ ?

### 2.4.9 ਸਿੱਟਾ (Conclusion) :

ਲੋਕਤੰਤਰ ਰਾਜਨੀਤਿਕ ਹੈ। ਇਹ ਉਦਾਰਵਾਦੀ, ਪੂੰਜੀਵਾਦ, ਸਮਾਜਵਾਦੀ ਅਤੇ ਸਾਮਵਾਦੀ ਵੀ ਹੈ ਤੇ ਤਾਨਾਸ਼ਾਹੀ ਵਾਲਾ ਲੋਕਤੰਤਰ ਵੀ ਸੰਭਵ ਹੈ। ਅਸੀਂ ਸ਼ਬਦ ਨੂੰ ਖੁਲ੍ਹਦਿਲੀ ਨਾਲ ਵਰਤਦੇ ਹਾਂ ਪਰ ਜਿਸ ਚੌਖਟੇ ਵਿਚ ਅਸੀਂ ਇਸ ਨੂੰ ਰਖਦੇ ਹਾਂ ਉਸ ਅਨੁਸਾਰ ਇਸ ਦੇ ਅਰਥ ਵੀ ਬਦਲ ਜਾਂਦੇ ਹਨ। ਅਸਲ ਵਿਚ ਅਜਿਹੀ ਸਥਿਤੀ ਆਣ ਪਹੁੰਚੀ ਹੈ ਕਿ ਸਹੀ ਤੌਰ ਤੇ ਇਹ ਨਹੀਂ ਆਖਿਆ ਜਾ ਸਕਦਾ ਕਿ ਲੋਕਤੰਤਰ ਕੀ ਹੈ। ਇਸ ਲਈ ਸਾਡੇ ਸਮਕਾਲੀ ਸੰਸਾਰ ਵਿਚ ਲੋਕਤੰਤਰ ਦੀ ਸਥਿਤੀ ਦਾ ਵਰਣਨ ਦੋਨੋਂ ਲਈ ਕਾਲੇ ਜਾਂ ਸਫੇਦ ਰੰਗੇ ਵਰਤਣ ਤੋਂ ਗਰੇਜ਼ ਕਰਨਾ ਚਾਹੀਦਾ ਹੈ। ਇਸ ਵਿਸ਼ੇ ਬਾਰੇ ਉਦਾਰਵਾਦੀ ਅਤੇ ਸਮਾਜਵਾਦੀ ਦੋਨੋਂ ਜ਼ੋਰਦਾਰ ਵਿਚਾਰ ਰੱਖਦੇ ਹਨ। ਉਦਾਰਵਾਦੀ ਆਖਦੇ ਹਨ ਕਿ ਉਦਾਰਵਾਦ ਬਿਨਾਂ ਲੋਕਤੰਤਰ ਖ਼ਤਮ ਹੋ ਜਾਂਦਾ ਹੈ। ਇਹ ਤਾਨਾਸ਼ਾਹੀ ਬਣ ਜਾਂਦੀ ਹੈ। ਇਹ ਲਫਜ਼ਾਂ ਦਾ ਲੋਕਤੰਤਰ ਰਹਿ ਜਾਂਦਾ ਹੈ। ਦੂਸਰੇ ਪਾਸੇ, ਸਮਾਜਵਾਦੀ ਆਖਦੇ ਹਨ ਕਿ ਆਰਥਿਕ ਬਰਾਬਰੀ ਬਿਨਾਂ ਲੋਕਤੰਤਰ ਦਾ ਕੋਈ ਅਰਥ ਨਹੀਂ। ਇਹ ਸ਼੍ਰੇਣੀ ਦਮਨ (Class exploitation)ਦਾ ਹੀ ਦੂਸਰਾ ਨਾਮ ਹੈ।

ਕੀ ਲੋਕਤੰਤਰ ਦੇ ਸਫ਼ਲ ਤੌਰ ਤੇ ਕਾਰਜ ਕਰਨ ਅਤੇ ਆਰਥਿਕ ਵਿਕਾਸ ਦੇ ਪੜਾਅ ਦਰਮਿਆਨ ਕੋਈ ਸੰਬੰਧ ਹੈ ? ਇਰਮਾ ਆਡਲਮੈਨ ਸਿਨਥੀਆ ਟਾਫਟ ਨੇ ਇਸ ਸਮੱਸਿਆ ਦਾ 74 ਵਿਕਾਸਸ਼ੀਲ ਦੇਸ਼ਾਂ ਦੇ ਸੰਦਰਭ, ਵਿੱਚ ਅਧਿਐਨ ਕੀਤਾ। ਇੰਨ੍ਹਾਂ ਦੇਸ਼ਾਂ ਨੂੰ ਉਹਨਾਂ ਦੇ ਨੀਵੇ ; ਦਰਮਿਆਨੇ ਅਤੇ ਉੱਚੇ ਪੱਧਰਾਂ ਦੇ ਵਰਗਾਂ ਵਿਚ ਰਖਿਆ ਅਤੇ ਸਿੱਟਾ ਕੱਢਿਆ ਕਿ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਪੱਧਰਾਂ ਅਤੇ ਪ੍ਰਤੀਨਿਧ ਸਰਕਾਰਾਂ ਕਾਇਮ ਰੱਖ ਸਕਣ ਦੀ ਸਮਾਜਾਂ ਦੀ ਸਮਰਥਾ ਵਿਚਾਲੇ ਬਹੁਤ ਗੂੜ ਸੰਬੰਧ ਹੈ। ਭਾਵ ਆਰਥਿਕ ਤੇ ਸਮਾਜਿਕ ਤੌਰ ਤੇ ਵਿਕਸਿਤ

ਸਮਾਜ ਵਿਚ ਹੀ ਲੋਕਤੰਤਰ ਕਾਇਮ ਰਹਿ ਸਕਦਾ ਹੈ।

ਲੋਕਤੰਤਰ ਦਾ ਅਰਥ ਸਿਰਫ ਬੋਲਣ ਦੀ ਆਜ਼ਾਦੀ, ਸੁਤੰਤਰ ਚੋਣਾਂ, ਪ੍ਰੈਸ ਦੀ ਆਜ਼ਾਦੀ ਅਤੇ ਕਾਨੂੰਨ ਦਾ ਸ਼ਾਸਨ ਹੀ ਨਹੀਂ ਲੋਕਤੰਤਰ ਦਾ ਇਕ ਰਾਜਨੀਤਿਕ ਫਾਰਮੂਲੇ, ਸਰਕਾਰ ਦੀ ਇਕ ਪ੍ਰਣਾਲੀ ਅਤੇ ਇਕ ਸਮਾਜਿਕ ਵਿਵਸਥਾ ਤੋਂ ਕੁਝ ਵਧੇਰੇ ਅਰਥ ਵੀ ਹੈ, ਭਾਵ ਸਮਾਨਤਾ ਦੇ ਸਿਧਾਂਤ ਤੇ ਚੰਗੇਰੇ ਜੀਵਨ ਦੀ ਭਾਲ।'' ਸਮਾਨਤਾ, ਆਜ਼ਾਦੀ ਅਤੇ ਭਰਾਤਰੀਭਾਵ ਤੇ ਜ਼ੋਰ ਦੇਣ ਵਾਲੇ ਲੋਕਤੰਤਰ ਦੇ ਪਰੰਪਰਾਗਤ ਅਰਥ ਅਜੋਕੇ ਸਮੇਂ ਵਿਚ ਕੋਈ ਅਰਥ ਨਹੀਂ ਰੱਖਦੇ। ਉਦਾਰਵਾਦੀ ਲੋਕਤੰਤਰ, ਜਾਂ ਪੂੰਜੀਵਾਦ ਲੋਕਤੰਦਰ ਵਜੋਂ ਸਥਾਪਿਤ ਰਾਜਨੀਤਿਕ ਲੋਕਤੰਤਰ ਦਾ ਨਤੀਜਾ ਸ਼੍ਰੇਣੀ ਵੰਡ ਦੀ ਸਥਾਪਨਾ ਅਤੇ ਬਹੁਗਿਣਤੀ ਦੁਆਰਾ ਘੱਟ ਗਿਣਤੀ ਦੀ ਲੁੱਟ ਖਸੁੱਟ ਨਿਕਲਿਆ ਹੈ। ਲਾਰਡ ਥਰਾਈਸ ਨੇ ਛੇ ਮੁੱਖ ਦੇਸ਼ਾਂ ਵਿਚ ਲੋਕਤੰਤਰ ਦਾ ਵਿਸ਼ਲੇਸ਼ਣ ਕਰਕੇ ਲੋਕਤੰਤਰ ਦੀਆਂ ਨਿਮਨ ਲਿਖਿਤ ਬੁਰਾਈਆਂ ਦੱਸੀਆਂ ਹਨ:

(1) ਕਾਨੂੰਨ ਜਾਂ ਵਿਧਾਨ ਨੂੰ ਕੁਰਾਹੇ ਪਾਉਣ ਲਈ ਪੈਸੇ ਦੀ ਸ਼ਕਤੀ ਦੀ ਵਰਤੋਂ,

(2) ਰਾਜਨੀਤੀ ਨੂੰ ਲਾਹੇਵੰਦ ਕਿੱਤਾ ਬਣਾਉਣ ਦਾ ਰੁਝਾਨ

(3) ਸਮਾਨਤਾ ਦੇ ਸਿਧਾਂਤ ਦੀ ਦੁਰ-ਵਰਤੋਂ ਅਤੇ ਪ੍ਰਸ਼ਾਸਨਿਕ ਹੁਨਰ ਦੀ ਕੀਮਤ ਨੂੰ ਸਮਝਣ ਵਿਚ ਅਸਮਰਥ

(4) ਪਾਰਟੀ ਸੰਗਠਨਾਂ ਦੀ ਘੱਟ ਸ਼ਕਤੀ ਅਤੇ

(5) ਵਿਧਾਨਕਾਰਾਂ ਦਾ ਤੇ ਰਾਜਨੀਤੀਦਾਨਾਂ ਦਾ ਕਾਨੂੰਨ ਪਾਸ ਕਰਨ ਜਾਂ ਕਾਨੂੰਨ ਦੀ ਉਲੰਘਣਾ ਦੇ ਰੂਪ ਵਿਚ ਕੀਮਤ ਤਾਰ ਕੇ ਵੋਟਾਂ ਖਰੀਦਣ ਦਾ ਰੁਝਾਨ

(ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਲੋਕਤੰਤਰ ਦੀ ਧਾਰਨਾਂ ਰਾਜਨੀਤੀ ਸ਼ਾਸਤਰ ਦੀ ਸਭ ਤੋਂ ਜ਼ਿਆਦਾ ਮਹੱਤਵਪੂਰਨ ਤੇ ਵਿਵਾਦਗ੍ਰਸਤ ਧਾਰਨਾ ਹੈ।)

**2.4.10 ਸਵੈ ਅਭਿਆਸ ਲਈ ਪ੍ਰਸ਼ਨਾਂ ਦੇ ਉੱਤਰ** :- 1. ਬਰਨਾਰਡ ਕਰਿਕ ਨੇ 2. ਸਮਾਨਤਾ, ਸੁਤੰਤਰਤਾ ਤੇ ਕਾਨੂੰਨ ਦਾ ਸ਼ਾਸ਼ਨ ਆਦਿ

**2.4.11. ਸੁਝਾਈਆਂ ਪੁਸਤਕਾਂ** :-


(1) Harry, D. Mayo : Introduction to Democratic Theory, p. 23
(2) Crick, Bernard : In Defence of Politics, p.31
(3) H.J. Laski : Democracy, p.76-84.
(4) C.D. Burns : Political Ideals. p.p. 276-289.
(5) J.S. Mill : On Liberty.
(6) Carole Pate Man : Participation and Democratic Theory, p.22.
(7) Giovanni Sartori : Democracy : Encyclopaedia of Social Sciences, Vol, p. 112.
(8) Austin Renney : Government of Meu, p.342.
(9) W.W. Rostow : Politics and Stages of Growth, p.26.
(10) Mayo : Introduction to Democratic Theory, p;.218.343
(11) V. Douglas : The Analysis of Politcal System, p.p. 103 113, 178.
(12) Sartori : Democratic Theory. p. 33.
(13) Deol : Liberalism and Marxism
(14) E.H. Carr : The New Society
(15) Harvey Whelers : Democracy in Revolutionary Era, 10, Encyclopaedia of Sciences, Vil. V.
(16) J.S. Badyal : Political Theory (Punjabi)
(17) S.S. Nanda : Political Theory (Punjabi)
(18) www.wikipedia.org
(19) www.oup.com

ਪਾਠ ਨੰ: 2.5

# ਲੋਕਤੰਤਰ ਦੇ ਸਿਧਾਂਤ : ਉਦਾਰਵਾਦੀ ਅਤੇ ਮਾਰਕਸਵਾਦੀ

## (Theories of Democracy : Liberal and Marxist)

**ਪਾਠ ਦੀ ਰੂਪ ਰੇਖਾ**

2.5.0 ਪਾਠ ਦਾ ਉਦੇਸ਼
2.5.1 ਭੂਮਿਕਾ
2.5.2 ਲੋਕਤੰਤਰ ਦਾ ਅਰਥ ਤੇ ਵਿਭਿੰਨ ਰੂਪ
2.5.3 ਲੋਕਤੰਤਰ ਦਾ ਕਲਾਸਕੀ ਸਿਧਾਂਤ
2.5.4 ਕਲਾਸਕੀ ਲੋਕਤੰਤਰ ਦੇ ਮੁੱਖ ਲੱਛਣ
2.5.5 ਕਲਾਸਕੀ ਲੋਕੰਤਤਰ ਦਾ ਮੁਲਾਂਕਣ
2.5.6 ਲੋਕਤੰਤਰ ਦਾ ਮਾਰਕਸੀ ਸਿਧਾਂਤ
2.5.7 ਸਿੱਟਾ
2.5.8 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ
2.5.9 ਕੁਝ ਮਹੱਤਵਪੂਰਣ ਪੁਸਤਕਾਂ

### 2.5.0 ਪਾਠ ਦਾ ਉਦੇਸ਼ (Objectives of Lesson)

ਇਸ ਪਾਠ ਦਾ ਉਦੇਸ਼ ਤੁਹਾਨੂੰ ਲੋਕਤੰਤਰ ਦੇ ਉਦਾਰਵਾਦੀ ਅਤੇ ਮਾਰਕਸਵਾਦੀ ਸਿਧਾਂਤਾਂ ਨਾਲ ਪਰਿਚਿਤ ਕਰਵਾਉਣਾ ਹੈ। ਇਸ ਪਾਠ ਦੇ ਅਧਿਅਨ ਤੋਂ ਬਾਅਦ ਤੁਸੀ :

- ਦਸ ਸਕੋਗੇ ਕਿ ਲੋਕਤੰਤਰ ਦਾ ਕੀ ਅਰਥ ਹੈ ?
- ਇਹ ਵੀ ਸਪਸ਼ਟ ਕਰ ਸਕੋਗੇ ਕਿ ਕਲਾਸਕੀ ਲੋਕਤੰਤਰ ਕਿਸਨੂੰ ਕਹਿੰਦੇ ਹਨ ਤੇ ਕਿਉ ?
- ਲੋਕਤੰਤਰ ਦੇ ਵਿਕਾਸ ਦੀ ਪ੍ਰਕ੍ਰਿਆ ਦਾ ਬਿਆਨ ਕਰ ਸਕੋਗੇ।
- ਇਸ ਦੇ ਵਿਭਿੰਨ ਪੱਖਾਂ ਅਤੇ ਮੁੱਖ ਲੱਛਣਾਂ ਦੀ ਚਰਚਾ ਕਰ ਸਕੋਗੇ।
- ਇਸ ਦੇ ਗੁਣ ਔਗੁਣਾਂ ਨੂੰ ਪਰਖਦੇ ਹੋਏ ਇਸ ਪ੍ਰਣਾਲੀ ਦਾ ਮੁਲਾਂਕਣ ਕਰ ਸਕੋਗੇ।
- ਅਜੋਕੇ ਯੁੱਗ ਵਿਚ ਦੋਹਾਂ ਵਿਚੋਂ ਕਿਹੜਾ ਸਿਧਾਂਤ ਹਾਲਾਤਾਂ ਦੇ ਵਧੇਰੇ ਅਨੁਕੂਲ ਹੈ ?

**2.5.1 ਭੂਮਿਕਾ (Introduction)** :– ਲੋਕਤੰਤਰ ਸਾਡੇ ਯੁਗ ਦੀ ਸਭ ਤੋਂ ਮਹੱਤਵਪੂਰਣ ਅਤੇ ਲੋਕਪ੍ਰਿਯ ਧਾਰਨਾ ਹੈ। ਇਸ ਨੂੰ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਜਿਵੇ ਇਕ ਨਾਅਰੇ ਵਜੋਂ ਜੀਵਨ ਚਲਾਉਣ ਦੇ ਇਕ ਢੰਗ ਵਜੋਂ ਅਤੇ ਇਕ ਰਾਜਨੀਤਿਕ ਪ੍ਰਣਾਲੀ ਵਜੋਂ, ਤੇ ਇਹਨਾਂ ਸਾਰੇ ਪੱਖਾਂ ਤੋਂ ਇਸ ਦਾ ਕੀ ਅਰਥ ਲਿਆ ਜਾਂਦਾ ਹੈ ? ਇਹ ਇਸ ਸ਼ਬਦ ਦੀ ਵਰਤੋਂ ਕਰ ਰਹੇ ਵਿਅਕਤੀ ਤੇ ਨਿਰਭਰ ਕਰਦਾ ਹੈ। ਦੂਜੇ ਸ਼ਬਦਾਂ ਵਿਚ ਲੋਕਤੰਤਰ ਵਿਚ ਬਹੁਤ ਹੀ ਵਿਵਾਦਪੂਰਣ ਧਾਰਨਾ ਹੈ ਤੇ ਕਈ ਸਾਰੇ ਗਲਤ ਅਰਥਾਂ ਦਾ ਸ਼ਿਕਾਰ ਵੀ। ਦੂਜਾ ਵਿਸ਼ਵ ਯੁਧ ਲੋਕਤੰਤਰ ਨੂੰ ਪ੍ਰਾਪਤ ਕਰਨ ਲਈ ਕੀਤਾ ਗਿਆ ਸੀ। ਹਿਟਲਰ ਨੇ ਲੋਕਤੰਤਰ ਨੂੰ ਖ਼ਤਮ ਕਰਨ ਲਈ ਲੋਕਾਂ ਦੇ ਲੋਕਤੰਤਰ ਦੀ ਵਰਤੋਂ ਕੀਤੀ। ਰੂਸ ਦੀ 1917 ਦੀ ਅਕਤੂਬਰ ਕ੍ਰਾਂਤੀ ਰਾਹੀਂ ਵੀ ਲੋਕਾਂ ਦਾ ਲੋਕਤੰਤਰ ਸਥਾਪਿਤ ਕਰਨ ਦਾ ਦਾਅਵਾ ਕੀਤਾ ਗਿਆ। ਅਨੇਕਾਂ ਕੱਟੜ, ਤਾਨਾਸ਼ਾਹੀਆਂ ਵੀ ਆਪਣੇ ਆਪ ਨੂੰ ਲੋਕਤੰਤਰ ਅਖਵਾਉਂਦੀਆਂ ਹਨ – ਸੋ

ਜਿਵੇਂ ਤਿਵੇਂ ਹੈ ਲੋਕਤੰਤਰ ਕਾਫੀ ਗੁੰਮਰਾਹ ਕਰਨ ਵਾਲਾ ਸ਼ਬਦ ਬਣ ਚੁੱਕਾ ਹੈ। ਸਾਡੇ ਲਈ ਭੁਲੇਖੇ ਤੋਂ ਬਚਣ ਲਈ ਸਹੀ ਅਰਥ ਤੇ ਲੱਛਣ ਸਮਝਣਾ ਜ਼ਰੂਰੀ ਹੋ ਜਾਂਦਾ ਹੈ, ਰਾਜਨੀਤੀ ਵਿਗਿਆਨ ਦੇ ਵਿਦਿਆਰਥੀ ਲਈ ਖਾਸ ਤੌਰ ਤੇ ਜ਼ਰੂਰੀ ਹੈ।

2.5.2 **ਲੋਕਤੰਤਰ ਦਾ ਅਰਥ ਅਤੇ ਵਿਭਿੰਨ ਪੱਖ (Meaning and various aspects of Democracy)**:-

ਲੋਕਤੰਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ **Democracy** ਆਖਿਆ ਜਾਂਦਾ ਹੈ ਤੇ ਇਹ ਸ਼ਬਦ 'ਯੂਨਾਨੀ ਦੇ ਦੋ ਸ਼ਬਦਾਂ ਡੈਮੋਸ **Demos** ਅਤੇ ਕਰੇਟੀਆ **Cratia** ਤੋਂ ਮਿਲ ਕੇ ਬਣਿਆ ਹੈ ਡੈਮੋਸ ਦਾ ਅਰਥ **ਲੋਕਾਂ ਜਾਂ ਪਰਜਾ ਤੇ ਕਰੇਟੀਆ ਦਾ ਅਰਥ ਹੈ ਸ਼ਾਸ਼ਨ** - ਇਸ ਤਰ੍ਹਾਂ ਡੈਮੋਕਰੇਸੀ ਤੋਂ ਭਾਵ ਹੈ ਉਹ ਸ਼ਾਸ਼ਨ ਜਿਸ ਵਿਚ ਸ਼ਾਸ਼ਨ ਕਰਨ ਦੀ ਸ਼ਕਤੀ ਲੋਕਾਂ ਕੋਲ ਹੁੰਦੀ ਹੈ।

ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਲੋਕਤੰਤਰ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਕੁਝ ਮੁੱਖ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ :-

1. **ਸੀਲੇ** ਅਨੁਸਾਰ ਲੋਕਤੰਤਰ ਅਜਿਹੀ ਸਰਕਾਰ ਹੈ, ਜਿਸ ਵਿਚ ਹਰ ਇਕ ਦਾ ਹਿੱਸਾ ਹੋਵੇ (Democracy is a government in which every one has a share).
2. **ਲਾਰਡ ਬਰਾਈਸ (Lord Bryce)** ਸਰਕਾਰ ਦਾ ਉਹ ਰੂਪ ਜਿਸ ਵਿਚ ਰਾਜ ਸ਼ਾਸ਼ਨ ਕਰਨ ਦੀ ਸ਼ਕਤੀ ਕਿਸੇ ਇਕ ਵਿਸ਼ੇਸ਼ ਜਾਂ ਬਰਗਾਂ ਦੇ ਕੋਲ ਨਹੀਂ, ਸਗੋਂ ਸਮੁੱਚੇ ਸਮਾਜ ਦੇ ਵਿਚ ਨਿਹਿਤ ਹੁੰਦੀ ਹੈ।**(That from of government in which ruling power of the state is vested not its particular class or classes but in the members of the community as a whole).**
3. **ਲਿੰਕਨ (Lincoln).** ਅਨੁਸਾਰ ਲੋਕਤੰਤਰ ਲੋਕਾਂ ਦਾ ਲੋਕਾ ਦੁਆਰਾ ਅਤੇ ਲੋਕਾਂ ਲਈ ਰਾਜ (Democracy is a government of the people, by the people, for the people).
4. **ਡਾਇਸੀ (Dicey)** ਅਨੁਸਾਰ ਲੋਕਤੰਤਰ ਉਹ ਸ਼ਾਸਨ ਪ੍ਰਣਾਲੀ ਹੈ ਜਿਸ ਵਿਚ ਰਾਸ਼ਟਰ ਦਾ ਵੱਡਾ ਭਾਗ ਸ਼ਾਸ਼ਨ ਕਰਦਾ ਹੋਵੇ (Democracy is a form of government is which governing body is comparatively a large fraction of the entier nation).
5. **ਹਾਲ (Hall)** ਅਨੁਸਾਰ ਲੋਕਤੰਤਰ ਉਹ ਰਾਜਨੀਤਿਕ ਸੰਗਠਨ ਹੈ, ਜਿਸ ਉਤੇ ਲੋਕ ਮੱਤ ਦਾ ਨਿਯੰਤਰਣ ਹੋਵੇ। (Democracy is a form of Political organisation in which public opinion has control.)

ਇਹਨਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਲੋਕਤੰਤਰ ਉਹ ਸ਼ਾਸਨ ਪ੍ਰਣਾਲੀ ਜਿਸ ਵਿਚ ਸਰਬ ਉੱਚ ਸ਼ਕਤੀ ਜਨਤਾ ਕੋਲ ਹੁੰਦੀ ਹੈ ਅਤੇ ਜਨਤਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਆਪਣੇ ਉਪਰ ਸ਼ਾਸਨ ਕਰਦੀ ਹੈ। ਅਜਿਹੀ ਸ਼ਾਸਨ ਪ੍ਰਣਾਲੀ ਅਧੀਨ ਰਾਜਨੀਤਿਕ ਦ੍ਰਿਸ਼ਟੀ ਤੋਂ ਸਾਰੇ ਲੋਕ ਸਮਾਨ ਹੁੰਦੇ ਹਨ ਅਤੇ ਲੋਕਾਂ ਦੇ ਕਿਸੇ ਵਰਗ ਜਾਂ ਸ਼੍ਰੇਣੀ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਦਿੱਤੇ ਜਾਂਦੇ। ਵਿਅਕਤੀ ਦਾ ਸਰਬ ਪੱਖੀ ਵਿਕਾਸ ਕਰਨਾ ਅਜਿਹੀ ਸ਼ਾਸਨ ਪ੍ਰਣਾਲੀ ਦਾ ਮੁੱਖ ਉਦੇਸ਼ ਹੁੰਦਾ ਹੈ।

**ਲੋਕਤੰਤਰ ਦੇ ਵਿਭਿੰਨ ਪੱਖ (Various aspects of Democracy)**

ਲੋਕਤੰਤਰ ਦੀਆਂ ਉਪਰੋਕਤ ਪਰਿਭਾਸ਼ਾਵਾਂ ਇਸ ਨੂੰ ਇਕ ਸ਼ਾਸਨ ਪ੍ਰਣਾਲੀ ਦੇ ਰੂਪ ਵਿਚ ਪੇਸ਼ ਕਰਦੀਆਂ ਹਨ, ਪਰ ਲੋਕਤੰਤਰ ਦਾ ਮਹੱਤਵ ਕੇਵਲ ਸ਼ਾਸਨ ਦੇ ਇਕ ਰੂਪ ਵਜੋਂ ਹੀ ਨਹੀਂ ਸਗੋਂ ਆਰਥਿਕ ਸਮਾਜਿਕ ਤੇ ਨੈਤਿਕ ਖੇਤਰਾਂ ਵਿਚ ਵੀ ਹੈ। ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਲਈ ਸਮਾਜਿਕ ਲੋਕਤੰਤਰ ਦੇ ਆਰਥਿਕ ਲੋਕਤੰਤਰ ਪਹਿਲੀਆਂ ਸ਼ਰਤਾਂ ਹਨ। ਸਮਾਜਿਕ ਲੋਕਤੰਤਰ ਤੋਂ ਭਾਵ ਹੈ ਕਿ ਸਮਾਜ ਵਿਚ ਰਹਿ ਰਹੇ ਸਾਰੇ ਲੋਕਾਂ ਨੂੰ ਬਿਨਾਂ ਕਿਸੇ ਤਰ੍ਹਾਂ ਦੇ ਭੇਦ ਭਾਵ ਦੇ ਸਮਾਨ ਸਮਝਿਆ ਜਾਏ ਜਦ ਕਿ ਆਰਥਿਕ ਲੋਕਤੰਤਰ ਦੇ ਆਰਥਿਕ ਲੋਕਤੰਤਰ ਪਹਿਲੀਆਂ ਸ਼ਰਤਾਂ ਹਨ। ਸਮਾਜਿਕ ਲੋਕਤੰਤਰ ਤੋਂ ਭਾਵ ਹੈ ਕਿ ਸਮਾਜ ਵਿਚ ਰਹਿ ਰਹੇ ਸਾਰੇ ਲੋਕਾਂ ਨੂੰ ਬਿਨਾਂ ਕਿਸੇ ਤਰ੍ਹਾਂ ਦੇ ਭੇਦ ਭਾਵ ਦੇ ਸਮਾਨ ਸਮਝਿਆ ਜਾਏ ਜਦ ਕਿ ਆਰਥਿਕ ਲੋਕਤੰਤਰ ਦਾ ਅਰਥ ਹੈ ਕਿ ਸਾਰੇ ਨਾਗਰਿਕਾਂ ਨੂੰ ਆਰਥਿਕ ਵਿਕਾਸ ਲਈ ਇਕੋ ਜਿਹੇ ਅਧਿਕਾਰ ਦੇ ਮੌਕੇ ਹਨ। ਸੋ ਲੋਕਤੰਤਰ ਦਾ ਮੂਲ ਤਰਕ ਆਰਥਿਕ ਅਤੇ ਸਮਾਜਿਕ ਹਾਲਤਾਂ ਦੀ ਮਾਨਤਾ ਦੀ ਪ੍ਰਾਪਤੀ ਸੋ ਜਿਵੇਂ ਕਿ ਇਸ ਸਾਰੀ ਚਰਚਾ ਤੋਂ ਸਪਸ਼ਟ ਹੀ ਹੈ, ਲੋਕਤੰਤਰ ਦੇ ਹੇਠ ਲਿਖੇ ਅਨੇਕਾਂ ਪੱਖ ਜਾਂ ਪਹਿਲੂ

ਹਨ :-

1. **ਲੋਕਤੰਤਰ ਰਾਜ (Democratic state) :**

ਕੁਝ ਵਿਚਾਰਕ ਲੋਕਤੰਤਰ ਨੂੰ ਰਾਜ ਦਾ ਰੂਪ ਮੰਨਦੇ ਹਨ। ਲੋਕਤੰਤਰੀ ਰਾਜ ਉਹ ਰਾਜ ਹੈ ਜਿਸ ਵਿਚ ਸਰਬਉੱਚ ਸ਼ਕਤੀ ਸਮੂਹਿਕ ਰੂਪ ਵਿਚ ਜਨਤਾ ਕੋਲ ਹੁੰਦੀ ਹੈ। ਜਨਤਾ ਹੀ ਸ਼ਾਸਨ ਪ੍ਰਣਾਲੀ ਦਾ ਸਰੂਪ ਨਿਸ਼ਚਿਤ ਕਰਦੀ ਹੈ, ਸ਼ਾਸਨ ਸ਼ਕਤੀ ਦਾ ਪ੍ਰਯੋਗ ਕਰਦੀ ਹੈ ਅਤੇ ਰਾਜਨੀਤਿਕ ਮਾਮਲਿਆਂ ਬਾਰੇ ਅੰਤਿਮ ਲੈਂਦੀ ਹੈ।

2. **ਲੋਕ-ਤੰਤਰੀ ਸਰਕਾਰ (Democratic Government)**

ਲੋਕਤੰਤਰੀ ਸਰਕਾਰ ਉਹ ਸ਼ਾਸਨ ਪ੍ਰਣਾਲੀ ਹੈ ਜਿਸ ਅਧੀਨ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਆਪਣੇ ਪ੍ਰਤੀਨਿਧਾਂ ਦੁਆਰਾ ਰਾਜ ਚਲਾਉਂਦੀ ਹੈ। ਰਾਜ ਪ੍ਰਬੰਧ ਸਮੁੱਚੀ ਜਨਤਾ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਚਲਾਇਆ ਜਾਂਦਾ ਹੈ, ਨਾ ਕਿ ਕਿਸੇ ਵਰਗ ਵਿਸ਼ੇਸ਼ ਦੇ ਹਿੱਤਾਂ ਨੂੰ ਮੁੱਖ ਰਖ ਕੇ ਆਪਣੇ ਕਾਰਜਾਂ ਲਈ ਅਜਿਹੀ ਸਰਕਾਰ ਜਨਤਾ ਸਾਹਮਣੇ ਜਵਾਬਦੇਹ ਹੁੰਦੀ ਹੈ ਅਤੇ ਲੋੜ ਪੈਣ ਤੇ ਜਨਤਾ ਸਰਕਾਰ ਨੂੰ ਬਦਲ ਵੀ ਸਕਦੀ ਹੈ।

3. **ਲੋਕ-ਤੰਤਰੀ ਸਮਾਜ (Democratic Society)**

ਅਜਿਹਾ ਸਮਾਜਿਕ ਢਾਂਚਾ, ਜਿਸ ਅਧੀਨ ਜਾਤ, ਧਰਮ, ਰੰਗ, ਜਾਤੀ ਜਾਂ ਨਸਲ ਅਤੇ ਕਿੱਤੇ ਦੇ ਆਧਾਰ ਵਿਸੇ ਨਾਲ ਵੀ ਕੋਈ ਵਿਤਕਰਾ ਅਤੇ ਭੇਦ ਭਾਵ ਨਹੀਂ ਕੀਤਾ ਜਾਂਦਾ ਅਤੇ ਸਭ ਨੂੰ ਵਿਕਾਸ ਲਈ ਸਮਾਨ ਮੌਕੇ ਜਾਂ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ, ਲੋਕਤੰਤਰੀ ਸਮਾਜ ਕਿਹਾ ਜਾਏਗਾ। ਅਜਿਹੇ ਲੋਕਤੰਤਰੀ ਸਮਾਜ ਅਧੀਨ ਵਿਸ਼ੇਸ਼ ਅਧਿਕਾਰਾਂ ਵਾਲਾ ਕੋਈ ਵਰਗ ਨਹੀਂ ਹੁੰਦਾ ਅਤੇ ਹਰ ਇਕ ਨੂੰ ਸਮਾਨ ਅਧਿਕਾਰ ਹੁੰਦੇ ਹਨ। ਡਾਇਸੀ **(Dicey)** ਦੇ ਸ਼ਬਦਾਂ ਵਿਚ ਲੋਕਤੰਤਰੀ ਸਮਾਜ ਉਹ ਸਮਾਜ ਹੈ ਜਿਸ ਵਿਚ ਅਧਿਕਾਰਾਂ, ਹਾਲਾਤਾਂ, ਵਿਚਾਰਾਂ, ਭਾਵਨਾਵਾਂ ਅਤੇ ਆਦਰਸ਼ਾਂ ਦੀ ਸਮਾਨਤਾ ਹੁੰਦੀ ਹੈ।

4. **ਲੋਕ-ਤੰਤਰੀ ਅਰਥ ਵਿਵਸਥਾ (Democratic economic order)**

ਆਰਥਿਕ ਲੋਕਤੰਤਰ ਦਾ ਭਾਵ ਹੈ ਉਤਪਾਦਨ ਦੇ ਸਾਧਨਾਂ ਉਤੇ ਸਮਾਜ ਦਾ ਕੰਟਰੋਲ, ਹਰ ਵਿਅਕਤੀ ਦੀਆਂ ਘਟੋ ਘਟ ਆਰਥਿਕ ਲੋੜਾਂ ਦੀ ਪੂਰਤੀ, ਹਰ ਵਿਅਕਤੀ ਨੂੰ ਕੰਮ ਲਈ ਉਚਿਤ ਤੇ ਕਾਫ਼ੀ ਮੌਕੇ ਅਤੇ ਸਮਾਨ ਕੰਮ ਲਈ ਸਮਾਨ ਮਜ਼ਦੂਰੀ ਦੀ ਵਿਵਸਥਾ। ਇਸਦੇ ਨਾਲ ਹੀ ਰਾਸ਼ਟਰੀ ਆਮਦਨੀ ਦੀ ਵੰਡ ਇਸ ਪ੍ਰਕਾਰ ਹੋਣੀ ਚਾਹੀਦੀ ਹੈ ਕਿ ਇਸ ਦਾ ਲਾਭ ਵੱਧ ਤੋਂ ਵੱਧ ਲੋਕਾਂ ਨੂੰ ਪਹੁੰਚੇ। ਇਥੇ ਇਕ ਵਾਰੀ ਫੇਰ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਰਾਜਨੀਤਿਕ ਅਤੇ ਸਮਾਜਿਕ ਲੋਕਤੰਤਰ ਦੀ ਸਫ਼ਲਤਾ ਲਈ ਆਰਥਿਕ ਲੋਕਤੰਤਰ ਦਾ ਹੋਣਾ ਬਹੁਤ ਜ਼ਰੂਰੀ ਹੈ।

5. **ਲੋਕਤੰਤਰ ਜੀਵਨ ਦਾ ਢੰਗ ਵੀ ਹੈ। (Democracy as a way life)**

ਜਿਵੇਂ ਕਿ ਡਾ. ਬੇਨੀ ਪ੍ਰਸਾਦ ਨੇ ਵੀ ਕਿਹਾ ਹੈ, ਲੋਕਤੰਤਰ ਜੀਵਨ ਦਾ ਇਕ ਢੰਗ ਵੀ ਹੈ ਤੇ ਜਿਹੜਾ ਵਿਅਕਤੀ ਆਪਣਾ ਜੀਵਨ ਲੋਕਤੰਤਰੀ ਅਸੂਲਾਂ ਅਨੁਸਾਰ ਜਿਉਂਦਾ ਹੈ ਉਸ ਨੂੰ ਅਸੀਂ ਲੋਕਤੰਤਰੀ ਵਿਅਕਤੀ ਕਹਿ ਸਕਦੇ ਹਾਂ। ਸੁਤੰਤਰਤਾ, ਸਮਾਨਤਾ, ਭਰਾਤਰੀਭਾਵ, ਦੂਜਿਆਂ ਦੇ ਵਿਚਾਰਾਂ ਦਾ ਸਤਿਕਾਰ, ਸਹਿਣਸ਼ੀਲਤਾ ਅਤੇ ਸਹਿਯੋਗ ਕੁਝ ਅਜਿਹੇ ਲੋਕਤੰਤਰੀ ਅਸੂਲ਼ ਹਨ, ਜਿਹਨਾਂ ਅਨੁਸਾਰ ਜੀਵਨ ਜੀਣ ਵਾਲੇ ਨੂੰ ਅਸੀਂ ਲੋਕਤੰਤਰੀ ਕਹਿ ਸਕਦੇ ਹਾਂ। ਅਜਿਹਾ ਵਿਅਕਤੀ ਸਵਾਰੀ ਤੇ ਮੌਕਾ ਪ੍ਰਸਤ ਨਹੀਂ ਹੁੰਦਾ ਅਤੇ ਨਾ ਹੀ ਦੂਜਿਆਂ ਉਤੇ ਅਨਿਆਂ ਤੇ ਦਬਾਓ ਦੀ ਵਰਤੋਂ ਕਰਨ ਦਾ ਸਮਰਥਕ ਹੀ - ਸੋ ਜਿਵੇਂ ਕਿ ਸਪਸ਼ਟ ਹੈ ਲੋਕਤੰਤਰ ਸਾਨੂੰ ਜੀਵਨ ਜਾਂਚ ਵੀ ਸਿਖਾਉਂਦਾ ਹੈ।

**ਸਵੈ ਅਭਿਆਸ ਲਈ ਪ੍ਰਸ਼ਨ - I**

1. Democracy ਦਾ ਸ਼ਾਬਦਿਕ ਅਰਥ ਕੀ ਹੈ ?
2. ਲਿੰਕਨ ਦੇ ਲੋਕਤੰਤਰ ਦੀ ਕੀ ਪਰਿਭਾਸ਼ਾ ਦਿੱਤੀ ਹੈ ?
3. ਲੋਕਤੰਤਰ ਦੇ ਵਿਭਿੰਨ ਪਹਿਲੂਆਂ ਦਾ ਵਰਨਣ ਕਰੋ - (ਕੇਵਲ ਸਿਰਲੇਖ)

**2.5.3 ਲੋਕਤੰਤਰ ਦਾ ਕਲਾਸਕੀ ਸਿਧਾਂਤ (Classical Liberal Theory of Democracy)**

ਪ੍ਰਜਾਤੰਤਰ ਦੇ ਖੁਲ੍ਹੇ ਸ਼ਬਦਾਂ ਵਿਚ ਅਰਥ ਸਮਝਾਉਣ ਤੋਂ ਮਗਰੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਪ੍ਰਜਾਤੰਤਰ ਦੀ ਧਾਰਨਾ ਜਿਸ ਨੇ ਸਰਕਾਰ ਦੇ ਰੂਪ ਵਿਚ ਜਨਮ ਲਿਆ ਹੌਲੀ-ਹੌਲੀ ਇਕ ਆਦਰਸ਼ ਬਣ ਗਈ। ਗ੍ਰੀਕ ਸਿਧਾਂਤਕਾਰਾਂ ਨੇ ਇਸ ਨੂੰ ਇਕ ਰਾਜਨੀਤਕ ਪ੍ਰਣਾਲੀ ਦੇ ਰੂਪ ਵਿਚ ਵੇਖਿਆ। 17ਵੀਂ, 18ਵੀਂ ਸਦੀ ਵਿਚ ਪ੍ਰਜਾਤੰਤਰ ਪ੍ਰਣਾਲੀ ਨੂੰ ਕੇਵਲ ਸ਼ਾਸ਼ਨ ਪ੍ਰਣਾਲੀ ਵਜੋਂ ਹੀ ਨਹੀਂ ਬਲਕਿ ਸਮਾਜਿਕ ਆਰਥਿਕ ਖੇਤਰਾਂ ਵਿਚ ਵੀ ਉਭਾਰਨ ਦੀ ਕੋਸ਼ਿਸ਼ ਕੀਤੀ ਗਈ।

ਇਸ ਸਮੇਂ ਦੌਰਾਨ, ਜਿਸ ਨੂੰ ਕਲਾਸਕੀ ਫੇਜ਼ ਕਿਹਾ ਜਾਂਦਾ ਹੈ, ਲੋਕਤੰਤਰ ਦਾ ਸਭ ਤੋਂ ਮਹੱਤਵਪੂਰਨ ਜ਼ੋਰ ਲੋਕਾਂ ਦੀ ਭਾਗੇਦਾਰੀ ਉੱਤੇ ਸੀ।

ਯੂਨਾਨੀਆਂ ਨੇ ਪ੍ਰਜਾਤੰਤਰ ਨੂੰ ਸਰਕਾਰ ਦਾ ਵਿਗੜਿਆ ਹੋਇਆ ਰੂਪ ਮੰਨਿਆ ਹੈ - ਗਰੀਬਾਂ, ਅਨੁਭਵਹੀਨ ਅਤੇ ਅਗਿਆਨੀ ਵਿਅਕਤੀਆਂ ਦਾ ਸ਼ਾਸਨ ਮੰਨਿਆ । ਮੱਧ ਯੁੱਗ ਵਿਚ ਸਾਮੰਤਸ਼ਾਹੀ ਪ੍ਰਚੱਲਤਿ ਹੋਣ ਕਰਕੇ ਰੁਤਬੇ ਅਤੇ ਅਹੁਦੇ ਤੋਂ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਸੀ ਅਤੇ ਮਨੁੱਖਾਂ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਸੀ ਤੇ ਉਹ ਸਰਕਾਰ ਦੇ ਰੂਪ ਨੂੰ ਨਿਸ਼ਚਿਤ ਨਹੀਂ ਕਰਦੇ ਸਨ। ਆਧੁਨਿਕ ਕਲਾਸਕੀ ਸਿਧਾਂਤ ਨੇ ਮਨੁੱਖ ਦੀ ਅਹਿਮੀਅਤ ਉਤੇ ਜ਼ੋਰ ਦੇਣਾ ਸ਼ੁਰੂ ਕੀਤਾ।

ਕਲਾਸਕੀ ਸਿਧਾਂਤ ਦਾ ਮੁੱਖ ਜ਼ੋਰ ਇਸ ਗੱਲ ਤੇ ਹੈ ਕਿ ਸਮਾਜਿਕ ਸੰਸਥਾਵਾਂ ਮਨੁੱਖਾਂ ਦੇ ਕੁਦਰਤੀ ਅਧਿਕਾਰਾਂ ਤੇ ਵਿਸ਼ਵਾਸ ਨੂੰ ਆਧਾਰ ਭੂਤ ਸਿਧਾਂਤ ਵੱਜੋਂ ਮਾਨਤਾ ਦਿੱਤੀ ਦਾ ਮੁੱਖ ਉਦੇਸ਼ ਮਨੁੱਖ ਦੇ ਵਿਅਕਤਿਤਵ ਦਾ ਵਿਕਾਸ ਕਰਨਾ j? fJ; bJh ;wk ~ fJ;/ TpLF ~ ;kjwD/ oZ e/ pDkJnk iKDk ukjhdk j? ਥਾਮਸ ਮੋਰ **(Thomas More)** ਦੁਆਰਾ ਲਿਖਤ **ਯੂਟੋਪੀਆ** (1516) ਵਿਚ ਇਨ੍ਹਾਂ ਪ੍ਰਮੁੱਖ ਲੋਕਤੰਤਰ ਕਦਰਾਂ-ਕੀਮਤਾਂ ਨੂੰ ਉਜਾਗਰ ਕੀਤਾ ਗਿਆ ਹੈ। ਥਾਮਸ **ਹਾਬਜ਼ (Hobbes) ਦੇ Leviathan,** ਜਿਸ ਵਿਚ ਇਕ ਸਰਬ ਸਤਾ ਧਾਰੀ ਪ੍ਰਭੂ ਦੀ ਪ੍ਰੋੜਤਾ ਕੀਤੀ ਗਈ ਸੀ, ਵਿਚ ਵੀ ਵਿਅਕਤੀਵਾਦ ਨੂੰ ਪੂਰੀ ਮਾਨਤਾ ਦਿੱਤੀ ਗਈ ਸੀ ਜਿਸ ਅਨੁਸਾਰ ਰਾਜ ਵਿਚ ਪ੍ਰਭੂਸੱਤਾਧਾਰੀ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਲੋਕਾਂ ਦੀ ਸੁਰੱਖਿਆ ਅਤੇ ਰੱਖਿਆ ਕਰੇ।

ਕਲਾਸਕੀ ਸਿਧਾਂਤ ਦੇ ਸਿਧਾਂਤਕ ਅਸੂਲਾਂ ਨੂੰ ਸਪਸ਼ਟ ਤੇ ਤਰਤੀਬਵਾਰ ਵਰਨਣ ਜਾਹਨ ਲੱਕ ਦੁਆਰਾ ਕੀਤਾ ਗਿਆ। ਉਸ ਦਾ ਕੁਦਰਤੀ ਅਧਿਕਾਰਾਂ ਦਾ ਸਿਧਾਂਤ ਕਲਾਸਕੀ ਸਿਧਾਂਤ ਦਾ ਆਧਾਰ ਹੈ। ਉਸ ਅਨੁਸਾਰ ਸਰਕਾਰ ਮਨੁੱਖ ਦੇ ਕੁਦਰਤੀ ਅਧਿਕਾਰਾਂ ਦੀ ਰਖਿਅਕ ਹੈ ਪ੍ਰੰਤੂ ਇਹ ਕਈ ਵਾਰ ਲੋਕਾਂ ਦੇ ਵਿਸ਼ਵਾਸ ਦਾ ਘਾਤ ਵੀ ਕਰ ਸਕਦੀ ਹੈ ਅਤੇ ਇਸ ਤਰ੍ਹਾਂ ਲੋਕਾਂ ਦੇ ਕੁਦਰਤੀ ਅਧਿਕਾਰਾਂ ਨੂੰ ਖਤਰੇ ਵਿਚ ਪਾ ਸਕਦੀ ਹੈ। ਇਸ ਲਈ ਉਸ ਨੇ ਸੀਮਿਤ ਸਰਕਾਰ ਜਾਂ ਸੰਵਿਧਾਨਿਕ ਸਰਕਾਰ ਦੀ ਪ੍ਰੋੜ੍ਹਤਾ ਕੀਤੀ ਹਾਲਾਂਕਿ ਉਸ ਦੁਆਰਾ ਪ੍ਰਤੀਨਿਧ ਜਾਂ ਬਹੁਮਤ ਸ਼ਾਸਨ ਬਾਰੇ ਵਿਸਥਾਰ ਸਹਿਤ ਵਰਨਣ ਨਹੀਂ ਕੀਤਾ ਗਿਆ, ਪਰ ਸਿਧਾਂਤਕ ਤੌਰ ਤੇ ਇਸ ਨੇ ਸੀਮਤ ਸਰਕਾਰ ਦੇ ਸਿਧਾਂਤ ਦੇ ਧਾਰਨਾਂ ਨੂੰ ਜਨਮ ਦਿੱਤਾ, ਜੋ ਕਿ ਲੋਕਤੰਤਰ ਦੇ ਕਲਾਸਕੀ ਸਿਧਾਂਤ ਦਾ ਆਧਾਰ ਬਣਾਇਆ। ਇਸ ਤਰ੍ਹਾਂ ਲੋਕਤੰਤਰ ਦੇ ਉਦਾਰਵਾਦੀ ਸਿਧਾਂਤ ਦਾ 18ਵੀਂ ਅਤੇ 19ਵੀਂ ਸਦੀ ਵਿਚ ਵਿਕਾਸ ਹੋਇਆ।

**ਲੋਕਤੰਤਰ ਦੇ ਨਿਮਨਲਿਖਿਤ ਸਿਧਾਤਾਂ ਦੀ ਪ੍ਰੋੜ੍ਹਤਾ ਕੀਤੀ ਗਈ** :-

1. ਰਾਜਨੀਤਿਕ ਸ਼ਕਤੀ ਪਾਰਲੀਮੈਟ ਕੋਲ ਹੋਣੀ ਚਾਹੀਦੀ ਹੈ ਕਿਸੇ ਸ਼ਾਸਕ ਦੇ ਹੱਥ ਵਿਚ ਨਹੀਂ।
2. ਸਰਕਾਰ ਦਾ ਆਧਾਰ ਲੋਕਾਂ ਦੀ ਸਹਿਮਤੀ ਹੋਣਾ ਚਾਹੀਦਾ ਹੈ ਅਤੇ ਰਾਜਨੀਤਿਕ ਸ਼ਕਤੀ ਇਸ ਸਹਿਮਤੀ ਤੋਂ ਵੀ ਪ੍ਰਭਾਵਿਤ ਹੋਣੀ ਚਾਹੀਦੀ ਹੈ।
3. ਇਹ ਰਾਜਨੀਤਿਕ ਸ਼ਕਤੀ ਸ਼ਾਸਕ ਦੇ ਕੋਲ ਟਰਸਟ ਦੇ ਰੂਪ ਵਿਚ ਹੁੰਦੀ ਹੈ।
4. ਵਿਅਕਤੀ ਦੇ ਕੁਝ ਮੁੱਢਲੇ ਅਧਿਕਾਰ ਹੁੰਦੇ ਹਨ ਜਿਨ੍ਹਾਂ ਨੂੰ ਖੋਹਿਆ ਨਹੀਂ ਜਾ ਸਕਦਾ।
5. ਸਹਿਮਤੀ ਦਾ ਆਧਾਰ ਬਹੁਮਤ ਹੁੰਦਾ ਹੈ।
6. ਦੇਸ਼ ਦਾ ਕਾਨੂੰਨ **(Law of Land)** ਨਾ ਤਾ ਕੁਦਰਤੀ ਕਾਨੂੰਨ ਦੇ ਖਿਲਾਫ ਹੁੰਦਾ ਹੈ ਅਤੇ ਨਾ ਹੀ ਉਸ ਦੀ ਉਲੰਘਣਾ ਹੁੰਦੀ ਹੈ।
7. ਲੱਕ ਦੇ ਸਿਧਾਂਤ ਵਿਚ ਸੀਮਤ ਸਰਕਾਰ ਦੀ ਝਲਕ ਮਿਲਦੀ ਹੈ।
8. ਜੇਕਰ ਸਰਕਾਰ ਇਸ ਟਰਸਟ ਦੀ ਉਲੰਘਣਾ ਕਰਦੀ ਹੈ ਤਾਂ ਇਸ ਸਰਕਾਰ ਨੂੰ ਬਦਲ ਸਕਦੇ ਹਨ। ਇਸ ਤਰ੍ਹਾਂ ਲਾਕ ਨੇ ਇਕ ਸੀਮਤ ਸੰਵਿਧਾਨਕ ਪ੍ਰਤੀਨਿਧ ਸਰਕਾਰ ਦੀ ਧਾਰਣਾ ਦਿੱਤੀ, ਜਿਸ ਵਿਚ ਸ਼ਕਤੀਆਂ ਦੇ ਅਲਹਿਦਗੀ ਦਾ ਸਿਧਾਂਤ ਵੀ ਨਿਹਿਤ ਸੀ। ਉਸ ਦਾ ਸੰਵਿਧਾਨਕ ਸਰਕਾਰ ਦਾ ਹੀਅ ਸਿਧਾਂਤ ਪ੍ਰਜਾਤੰਤਰ ਦੇ ਕਲਾਸਕੀ ਸਿਧਾਂਤ ਦਾ ਆਧਾਰ ਬਣਿਆ। ਇਸੇ ਨੂੰ ਆਧਾਰ ਬਣਾ ਕੇ **ਮਾਂਟੈਸਕਿਊ** ਨੇ **ਸ਼ਕਤੀਆਂ ਦੀ ਅਲਹਿਦਗੀ (Separations of Power)** ਦਾ ਸਿਧਾਂਤ ਦਿੱਤਾ ਅਤੇ **ਰੂਸੋ ਨੇ ਆਮ ਇੱਛਾ (General will)** ਦਾ ਸਿਧਾਂਤ ਦਾ ਨਿਰਮਾਣ ਕੀਤਾ ਜਿਸ ਦਾ ਆਧਾਰ ਇਹ ਧਾਰਨਾ ਸੀ ਕਿ ਆਮ ਭਲਾਈ ਦੇ ਵਿਚਾਰ ਨੂੰ ਮੁੱਖ ਰੱਖਿਆ ਜਾਣਾ ਚਾਹੀਦਾ ਹੈ ਫਰਾਂਸ ਦੀ ਕ੍ਰਾਂਤੀ ਤੋਂ ਪ੍ਰਭਾਵਿਤ ਹੋਏ, ਕੁਝ ਹੋਰ ਵਿਚਾਰਕਾਂ, ਜਿਨ੍ਹਾਂ ਵਿਚ ਡਾਈਡੋਰੈਟ ਰੱਖਿਆ ਜਾਣਾ ਚਾਹੀਦਾ

ਹੈ। ਫਰਾਂਸ ਦੀ ਕ੍ਰਾਂਤੀ ਤੋਂ ਪ੍ਰਭਾਵਿਤ ਹੋਏ, ਕੁਝ ਹੋਰ ਵਿਚਾਰਕਾਂ ਜਿਨ੍ਹਾਂ ਵਿਚ ਡਾਈਡੋਰੈਟ ਤੇ ਹੈਲ ਵੈਸਿਅਸ ਆਦਿ ਹਨ, ਨੇ ਸੁਤੰਤਰਤਾ ਸਮਾਨਤਾ ਅਤੇ ਭਰਾਤਰੀਵਾਦ ਦੇ ਵਿਚਾਰਾਂ ਨੂੰ ਪ੍ਰਜਾਤੰਤਰ ਦਾ ਆਧਾਰ ਬਣਾਇਆ। ਆਰਥਿਕ ਖੇਤਰ ਵਿਚ ਐਡਮ ਸਮਿਥ ਅਤੇ ਰਿਕਾਰਡੋ ਨੇ ਵੀ ਸੀਮਿਤ ਸਰਕਾਰ ਦੀ ਪ੍ਰੋੜ੍ਹਤਾ ਕੀਤੀ ਅਤੇ ਸੁਤੰਤਰ ਵਪਾਰ ਦੀ ਹਿਮਾਇਤ ਕੀਤੀ ਜਿਸ ਨਾਲ ਮਨੁੱਖ ਦੀ ਆਰਥਿਕ ਸੁਤੰਤਰਤਾ ਦੀ ਰੱਖਿਆ ਕੀਤੀ ਜਾ ਸਕੇ। ਅਮਰੀਕਨ ਕ੍ਰਾਂਤੀਕਾਰੀਆਂ, ਜੈਫਰਸਨ ਅਤੇ ਮੈਡੀਸਨ ਤੇ ਕਲਾਸਕੀ ਪ੍ਰਜਾਤੰਤਰ , ਸੀਮਤ ਸਰਕਾਰ ਅਤੇ ਸੁਤੰਤਰ ਪ੍ਰਤਿਯੋਗਤਾ ਦੇ ਨਿਯਮਾਂ ਨੂੰ ਅਮਰੀਕਨ ਸੰਵਿਧਾਨ ਦਾ ਆਧਾਰ ਬਣਾਇਆ।

ਪ੍ਰਜਾਤੰਤਰ ਦੇ ਕਲਾਸਕੀ ਸਿਧਾਂਤ ਨੇ ਆਪਣੀ ਲੋਕਪ੍ਰਿਯਤਾ ਦੀ ਪੂਰਨਤਾ 19ਵੀਂ ਸਦੀ ਵਿਚ ਪ੍ਰਾਪਤ ਕੀਤੀ। ਖਾਸ ਕਰਕੇ **ਉਪਯੋਗਤਾ ਵਾਦੀ ਵਿਚਾਰਕਾਂ (Utilitiran School)** ਕਲਾਸਕੀ ਪ੍ਰਜਾਤੰਤਰ ਪ੍ਰਣਾਲੀ ਨੂੰ ਪ੍ਰਾਪਤ ਕਰਨ ਲਈ ਕੁਝ ਸਿਧਾਂਤ ਨਿਯਤ ਕੀਤੇ ਜਿਵੇਂ ਕਿ ਬਾਲਗ ਮਤਾਧਿਕਾਰ, ਵਿਅਕਤੀਗਤ, ਸੁਤੰਤਰਤਾ ਦਾ ਸਰੂਪ ਅਤੇ ਸੀਮਾ ਸਰਕਾਰ ਦੀਆਂ ਸੀਮਾਵਾਂ ਆਦਿ ਜਿਨ੍ਹਾਂ ਨੂੰ 19ਵੀਂ ਸਦੀ ਵਿਚ ਮੁਖਰਿਤ ਕੀਤਾ ਗਿਆ। ਇਸ ਸਕੂਲ ਦੇ ਵਿਚਾਰਕਾਂ ਦਾ ਮੁੱਖ ਜ਼ੋਰ ਮਨੁੱਖ ਉੱਤੇ ਸੀ, ਭਾਵ ਮਨੁੱਖ ਦੀ ਵੱਧ ਤੋਂ ਵੱਧ ਖੁਸ਼ੀ ਜਾਂ ਪ੍ਰਸੰਨਤਾ। ਉਨ੍ਹਾਂ ਅਨੁਸਾਰ ਖੁਸ਼ੀ ਇਹ ਹੀ ਸਮਾਜ ਦਾ ਆਧਾਰ ਹੋਣਾ ਚਾਹੀਦਾ ਹੈ। ਉਹ ਆਪਣੇ ਸਮੇਂ ਦੇ ਕ੍ਰਾਂਤੀਕਾਰੀ ਸਨ ਕਿਉਂਕਿ ਉਨ੍ਹਾਂ ਨੇ ਇੰਗਲੈਂਡ ਵਿਚਲੇ ਰਾਜਤੰਤਰ ਦਾ ਵਿਰੋਧ ਕੀਤਾ ਅਤੇ ਲਾਰਡ ਸਦਨ ਨੂੰ ਖਤਮ ਕਰਨ ਦੀ ਅਪੀਲ ਕੀਤੀ ਕਿਉਂਕਿ ਇਹ ਪ੍ਰਤੀਨਿਧਤਾ ਦੇ ਅਸੂਲ ਦੇ ਖਿਲਾਫ ਸੀ। ਬੈਨਥਮ ਅਤੇ ਜੇਮਜ਼ ਮਿਲ ਨੂੰ ਮੈਕਫਰਸ਼ਨ ਨੇ Protective Democracy ਦਾ ਹਮਾਹਿਤੀ ਦੱਸਿਆ, ਭਾਵ ਮਨੁੱਖ ਦੀ ਪ੍ਰਤੀਨਿਧੀ ਪ੍ਰਜਾਤੰਤਰ ਤੋਂ ਰੱਖਿਆ ਕਰਨੀ। ਦੂਜੇ ਸ਼ਬਦਾਂ ਵਿਚ, ਉਹ ਮਨੁੱਖ ਦੀ ਵਿਅਕਤੀਗਤ ਸੁਤੰਤਰਤਾ ਦੀ ਏਨੀ ਜ਼ਿਆਦਾ ਹਮਾਇਤ ਕਰਦੇ ਸਨ ਕਿ ਪ੍ਰਤੀਨਿਧ ਸਰਕਾਰ ਵੱਲੋਂ ਲਗਾਈ ਗਈ ਕਿਸੀ ਵੀ ਸੀਮਾ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਸੀ।

19ਵੀਂ ਸਦੀ ਦੇ ਅੰਤ ਨੇ ਕਲਾਸਕੀ ਪ੍ਰਜਾਤੰਤਰ ਨੂੰ ਇਕ ਨਵੀਂ ਦਿਸ਼ਾ ਦਿੱਤੀ। ਪਹਿਲੇ ਦੇ ਮੁਕਾਬਲੇ ਇਸ ਸਮੇਂ ਦੌਰਾਨ ਵਿਚਾਰਕ ਸਤਕਾਰ ਨੂੰ ਵਿਅਕਤੀਗਤ ਸੁਤੰਤਰਤਾ ਨੂੰ ਖੋਹਣ ਦਾ ਕਾਰਣ ਨਹੀਂ ਸਨ ਸਮਝਦੇ। ਕਿਉਂਕਿ ਸਰਕਾਰ ਦਾ ਸਰੂਪ ਪ੍ਰਤਿਨਿਧ (representative) ਮੰਨਿਆ ਗਿਆ, ਇਸ ਲਈ ਸਰਕਾਰ ਨੂੰ ਅਜਿਹੀ ਸੰਸਥਾ ਮੰਨਿਆ ਗਿਆ ਸੀ ਜਿਸ ਵਿਚ ਉਸ ਦਾ ਆਪਣਾ (personal) ਅਤੇ ਉਸ ਦੇ ਸਮਾਜ ਦਾ (Collective) ਵਿਕਾਸ ਹੋ ਸਕੇ। ਜੇ ਐਸ ਮਿਲ ਅਜਿਹੇ ਵਿਚਾਰ ਦਾ ਮੋਢੀ ਮੰਨਿਆ ਜਾਂਦਾ ਹੈ। ਉਸ ਨੇ ਵਿਅਕਤੀ ਦੀ ਸੁਤੰਤਰਤਾ ਅਤੇ ਖੁਸ਼ੀ ਉਸ ਸਮਾਜ ਵਿਚ ਹੀ ਸਾਰਥਕ ਹੋ ਸਕਦੀ ਹੈ, ਜਿਸ ਵਿਚ ਹਰ ਵਿਅਕਤੀ ਸੁਤੰਤਰਤਾ ਅਤੇ ਖੁਸ਼ੀ ਮਾਣ ਸਕੇ। ਇਸ ਸੰਦਰਭ ਵਿਚ ਉਸ ਨੇ ਪੂੰਜੀਵਾਦ ਦੀ ਵਧਦੀ ਹੋਈ ਬੁਰਾਈ ਨੂੰ ਉਜਾਗਰ ਕੀਤਾ। ਕਾਮਿਆਂ ਨੇ ਕੰਮ ਕਰਨ ਦੇ ਹਾਲਾਤ ਅਤੇ ਟਰੇਡ ਯੂਨੀਅਨ ਦੀ ਕ੍ਰਾਂਤੀ, ਜਦੋਂ ਮਜ਼ਬੂਤ ਹੋ ਜਾਂਦੀ ਹੈ, ਇਸ ਹਾਲਾਤ ਨੂੰ ਉਜਾਗਰ ਕਰਦੀ ਹੈ। ਇਸ ਲਈ ਉਹ ਕਈਆ ਲਈ ਇਕ ਤੋਂ ਵੱਧ ਵੋਟ ਦੇ ਅਧਿਕਾਰ ਦਾ ਸਮਰਥਨ ਕਰਦਾ ਹੈ। ਉਸ ਦੇ ਸ਼ਬਦਾਂ ਵਿਚ, ਹਰ ਵਿਅਕਤੀ ਨੂੰ ਵੋਟ ਦੇਣ ਦਾ ਅਧਿਕਾਰ ਹੋਣਾ ਚਾਹੀਦਾ ਹੈ, ਪਰ ਕਈ ਲੋਕਾਂ ਨੂੰ ਇਕ ਤੋਂ ਵੱਧ ਵੋਟ ਦੇਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਕੇਵਲ ਉਨ੍ਹਾਂ ਵਿਅਕਤੀਆਂ ਨੂੰ ਹੀ ਵੋਟ ਦੇਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ ਜਿਹੜੇ ਦੀਵਾਲੀਏ ਟੈਕਸ ਨਾ ਦੇਣ ਵਾਲੇ ਅਤੇ ਅਨਪੜ੍ਹ ਹੋਣ। ਅਜਿਹੇ ਵਿਚਾਰ ਮਿੱਲ ਨੂੰ ਸਮਾਨਤਾਵਾਂ ਦਾ ਵਿਚਾਰਕ ਤਾਂ ਨਹੀਂ ਬਣਾਉਂਦੇ, ਪਰ ਮਿੱਲ ਦਾ ਮੁੱਖ ਸੰਬੰਧ ਸਮਾਜ ਦੇ ਹਰ ਪੱਖੀ ਵਿਕਾਸ ਅਤੇ ਪ੍ਰਜਾਤੰਤਰ ਦੇ ਸਰੂਪ ਨਾਲ ਹੈ। ਉਸ ਦੇ ਵਿਚਾਰਾਂ ਦੇ ਸਿਧਾਂਤ ਨੂੰ ''ਵਿਕਾਸਵਾਦੀ ਪ੍ਰਜਾਤੰਤਰ'' ਦਾ ਨਾਂ ਦਿੱਤਾ ਗਿਆ। ਜਿਸ ਨੇ ਅੱਗੇ ਜਾ ਕੇ ਟੀ.ਐਚ. ਗਰੀਨ ਅਤੇ 20ਵੀਂ ਸਦੀ ਵਿਚ ਹਾਬ-ਹਾਊਸ, ਲਿੰਡਸੇ, ਬਾਕਰ, ਲਾਸਕੀ, ਮੈਕਾਈਵਰ, ਜੀ.ਡੀ.ਐਚ. ਕੋਲ ਆਦਿ ਨੂੰ ਪ੍ਰਭਾਵਿਤ ਕੀਤਾ।

19ਵੀਂ ਸਦੀ ਦੇ ਅੰਤ ਦੀ ਇਸੇ ਵਿਚਾਰਧਾਰਾ ਨੂੰ 20ਵੀਂ ਸਦੀ ਵਿਚ ਵੀ ਚਾਲੂ ਰੱਖਿਆ ਗਿਆ। ਵੋਟ ਦੇਣ ਦਾ ਅਧਿਕਾਰ ਉਨ੍ਹਾਂ ਸਭ ਨੂੰ ਸਮਾਨ ਰੂਪ ਵਿਚ ਦਿੱਤਾ ਗਿਆ ਜਿਨ੍ਹਾਂ ਨੇ ਇਕ ਖਾਸ ਉਮਰ ਹਾਸਲ ਕਰ ਲਈ ਹੋਵੇ ਅਠਾਰਾਂ ਜਾਂ ਇੱਕੀ ਸਾਲ। ਇਹ ਵਿਚਾਰ ਧਾਰਾ ਲੋਕਪ੍ਰਿਯ ਪ੍ਰਜਾਤੰਤਰ ਦੇ ਰੂਪ ਵਿਚ ਉੱਭਰੀ ਜਿਸ ਦਾ ਸਰੂਪ ਸਮਾਨਤਾਵਾਦੀ ਉੱਤੇ ਸੀ। ਰਾਜਨੀਤਿਕ ਤੌਰ ਤੇ ਇਸ ਦਾ ਯਕੀਨ ਸੀ ਕਿ ਲੋਕਾਂ ਦੀ ਭਾਗੇਦਾਰੀ ਨਾਲ ਵਿਅਕਤੀਆਂ ਦੇ ਸਭ ਗਰੁੱਪਾਂ ਦੇ ਅਧਿਕਾਰਾਂ ਦੀ ਰਖਿਆ ਕੀਤੀ ਜਾ ਸਕਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਵਿਚਾਰਾਂ ਨੇ ਉਦਾਰਵਾਦੀ ਵਿਚਾਰਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ, ਪਰ ਕਲਾਸਕੀ ਪ੍ਰਜਾਤੰਤਰ ਦੇ ਆਲੋਚਨਾਤਮਕ ਵਿਵੇਚਨ ਨੇ ਇਹ ਸਿੱਧ ਕੀਤਾ ਕਿ ਲੋਕਾਂ ਦਾ ਰਾਜ ਕੇਵਲ ਭਰਮ ਮਾਤਰ ਹੀ ਹੈ। ਇਸ ਦੇ ਵਿਰੁੱਧ ਸਭ ਤੋਂ ਮਜ਼ਬੂਤ ਦੋਸ਼ ਇਹ ਲਗਾਇਆ ਗਿਆ

ਕਿ ਇਸ ਵਿਚ ਕੁਝ ਚੁਣੇ ਹੋਏ ਵਸ਼ਿਸ਼ਟ ਵਰਗ ਹੀ ਰਾਜ ਕਰਦੇ ਹਨ। ਵਸ਼ਿਸ਼ਟ-ਵਰਗੀ ਰਾਜ ਦਾ ਸਿਧਾਂਤ ਲੋਕਤੰਤਰ ਦੇ ਕਲਾਸਕੀ ਸਿਧਾਂਤ ਦੀ ਆਲੋਚਨਾ ਹੈ ਜਿਸ ਦਾ ਵਰਣਨ ਅੱਗੇ ਕੀਤਾ ਜਾਵੇਗਾ।

### 2.5.4 **ਕਲਾਸਕੀ ਲੋਕਤੰਤਰ ਦੇ ਮੁੱਖ ਲੱਛਣ : (Characterists of Classical Democracy)**

**ਉਦਾਰਵਾਦ ਜਾਂ ਕਲਾਸਕੀ ਲੋਕਤੰਤਰ** ਦੇ ਮੁੱਖ ਲੱਛਣ ਹੇਠ ਲਿਖੇ ਅਨੁਸਾਰ ਹਨ :-

2.5.4.1 **ਪ੍ਰਭੂਸੱਤਾ ਜਨਤਾ ਵਿਚ ਨਿਹਿਤ ਹੁੰਦੀ ਹੈ (Sovereign with the people)** ਲੋਕਤੰਤਰ ਵਿਚ ਰਾਜ ਦੀ ਸਰਬ ਉੱਚ ਸ਼ਕਤੀ ਜਨਤਾ ਵਿਚ ਨਿਹਿਤ ਹੁੰਦੀ ਹੈ ਅਤੇ ਜਨਤਾ ਵਿਚ ਸ਼ਕਤੀ ਦਾ ਪ੍ਰਯੋਗ ਪ੍ਰਤੱਖ ਰੂਪ ਵਿਚ ਜਾਂ ਆਪਣੇ ਦੁਆਰਾ ਬਾਲਗ ਮਤਾ ਅਧਿਕਾਰ ਦੇ ਆਧਾਰ ਤੇ ਚੁਣੇ ਗਏ ਪ੍ਰਤੀਨਿਧੀਆਂ ਦੁਆਰਾ ਕਰਦੀ ਹੈ, ਇਹ ਪ੍ਰਤੀਨਿਧੀ ਆਪਣੇ ਕਾਰਜਾਂ ਲਈ ਜਨਤਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੇ ਹਨ ਤੇ ਲੋੜ੍ਹ ਪੈਣ ਤੇ ਜਨਤਾ ਉਹਨਾਂ ਨੂੰ ਬਦਲ ਵੀ ਸਕਦੀ ਹੈ। ਭਾਵ ਰਾਜ ਦੀ ਸ਼ਕਤੀ ਦਾ ਅੰਤਿਮ ਸੋਮਾ ਜਨਤਾ ਜਾਂ ਲੋਕ ਹੁੰਦੇ ਹਨ।

2.5.4.2 **ਮਨੁੱਖ ਦੀ ਨੈਤਿਕਤਾ ਵਿਵੇਕਸ਼ੀਲਤਾ ਵਿਚ ਵਿਸ਼ਵਾਸ (Faith in the rational and moral nature of man) :** ਲੋਕਤੰਤਰ ਦੀ ਇਹ ਆਧਾਰ ਭੂਤ ਮਾਨਤਾ ਹੈ ਕਿ ਮਨੁੱਖ ਇਕ ਵਿਵੇਕਸ਼ੀਲ **(rational)** ਪ੍ਰਾਣੀ ਹੈ ਅਤੇ ਇਹ ਵੀ ਕਿ ਆਪਣੇ ਵਿਵੇਕ ਦੁਆਰਾ ਉਹ ਆਪਣੀਆਂ ਸਮੱਸਿਆਵਾਂ ਹੱਲ ਕਰ ਸਕਣ ਅਤੇ ਇਹ ਫੈਸਲਾ ਕਰ ਸਕਣ ਦੇ ਕਾਬਿਲ ਹੈ ਕਿ ਉਸ ਲਈ ਕੀ ਠੀਕ ਤੇ ਯੋਗ ਹੈ।

ਲੋਕਤੰਤਰ ਦੀ ਇਕ ਹੋਰ ਆਧਾਰ ਭੂਤ ਧਾਰਨਾ ਇਹ ਵੀ ਹੈ ਕਿ ਮਨੁੱਖ ਇਕ ਨੈਤਿਕ ਪ੍ਰਾਣੀ ਵੀ ਹੈ ਅਤੇ ਉਸ ਵਿਚ ਚੰਗਾ ਮੰਦਾ, ਠੀਕ ਗਲਤ ਪਹਿਚਾਨਣ ਦੀ ਯੋਗਤਾ ਹੈ, ਮਨੁੱਖ ਦੀ ਇਹ ਨੈਤਿਕ ਭਾਵਨਾ ਹੀ ਉਸ ਨੂੰ ਸੁਆਰਥੀ ਹਿੱਤਾਂ ਤੋਂ ਉੱਪਰ ਉਠ ਕੇ ਸਮਾਜਿਕ ਹਿੱਤਾਂ ਨੂੰ ਪਹਿਲ ਦੀ ਪ੍ਰੇਰਣਾ ਦਿੰਦੀ ਹੈ। ਇਸੇ ਭਾਵਨਾ ਅਧੀਨ ਹੀ ਦੂਜਿਆਂ ਦੇ ਅਧਿਕਾਰਾਂ ਦਾ ਸਤਿਕਾਰ ਅਤੇ ਆਪਣੇ ਕਰਤੱਵਾਂ ਦੀ ਪਾਲਣਾ ਕਰਦਾ ਹੈ। ਲੋਕਤੰਤਰ ਦੀ ਸਫ਼ਲਤਾ ਦਾ ਆਧਾਰ ਮਨੁੱਖ ਦੀ ਇਹੀ ਨੈਤਿਕ ਭਾਵਨਾ ਹੈ ਕਿਉਂਕਿ ਇਸੇ ਕਾਰਨ ਉਹ ਬਹੁਮਤ ਦੇ ਨਿਰਣੇ ਸਵੀਕਾਰਦਾ ਹੈ, ਸਰਕਾਰ ਦੁਆਰਾ ਬਣਾਏ ਗਏ ਕਾਨੂੰਨਾਂ ਦੀ ਪਾਲਣਾ ਕਰਦਾ ਹੈ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਆਦਰ ਕਰਦਾ ਹੈ।

2.5.4.3. **ਰਾਜ ਤੇ ਸਰਕਾਰ ਨੂੰ ਸਾਧਨ ਮੰਨਿਆ ਜਾਂਦਾ ਹੈ। (State and government are taken as means)**

ਇਸ ਪ੍ਰਣਾਲੀ ਅਧੀਨ ਵਿਅਕਤੀ ਨੂੰ ਉਦੇਸ਼ (end) ਅਤੇ ਸਰਕਾਰ ਅਤੇ ਰਾਜ ਨੂੰ ਸਾਧਨ **(means)** ਮੰਨਿਆ ਜਾਂਦਾ ਹੈ। ਇਹਨਾਂ ਦਾ ਮੁੱਖ ਕਾਰਜ ਜਾਂ ਮੰਤਵ ਅਜਿਹੇ ਮੌਕੇ ਅਤੇ ਅਜਿਹਾ ਮਾਹੌਲ ਪ੍ਰਦਾਨ ਕਰਨਾ ਹੁੰਦਾ ਹੈ, ਜਿਹਨਾਂ ਰਾਹੀਂ ਵਿਅਕਤੀ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ। ਇਹ ਵਿਵਸਥਾ ਤਾਨਾਸ਼ਾਹੀ ਤੋਂ ਬਿਲਕੁਲ ਉਲਟ ਹੈ, ਜਿਸ ਅਧੀਨ ਵਿਅਕਤੀ ਨੂੰ ਰਾਜ ਦੇ ਹਿੱਤਾਂ ਦੀ ਪੂਰਤੀ ਕਰਨ ਦੇ ਲਈ ਇਕ ਸਾਧਨ ਵਜੋਂ ਮੰਨਿਆ ਜਾਂਦਾ ਹੈ।

ਸਮਾਜ ਦੀ ਬਹੁਵਾਦੀ ਸਰੂਪ (Plurastic character of the society) : ਡਾ. ਫਾਈਨਰ ਦਾ ਮਤ ਹੈ ਕਿ ਉਦਾਰਵਾਦੀ ਲੋਕਤੰਤਰ ਸਮਾਜ ਦੇ ਬਹੁਵਾਦੀ ਸਰੂਪ ਨੂੰ ਮਾਨਤਾ ਦਿੰਦਾ ਹੈ - ਭਾਵ ਅਜਿਹੀ ਪ੍ਰਣਾਲੀ ਅਧੀਨ ਸਮਾਜ ਵਿਚਲੇ ਵੱਖ-ਵੱਖ ਮੁਦਾਵਾਂ ਤੇ ਸੰਸਥਾਵਾਂ ਦੀ ਹੋਂਦ ਨੂੰ ਮਾਨਤਾ ਦਿੱਤੀ ਜਾਂਦੀ ਹੈ। ਇਸ ਦਾ ਭਾਵ ਇਹ ਹੈ ਕਿ ਇਸ ਪ੍ਰਣਾਲੀ ਅਧੀਨ ਕੁਝ ਵਿਸ਼ੇਸ਼ ਸਮੂਹਾਂ ਲਈ ਨਹੀਂ, ਸਗੋਂ ਸਮੁੱਚੇ ਸਮਾਜ ਤੇ ਸਮੂਹਾਂ ਦੀ ਭਲਾਈ ਲਈ ਸ਼ਾਸਨ ਕੀਤਾ ਜਾਂਦਾ ਹੈ।

2.5.4.4 **ਵਿਕਾਸ ਵਾਦੀ ਸਰੂਪ (Evolutionary Nature)**

ਲੋਕਤੰਤਰ ਦੀ ਪ੍ਰਕ੍ਰਿਤੀ ਜਾਂ ਸਰੂਪ ਵਿਕਾਸਵਾਦੀ ਹੈ, ਇਹ ਪ੍ਰਣਾਲੀ ਵਿਚ ਵਿਸ਼ਵਾਸ ਤੇ ਆਧਾਰਿਤ ਹੈ, ਕਿ ਜੇ ਕਰ ਵਿਅਕਤੀਆਂ ਨੂੰ ਠੀਕ ਤਰ੍ਹਾਂ ਸਿਖਿਅਤ ਕੀਤਾ ਜਾਏ ਤਾਂ ਉਹ ਸੁਆਰਥੀ ਭਾਵਨਾਵਾਂ ਤੋਂ ਉਪਰ ਉਠ ਕੇ ਸਮਾਜਿਕ ਹਿੱਤਾਂ ਲਈ ਕੰਮ ਕਰਨ ਲਈ ਅਵੱਸ਼ ਪ੍ਰੇਰਿਤ ਹੋਣਗੇ। ਲੋਕਤੰਤਰ ਵਿਚ ਹਿੰਸਾ ਦਾ ਕੋਈ ਸਥਾਨ ਨਹੀਂ ਇਹ ਮੂਲ ਰੂਪ ਵਿਚ ਇਕ ਵਿਕਾਸਵਾਦੀ ਧਾਰਨਾ ਹੈ, ਭਾਵ ਸਹਿਜੇ ਸਹਿਜੇ ਸ਼ਾਂਤੀ ਪੂਰਣ ਮਨੁੱਖ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਅਪਨਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

2.5.5.5 **ਸੁਤੰਤਰਤਾ ਸਮਾਨਤਾ ਅਤੇ ਭਰਾਤਰੀ ਭਾਵ (Importance of liberty equality and Fraterity)**

ਵਿਅਕਤੀ ਦੇ ਵਿਕਾਸ ਲਈ ਸੁਤੰਤਰਤਾ ਬਹੁਤ ਮਹੱਤਵਪੂਰਣ ਹੈ ਸੋ ਲੋਕਤੰਤਰ ਅਧੀਨ ਵਿਅਕਤੀ ਦੇ ਵਿਚਾਰ ਪ੍ਰਗਟ ਕਰਨ ਦੀ, ਸਮੂੰਹ ਤੇ ਸੰਸਥਾਵਾਂ ਬਣਾਉਣ ਤੇ ਉਹਨਾਂ ਵਿਚ ਕੰਮ ਕਰਨ ਦੀ, ਸਰਕਾਰ ਦੀ ਆਲੋਚਨਾ ਕਰਨ, ਕੋਈ ਵੀ ਕਿੱਤਾ ਅਪਨਾਉਣ, ਘੁੰਮਣ ਫਿਰਨ, ਕੋਈ ਵੀ ਧਰਮ ਅਪਨਾਉਣ ਆਦਿ ਦੀ ਸੁਤੰਤਰਤਾ ਹੁੰਦੀ ਹੈ। ਰਾਜ ਇਹਨਾਂ ਸਭ ਸੁਤੰਤਰਤਾਵਾਂ ਦੀ ਰਾਖੀ ਦੀ ਉਚਿਤ ਵਿਵਸਥਾ ਕਰਦਾ ਹੈ।

ਸਮਾਨਤਾ ਤੇ ਸੁਤੰਤਰਤਾ ਇਕ ਦੂਜੇ ਦੇ ਪੂਰਕ ਹਨ, ਇਕ ਦੇ ਨਾ ਹੋਣ ਤੇ ਦੂਜੇ ਦੀ ਹੋਂਦ ਦੀ ਕਲਪਨਾ ਕਰਨਾ ਹੀ ਸੰਭਵ ਨਹੀਂ। ਇਸ ਪ੍ਰਣਾਲੀ ਅਧੀਨ ਸਾਰੇ ਲੋਕਾਂ ਨੂੰ ਸਮਾਨ ਮੰਨਿਆ ਜਾਂਦਾ ਹੈ ਧਰਮ, ਜਾਤ, ਨਸਲ ਰੰਗ ਤੇ ਲਿੰਗ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਕਾਨੂੰਨ ਦੇ ਸਾਹਮਣੇ ਸਭ ਲੋਕਾਂ ਨੂੰ ਸਮਾਨ ਮੰਨਿਆ ਜਾਂਦਾ ਹੈ ਅਤੇ ਹਰ ਵਿਅਕਤੀ ਨੂੰ ਵਿਕਾਸ ਦੇ ਸਮਾਨ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ। ਰਾਜ ਵਿਚਲੇ ਕਿਸੇ ਸਮੂਹ ਦੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੁੰਦੇ।

ਸੁਤੰਤਰਤਾ ਅਤੇ ਸਮਾਨਤਾ ਦੇ ਨਾਲ ਨਾਲ ਭਰਾਤਰੀ ਭਾਵ ਲੋਕਤੰਤਰ ਦੀ ਤੀਜਾ ਆਧਾਰ ਹੈ ਇਸੇ ਦਾ ਅਰਥ ਹੈ ਕਿ ਲੋਕਾਂ ਅੰਦਰ ਭਾਈਚਾਰੇ ਦੀ ਭਾਵਨਾ ਹੋਣੀ ਚਾਹੀਦੀ ਹੈ।ਉਹਨਾਂ ਨੂੰ ਸਭ ਨਾਲ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਅਤੇ ਜਾਤ ਤੇ ਨਸਲ ਆਦਿ ਦੇ ਆਧਾਰ ਤੇ ਕਿਸੇ ਨੂੰ ਉੱਚਾ ਜਾਂ ਨੀਵਾਂ ਨਹੀਂ ਸਮਝਣਾ ਚਾਹੀਦਾ ਜੇ ਲੋਕ ਆਪਣੇ ਆਪ ਨੂੰ ਉੱਚਾ ਤੇ ਬਾਕੀਆਂ ਨੂੰ ਨੀਵਾਂ (ਜਾਤੀ ਜਾਂ ਨਸਲ ਕਾਰਨ) ਮੰਨਦੇ ਹਨ ਉਹ ਲੋਕਤੰਤਰ ਦੇ ਸਭ ਤੋਂ ਵੱਡੇ ਦੁਸ਼ਮਣ ਹਨ।

### 2.5.4.6 ਕਾਨੂੰਨ ਦਾ ਸ਼ਾਸਨ (Rule of Law)

ਲੋਕਤੰਤਰ ਅਧੀਨ ਰਾਜ ਪ੍ਰਬੰਧ ਕਿਸੇ ਇਕ ਵਿਅਕਤੀ ਜਾਂ ਕੁਝ ਵਿਅਕਤੀਆਂ ਦੀ ਇੱਛਾ ਅਨੁਸਾਰ ਹੀ ਨਹੀਂ ਸਗੋਂ ਕਾਨੂੰਨ ਦੇ ਅਨੁਸਾਰ ਚਲਾਇਆ ਜਾਂਦਾ ਹੈ - ਭਾਵ ਇਸ ਪ੍ਰਣਾਲੀ ਅਧੀਨ ਕਾਨੂੰਨ ਦਾ ਸ਼ਾਸਨ ਹੁੰਦਾ ਹੈ। ਹਰ ਵਿਅਕਤੀ ਲਈ ਸਮਾਨ ਕਾਨੂੰਨ ਦੀ ਵਿਵਸਥਾ ਹੁੰਦੀ ਹੈ। ਕਿਸੇ ਵੀ ਵਿਅਕਤੀ ਨੂੰ ਮਨਮਰਜ਼ੀ ਨਾਲ ਨਹੀਂ ਸਗੋਂ ਕਾਨੂੰਨ ਤੋੜਨ ਤੇ ਹੀ ਸਜ਼ਾ ਦਿੱਤੀ ਜਾਂਦੀ ਹੈ। ਕਾਨੂੰਨ ਹੀ ਲੋਕਾ ਦੇ ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਰਾਖੀ ਕਰਦਾ ਹੈ। ਕਾਨੂੰਨ ਦੁਆਰਾ ਸਥਾਪਿਤ ਵਿਧੀ ਤੋਂ ਬਿਨਾਂ ਕਿਸੇ ਨੂੰ ਵੀ ਉਸ ਦੇ ਜੀਵਨ, ਸੁਤੰਤਰਤਾ ਅਤੇ ਸੰਪਤੀ ਆਦਿ ਤੋਂ ਵਾਂਝਿਆ ਨਹੀਂ ਕੀਤਾ ਜਾ ਸਕਦਾ।

ਬਹੁਮੱਤ ਦਾ ਸ਼ਾਸਨ **(Rule of Majority)** ਲੋਕਤੰਤਰ ਮੋਲਿਕ ਧਾਰਨਾ ਤੇ ਆਧਾਰਿਤ ਹੈ ਕਿ ਸਭ ਮਹੱਤਵਪੂਰਨ ਫੈਸਲੇ ਲੋਕਾਂ ਦੁਆਰਾ ਲਏ ਜਾਣ, ਪਰ ਵਿਸ਼ਾਲ ਰਾਜਾਂ ਵਿਚ ਇਹ ਸੰਭਵ ਨਹੀਂ, ਅਜੋਕੇ ਵਿਸ਼ਾਲ ਰਾਸ਼ਟਰੀ ਰਾਜਾਂ ਦੇ ਯੁਗ ਵਿਚ ਲੋਕਤੰਤਰ ਦਾ ਅਰਥ ਹੈ ਬਹੁਮਤ ਦਾ ਸ਼ਾਸਨ - ਨਿਸ਼ਚਿਤ ਸਮੇਂ ਪਿਛੋਂ ਲੋਕ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰਦੇ ਹਨ ਅਤੇ ਇਹਨਾਂ ਚੋਣਾਂ ਵਿਚ ਜਿਸ ਪਾਰਟੀ ਨੂੰ ਬਹੁਮੱਤ ਪ੍ਰਾਪਤ ਹੋ ਜਾਂਦਾ ਹੈ ਉਸ ਨੂੰ ਇਕ ਨਿਸ਼ਚਿਤ ਸਮੇਂ ਲਈ ਸ਼ਾਸਨ ਕਰਨ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ। ਇਕ ਵਾਰੀ ਸੱਤਾ ਵਿਚ ਆ ਜਾਣ ਤੋਂ ਬਾਅਦ ਬਹੁਮਤ ਵਾਲੀ ਪਾਰਟੀ ਘਟ ਗਿਣਤੀਆਂ ਦਾ ਵੀ ਪੂਰਾ ਖਿਆਲ ਰੱਖਦੀ ਹੈ ਤੇ ਘੱਟ ਗਿਣਤੀਆਂ ਵੀ ਸਰਕਾਰ ਦਾ ਪੂਰਾ ਸਤਿਕਾਰ ਕਰਦੀਆਂ ਹਨ।

### 2.5.4.7 ਨਿਯਮਿਤ ਚੋਣਾਂ (Periodic Elections)

ਉਦਾਰਵਾਦੀ ਜਾਂ ਕਲਾਸਕੀ ਲੋਕਤੰਤਰ ਅਧੀਨ ਇਕ ਨਿਸ਼ਚਿਤ ਸਮੇਂ ਪਿਛੋਂ ਚੋਣਾਂ ਕਰਵਾਉਣ ਦੀ ਵਿਵਸਥਾ ਹੁੰਦੀ ਹੈ। ਇਹ ਚੋਣਾਂ ਸੁਤੰਤਰ, ਨਿਰਪੱਖ ਅਤੇ ਗੁਪਤ ਤੌਰ ਤੇ ਕਰਵਾਈਆਂ ਜਾਂਦੀਆਂ ਹਨ। ਇਹਨਾਂ ਅਧੀਨ ਹਰ ਨਾਗਰਿਕ ਨੂੰ ਬਾਲਗ ਮਤ ਅਧਿਕਾਰ ਦੇ ਸਿਧਾਂਤ ਦੇ ਚੋਣਾਂ ਲੜਨ ਤੇ ਇਨ੍ਹਾਂ ਵਿਚ ਹਿੱਸਾ ਲੈਣ ਦਾ ਅਧਿਕਾਰ ਦਿੱਤਾ ਜਾਂਦਾ ਹੈ - ਭਾਵ ਵੋਟ ਪਾਉਣ ਜਾਂ ਚੋਣਾਂ ਵਿਚ ਖੜ੍ਹੇ ਹੋਣ ਲਈ ਉਮਰ ਦੀ ਸੀਮਾਂ ਹੁੰਦੀ ਹੈ ਅਤੇ ਨਾਲ ਹੀ ਕੁਝ ਹੋਰ ਸ਼ਰਤਾਂ ਵੀ ਜੋ ਕਿ ਦੇਸ਼ ਦੇ ਕਾਨੂੰਨ ਜਾਂ ਸੰਵਿਧਾਨ ਦੁਆਰਾ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਚੋਣਾਂ ਕਿੰਨੇ ਸਮੇਂ ਪਿਛੋਂ ਹੋਣਗੀਆਂ ? ਇਹ ਸਭ ਦੇਸ਼ ਦੇ ਕਾਨੂੰਨ ਦੁਆਰਾ ਹੀ ਨਿਸ਼ਚਿਤ ਕੀਤਾ ਜਾਂਦਾ ਹੈ।

### 2.5.4.8 ਮੌਲਿਕ ਅਧਿਕਾਰਾਂ ਦੀ ਵਿਵਸਥਾ (Fundamental Rights)

ਮੌਲਿਕ ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਵਿਵਸਥਾ ਲੋਕਤੰਤਰ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਆਧਾਰ ਹੈ। - ਇਸ ਵਿਵਸਥਾ ਰਾਹੀ ਹੀ ਜਨਤਕ ਪ੍ਰਭੂਸੱਤਾ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਜਾਂਦਾ ਹੈ - ਇਹੀ ਨਹੀਂ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਯੋਗ ਵਿਵਸਥਾਵਾਂ ਦਾ ਉਪਬੰਧ ਵੀ ਇਸ ਪ੍ਰਣਾਲੀ ਅਧੀਨ ਕੀਤਾ

ਜਾਂਦਾ ਹੈ ਤਾਂ ਕਿ ਲੋਕ ਇਹਨਾਂ ਅਧਿਕਾਰਾਂ ਨੂੰ ਮਾਣ ਸਕਣ।

**2.5.4.9 ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ (Independent and Impartial Judiciary)** ਅਮਲੀ ਤੌਰ ਤੇ ਆਮ ਲੋਕਾਂ ਦੇ ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਮਹੱਤਤਾ ਤਾਂ ਹੀ ਹੋ ਸਕਦੀ ਹੈ, ਜੇਕਰ ਇਹ ਪੂਰੀ ਤਰ੍ਹਾਂ ਸੁਰੱਖਿਅਤ ਹੋਣ। ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਇਹਨਾਂ ਅਧਿਕਾਰਾਂ ਤੇ ਸੁਤੰਤਰਤਾਵਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਸਭ ਤੋਂ ਉੱਤਮ ਢੰਗ ਹੈ। ਲੋਕਤੰਤਰੀ ਪ੍ਰਣਾਲੀ ਅਧੀਨ ਲੋਕ ਸਰਕਾਰ ਵਿਰੁਧ ਵੀ ਅਧਿਕਾਰਾਂ ਦੀ ਰਖਿਆ ਲਈ ਕਾਰਵਾਈ ਕਰ ਸਕਦੇ ਹਨ ਇਸ ਲਈ ਜ਼ਰੂਰੀ ਹੈ ਕਿ ਨਿਆਂ ਪਾਲਿਕਾ ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਦੇ ਪ੍ਰਭਾਵਾਂ ਤੋਂ ਮੁਕਤ ਹੋਵੇ ਅਤੇ ਆਪਣੇ ਕਰਤੱਵ ਨਿਰਪੱਖਤਾ ਨਾਲ ਨਿਭਾ ਸਕੇ।

**2.5.4.10 ਸ਼ਾਂਤੀਪੂਰਣ ਅਤੇ ਸੰਵਿਧਾਨਿਕ ਢੰਗਾਂ ਵਿਚ ਵਿਸ਼ਵਾਸ (Faith in peaceful and constitutional methods)**

ਸ਼ਾਂਤੀਪੂਰਣ ਅਤੇ ਸੰਵਿਧਾਨਿਕ ਢੰਗਾਂ ਵਿਚ ਵਿਸ਼ਵਾਸ ਲੋਕਤੰਤਰ ਦਾ ਆਧਾਰ ਹੈ। ਜਿਵੇਂ ਕਿ ਆਮ ਕਿਹਾ ਹੈ ਲੋਕਤੰਤਰ ਵਿਚ ਗੋਲੀ **(bullet)** ਨਾਲ ਨਹੀਂ ਸਗੋਂ ਵੋਟ **(ballot)** ਦੁਆਰਾ ਸਰਕਾਰ ਬਦਲੀ ਜਾਂਦੀ ਹੈ ਭਾਵ ਹਿੰਸਾ ਦਾ ਇਸ ਪ੍ਰਣਾਲੀ ਵਿਚ ਕੋਈ ਸਥਾਨ ਨਹੀਂ। ਆਪਣੇ ਇਸ ਲੱਛਣ ਕਾਰਣ ਹੀ ਅੱਜ ਕੱਲ ਲੋਕਤੰਤਰ ਸਭ ਤੋਂ ਵਧੇਰੇ ਲੋਕਪ੍ਰਿਯ ਸ਼ਾਸਨ ਪ੍ਰਣਾਲੀ ਹੈ।

**2.5.4.11 ਜਨ ਸੰਚਾਰ ਦੇ ਸੁਤੰਤਰ ਸਾਧਨ (Independent means of communication) :-**

ਕਲਾਸਕੀ ਜਾਂ ਉਦਾਰਵਾਦੀ ਲੋਕਤੰਤਰ ਦਾ ਇਕ ਹੋਰ ਮਹੱਤਵਪੂਰਣ ਲੱਛਣ ਹੈ ਜਨਤਾ ਤਕ ਸੂਚਨਾ ਪਹੁੰਚਾਣ ਦੇ ਸਾਧਨਾਂ ਦੀ ਸੁਤੰਤਰਤਾ ਤੇ ਜ਼ੋਰ-ਅਖਬਾਰਾਂ, ਮੈਗਜ਼ੀਨ, ਰੇਡੀਓ ਤੇ ਟੈਲੀਵਿਜ਼ਨ ਆਦਿ ਸੁਤੰਤਰ ਹੁੰਦੇ ਹਨ ਅਤੇ ਇਹ ਉਸਾਰੂ ਤੇ ਸਵੱਸਥ ਲੋਕਮੱਤ ਦੇ ਨਿਰਮਾਣ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।

ਇਹਨਾਂ ਸਾਧਨਾਂ ਰਾਹੀਂ ਜਨਤਾ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਦੇਸ਼ ਤੇ ਸੰਸਾਰ ਦੇ ਵਿਭਿੰਨ ਹਿੱਸਿਆਂ ਵਿਚ ਹੋਣ ਵਾਲੀਆਂ ਘਟਨਾਵਾਂ ਦਾ ਪਤਾ ਲਗਦਾ ਰਹਿੰਦਾ ਹੈ। ਇਹੀ ਨਹੀਂ, ਲੋਕ ਇਹਨਾਂ ਸਾਧਨਾਂ ਰਾਹੀਂ ਸਰਕਾਰ ਪ੍ਰਤੀ ਆਪਣਾ ਨਜ਼ਰੀਆ, ਪੇਸ਼ ਕਰ ਸਕਦੇ ਹਨ, ਸਰਕਾਰ ਦੀ ਆਲੋਚਨਾ ਕਰ ਸਕਦੇ ਹਨ ਅਤੇ ਉਸ ਤਕ ਆਪਣੀਆਂ ਸ਼ਿਕਾਇਤਾਂ ਪਹੁੰਚਾ ਸਕਦੇ ਹਨ।

**2.5.4.12 ਰਾਜਨੀਤਿਕ ਸੱਤਾ ਲਈ ਖੁਲ੍ਹ ਪ੍ਰਤੀਯੋਗਤਾ (Open competition for political power)** :- ਅਜਿਹੇ ਲੋਕਤੰਤਰ ਵਿਚ ਇਕ ਤੋਂ ਵੱਧ ਰਾਜਨੀਤਿਕ ਦਲ ਹੁੰਦੇ ਹਨ। (ਦੋ ਦਲ ਜਾਂ ਬਹੁ ਦਲ ਪ੍ਰਣਾਲੀ) ਅਤੇ ਇਹਨਾਂ ਵਿਚ ਰਾਜਨੀਤਿਕ ਸੱਤਾ ਦੀ ਪ੍ਰਾਪਤੀ ਲਈ ਖੁਲ੍ਹਾ ਮੁਕਾਬਲਾ ਚਲਦਾ ਰਹਿੰਦਾ ਹੈ। ਇਹ ਦਲ ਜਨਤਾ ਸਾਹਮਣੇ ਆਪਣੇ ਆਪਣੇ ਪ੍ਰੋਗਰਾਮ ਪੇਸ਼ ਕਰਦੇ ਹਨ ਅਤੇ ਪ੍ਰਚਾਰ ਕਰਕੇ ਲੋਕ ਮੱਤ ਜਾਂ ਵੋਟਰਾਂ ਨੂੰ ਆਪਣੇ ਹੱਕ ਵਿਚ ਕਰਨ ਦਾ ਯਤਨ ਕਰਦੇ ਹਨ, ਜਿਹੜਾ ਦਲ ਬਹੁਮੱਤ ਪ੍ਰਾਪਤ ਕਰ ਲੈਂਦੇ ਹੈ ਉਹ ਸਰਕਾਰ ਬਣਾਉਂਦਾ ਹੈ ਅਤੇ ਬਾਕੀ ਦਲ ਵਿਰੋਧੀ ਦਲ ਕਹਾਉਂਦੇ ਹਨ। ਵਿਰੋਧੀ ਦਲ ਸਦਾ ਹੀ ਇਸ ਗਲ ਲਈ ਯਤਨਸ਼ੀਲ ਰਹਿੰਦੇ ਹਨ ਕਿ ਸੱਤਾ ਤੇ ਕਿਸੇ ਤਰ੍ਹਾਂ ਉਹਨਾਂ ਦਾ ਕਬਜ਼ਾ ਹੋ ਸਕੇ। ਇਸ ਤਰ੍ਹਾਂ ਰਾਜਨੀਤਿਕ ਸੱਤਾ ਲਈ ਖੁਲ੍ਹੀ ਪ੍ਰਤੀਯੋਗਤਾ ਕਲਾਸਕੀ ਲੋਕਤੰਤਰ ਦਾ ਇਕ ਹੋਰ ਲੱਛਣ ਹੈ।

**2.5.4.13 ਸਰਕਾਰ ਦੀ ਉਤਰਦਾਇਕਤਾ (Responsibility of Government)**

ਲੋਕਤੰਤਰ ਅਧੀਨ ਸਰਕਾਰ ਆਪਣੇ ਕਾਰਜਾਂ ਲਈ ਲੋਕ ਪ੍ਰਤੀ ਉੱਤਰਦਾਈ ਹੁੰਦੀ ਹੈ, ਨਿਯਮਿਤ ਸਮੇਂ ਤੇ ਕਰਵਾਈਆਂ ਜਾਂਦੀਆਂ ਚੋਣਾਂ ਸਰਕਾਰ ਦੀ ਜਨਤਾ ਪ੍ਰਤੀ ਉੱਤਰਦਾਇਕਤਾ ਦੀ ਕਸੌਟੀ ਹੁੰਦੀਆਂ ਹਨ, ਜਿਸ ਦਲ ਦੀ ਸਰਕਾਰ ਜਾਂ ਉਮੀਦਵਾਰ ਨੇ ਲੋਕਾਂ ਦੀਆਂ ਆਸ਼ਾਵਾਂ ਅਨੁਸਾਰ ਕੰਮ ਨਹੀਂ ਕੀਤਾ ਹੁੰਦਾ ਉਹਨਾਂ ਨੂੰ ਚੋਣਾਂ ਵਿਚ ਸਫ਼ਲਤਾ ਨਹੀਂ ਮਿਲਦੀ। ਇਹੀ ਨਹੀਂ, ਸਰਕਾਰ ਦੇ ਕਾਰਜ ਕਾਲ ਦੇ ਦੌਰਾਨ ਦੀ ਸਰਕਾਰ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਉਸ ਨੂੰ ਹਟਾਇਆ ਜਾ ਸਕਦਾ ਹੈ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੋਕਤੰਤਰ ਉਹ ਸ਼ਾਸਨ ਪ੍ਰਣਾਲੀ ਹੈ ਜਿਸ ਵਿਚ ਪ੍ਰਭੁਸੱਤਾ ਜਾਂ ਰਾਜ ਦੀ ਸਰਬ ਉੱਚ ਸ਼ਕਤੀ ਲੋਕਾਂ ਦੇ ਹੱਥ ਵਿਚ ਹੁੰਦੀ ਹੈ, ਜੋ ਆਪਣੇ ਪ੍ਰਤੀਨਿਧੀਆਂ ਦੁਆਰਾ ਰਾਜ ਕਰਦੇ ਜਾਂ ਸ਼ਾਸਕ ਚਲਾਉਂਦੇ ਹਨ ਅਤੇ ਜਨਤਕ ਧਨ ਉੱਤੇ ਕੰਟਰੋਲ ਕਰਦੇ ਹਨ। ਸ਼ਾਸਨ ਦੀ ਵਾਂਗਡੋਰ ਭਾਵੇਂ ਬਹੁਮੱਤ ਦੇ ਹੱਥ ਹੁੰਦੀ ਹੈ, ਪਰ ਸ਼ਾਸਨ ਕਾਨੂੰਨ ਦੇ ਅਨੁਸਾਰ ਚਲਾਇਆ ਜਾਂਦਾ ਹੈ, ਕਿਸੇ ਵਿਅਕਤੀ ਜਾਂ ਵਿਅਕਤੀਆਂ

ਦੀ ਇੱਛਾ ਅਨੁਸਾਰ ਨਹੀਂ, ਸਮਾਨਤਾ ਸੁਤੰਤਰਤਾ ਤੇ ਭਰਾਤਰੀਵਾਦ ਲੋਕਤੰਤਰ ਦੇ ਮੂਲ ਆਧਾਰ ਹਨ।

ਇਥੇ ਇਹ ਸਪਸ਼ਟ ਕਰ ਦੇਣਾ ਵੀ ਜ਼ਰੂਰੀ ਹੈ, ਕਿ ਲੋਕਤੰਤਰ ਦੇ ਉਪਰੋਕਤ ਲੱਛਣ ਹੀ ਲੋਕ-ਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਲੋੜੀਂਦੀਆਂ ਸ਼ਰਤਾਂ ਵੀ ਹਨ, ਤੇ ਇਹਨਾਂ ਵਿਚੋਂ ਕੁਝ ਕੁ ਦੇ ਵੀ ਨਾ ਹੋਣ ਦੀ ਸੂਰਤ ਵਿੱਚ ਲੋਕਤੰਤਰ ਅਸਫਲ ਹੋ ਸਕਦਾ ਹੈ।

**ਸਵੈ ਅਭਿਆਸ ਲਈ ਪ੍ਰਸ਼ਨ - II**

1. ਉਦਾਰਵਾਦੀ ਲੋਕਤੰਤਰ ਅਧੀਨ ਸਭ ਤੋਂ ਵੱਧ ਜ਼ੋਰ_______________ ਦੀ ਅਹਿਮੀਅਤ ਉਤੇ ਹੈ।
2. ਜਾਹਨ ਲਾਕ ਦੁਆਰਾ ਉਦਾਰਵਾਦੀ ਲੋਕਤੰਤਰ ਦੇ ਜਿਹਨਾਂ ਸਿਧਾਂਤਾਂ ਦੀ ਪ੍ਰੋੜਤਾ ਕੀਤੀ ਗਈ ਉਹਨਾਂ ਵਿਚ ਕੋਈ ਤਿੰਨ ਲਿਖੋ- (ਕੇਵਲ ਸਿਰਲੇਖ)

1. ........................................................................................................................................
2. ........................................................................................................................................
3. ........................................................................................................................................

3. ਉਪਯੋਗਤਾ ਵਾਦੀਆਂ ਨੇ ਲੋਕਤੰਤਰ ਦੇ ਕਿਹੜੇ ਸਿਧਾਂਤ ਨਿਯਤ ਕੀਤੇ ? ਕੋਈ ਦੋ ਲਿਖੋ - (ਕੇਵਲ ਸਿਰਲੇਖ)
4. ਲੋਕਤੰਤਰ ਦੇ ਕੋਈ ਦੋ ਲੱਛਣਾਂ ਦੀ ਚਰਚਾ ਕਰੋ - (ਕੇਵਲ ਸਿਰਲੇਖ)

1. ........................................................................................................................................
2. ........................................................................................................................................
3. ........................................................................................................................................
4. ........................................................................................................................................
5. ........................................................................................................................................
6.

..........................................................................................................................................................

### 2.5.5 ਉਦਾਰਵਾਦੀ ਪ੍ਰਜਾਤੰਤਰ ਦੇ ਸਿਧਾਂਤ ਦਾ ਮੁਲਾਂਕਣ (Critical Evaluation of the Classical Theory of Democracy)

2.5.5.1 **ਆਮ ਇੱਛਾ ਦਾ ਸਿਧਾਂਤ ਸਪਸ਼ਟ ਨਹੀਂ** : ਉਦਾਰਵਾਦੀ ਪ੍ਰਜਾਤੰਤਰ ਦਾ ਮੁੱਢਲਾ ਅਸੂਲ ਹੈ ਕਿ ਮਨੁੱਖ ਇੱਕ ਰਾਜਨੀਤਕ ਪ੍ਰਾਣੀ ਹੈ ਅਤੇ ਉਹ ਸਮਾਜ ਦੀ ਆਮ ਇੱਛਾ ਤੋਂ ਵਾਕਿਫ਼ ਹੁੰਦਾ ਹੈ ਜਿਸ ਨੂੰ ਪ੍ਰਤੀਨਿਧ ਸਰਕਾਰ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਹਰ ਹਕੀਕਤ ਵਿਚ ਅਜਿਹਾ ਨਹੀਂ ਹੁੰਦਾ। ਆਮ ਇੱਛਾ ਦਾ ਅਰਥ ਹਰ ਵਿਅਕਤੀ ਲਈ ਵੱਖ-ਵੱਖ ਹੁੰਦਾ ਹੈ। ਸ਼ੁਮਪੀਟਰ ਦੇ ਸ਼ਬਦਾਂ ਵਿਚ, ''ਆਮ ਇੱਛਾ ਬਾਰੇ ਕੋਈ ਇਕ ਮਤ ਨਹੀਂ ਹੈ ਜਿਸ ਉਤੇ ਸਭ ਵਿਅਕਤੀ ਇਕੋ ਜਿਹੇ ਸੋਚਦੇ ਹੋਣ ਜਾਂ ਵਿਅਕਤੀਆਂ ਨੂੰ ਜ਼ੋਰ ਜ਼ਬਰਦਸਤੀ ਨਾਲ ਮਨਵਾਇਆ ਜਾ ਸਕੇ। ''

2.5.5.2. **ਰਾਜਨੀਤਿਕ ਸਮਾਨਤਾ ਇਕ ਭਰਮ ਮਾਤਰ ਹੈ** - ਕਲਾਸਕੀ ਪ੍ਰਜਾਤੰਤਰ ਦੀ ਇਹ ਮਾਨਤਾ ਕਿ ਰਾਜਨੀਤਕ ਸਮਾਨਤਾ ਹੁੰਦੀ ਹੈ, ਗਲਤ ਹੈ। ਵੱਖ-ਵੱਖ ਵਰਗਾਂ ਵਿਚ ਵੰਡੇ ਹੋਏ ਸਮਾਜ ਵਿਚ ਰਾਜਨੀਤਕ ਸਮਾਨਤਾ ਕੇਵਲ ਇਕ ਭਰਮ ਹੈ। ਹਕੀਕਤ ਵਿਚ ਲੋਕਾਂ ਵਿਚ ਪ੍ਰਤਿਦਵੰਦਤਾ ਹੁੰਦੀ ਹੈ। ਜੋ ਸਮਾਨਤਾ ਦੇ ਅਸੂਲ ਨੂੰ ਨਕਾਰਦੀ ਹੈ।

2.5.5.3 **ਚੁਣੀ ਹੋਈ ਸਰਕਾਰ ਵੀ ਜਨਤਾ ਦੇ ਕੰਟਰੋਲ ਵਿਚ ਨਹੀਂ ਰਹਿੰਦੀ** - ਇਸੇ ਤਰ੍ਹਾਂ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ, ਲੋਕਾਂ ਦੀ ਭਲਾਈ ਬਾਰੇ ਕੰਮ ਨਹੀਂ ਕਰਦੀ ਬਲਕਿ ਆਪਣੇ ਹਿੱਤਾਂ ਦੀ ਪੂਰਤੀ ਕਰਦੀ ਹੈ। ਕਲਾਸਕੀ ਪ੍ਰਜਾਤੰਤਰ ਦੇ ਹਾਮੀ ਇਸ ਗੱਲ ਤੇ ਯਕੀਨ ਕਰਦੇ ਹਨ ਕਿ ਜਨਤਾ ਚੁਣੀ ਹੋਈ ਸਰਕਾਰ ਉਤੇ ਪ੍ਰਭਾਵ ਪਾਉਂਦੀ ਹੈ। ਪਰ ਅਸਲੀਅਤ ਵਿਚ ਸਰਕਾਰ ਦੇ ਹੱਥ ਵਿਚ ਜਨਤਕ ਵਿਚਾਰਾਂ ਨੂੰ ਘੜਨ ਵਿਚ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਇਹ ਯਕੀਨ ਕਰਨਾ ਕਿ ਜਨਤਕ ਨੀਤੀਆਂ ਸਰਕਾਰ ਉਤੇ ਕਾਬੂ ਰਖਦੀਆਂ ਹਨ, ਗਲਤ ਹੈ।

2.5.5.4. **ਮਨੁੱਖ ਸਦਾ ਵਿਵੇਕਸ਼ੀਲ ਢੰਗ ਨਾਲ ਨਹੀਂ ਸੋਚਦਾ** :- ਕਲਾਸਕੀ ਪ੍ਰਜਾਤੰਤਰ ਦੇ ਸਿਧਾਂਤ ਦੁਆਰਾ ਇਹ ਯਕੀਨ ਕੀਤਾ ਜਾਂਦਾ ਹੈ ਕਿ ਮਨੁੱਖ ਇਕ ਵਿਚਾਰਵਾਨ ਰਾਜਨੀਤਿਕ ਪ੍ਰਣਾਲੀ ਹੈ ਅਤੇ ਉਸ ਦੀ ਰਾਜਨੀਤਿਕ ਵਿਸ਼ਿਆਂ

ਵਿਚ ਭਾਗੀਦਾਰੀ ਪ੍ਰਜਾਤੰਤਰ ਨੂੰ ਤਰਕਸੰਗਤ ਲੀਹਾਂ ਤੇ ਚਲਾਉਣ ਲਈ ਮਦਦਗਾਰ ਹੁੰਦੀ ਹੈ। ਪਰ ਸੱਚਾਈ ਵਿਚ ਅਜਿਹਾ ਪ੍ਰਜਾਤੰਤਰ **ਭੀੜਤੰਤਰ** ਵਿਚ ਬਦਲ ਜਾਂਦਾ ਹੈ ਅਤੇ ਮਨੁੱਖ ਤਰਕ ਦੇ ਆਧਾਰ ਤੇ ਜਨਤਕ ਮਾਮਲਿਆਂ ਵਿਚ ਭਾਗ ਨਹੀਂ ਲੈਂਦੇ। ਗਰਾਹਮ ਵਾਲਾਸ ਦੇ ਅਨੁਸਾਰ ਮਨੁੱਖ ਜਨਤਕ ਮਾਮਲਿਆਂ ਵਿਚ ਤਾਰਕਿਕ ਹੋ ਕੇ ਨਹੀਂ ਸੋਚਦਾ।

**2.5.5.5 ਵਾਦ ਵਿਵਾਦ ਤੇ ਗਲਬਾਤ ਰਾਹੀਂ ਸੁਲਝਾਉਣਾ ਆਸਾਨ ਨਹੀਂ** :- ਲੋਕਾਂ ਦੁਆਰਾ ਵਾਦ-ਵਿਵਾਦ ਅਤੇ ਗੱਲਬਾਤ ਰਾਹੀਂ ਇਕ ਆਮ ਸਹਿਮਤੀ ਉਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਕਿ ਵੱਖ-ਵੱਖ ਲੋਕਾਂ ਦੀਆਂ ਮੰਗਾਂ ਦੀ ਪੂਰਤੀ ਕੀਤੀ ਜਾ ਸਕੇ ਜਿਸ ਦੁਆਰਾ ਰਾਜ ਨੂੰ ਸਥਿਰਤਾ ਪ੍ਰਾਪਤ ਹੋਵੇ। ਪਰ ਅਜੋਕੇ ਸਮੇਂ ਵਿਚ ਇਹ ਪਾਇਆ ਗਿਆ ਹੈ ਕਿ ਗੱਲਬਾਤ ਅਤੇ ਵਾਦ-ਵਿਵਾਦ ਦੁਆਰਾ ਸਟੇਟਸ ਕੋ ਭਾਵ ਯਥਾ ਸਥਿਤੀ ਨੂੰ ਹੀ ਪ੍ਰਾਪਤ ਕੀਤਾ ਜਾਂਦਾ ਹੈ, ਮਨੁੱਖ ਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ।

**2.5.5.6 ਪ੍ਰਜਾਤੰਤਰ ਦਾ ਆਦਰਸ਼ਵਾਦੀ ਸਰੂਪ** :- ਕਲਾਸਕੀ ਪ੍ਰਜਾਤੰਤਰ ਵਿਚ ਪ੍ਰਜਾਤੰਤਰੀ ਕਦਰਾਂ ਕੀਮਤਾਂ ਉਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ ਅਤੇ ਪ੍ਰਜਾਤੰਤਰ ਦੀ ਮੈਕੇਨਿਜ਼ਮ ਉਤੇ ਘੱਟ। ਇਹ ਕੀ ਹੋਣਾ ਚਾਹੀਦਾ ਹੈ, ਇਸ ਉਤੇ ਆਧਾਰਿਤ ਹੈ ਨਾਂ ਕਿ ਕੀ ਹੈ ਉਤੇ। ਇਸ ਤੋਂ ਇਲਾਵਾ ਇਹ ਫੈਸਲਾ ਕਰਨ ਦੀ ਜਟਿਲ ਪ੍ਰਕ੍ਰਿਆ ਨੂੰ ਬਹੁਤ ਸਾਧਾਰਣ ਸਮਝਦਾ ਹੈ ਜਿਹੜਾ ਕਿ ਪ੍ਰਜਾਤੰਤਰੀ ਢੰਗ ਨਾਲ ਪੂਰੀ ਕੀਤੀ ਜਾ ਸਕਦੀ ਹੈ। ਪਰ ਫੈਸਲਾ ਕਰਨ ਦੀ ਪ੍ਰਕ੍ਰਿਆ ਉੱਤੇ ਵੱਖ-ਵੱਖ ਹਿੱਤਾਂ, ਵਿਚਾਰਾਂ ਦਾ ਅਸਰ ਹੁੰਦਾ ਹੈ। ਜਿਹੜਾ ਫੈਸਲਾ ਕਰਨ ਦੀ ਪ੍ਰਕ੍ਰਿਆ ਨੂੰ ਨਿਰਧਾਰਿਤ ਕਰਦਾ ਹੈ।

ਇਸ ਸਾਰੀ ਆਲੋਚਨਾ ਦੇ ਬਾਵਜੂਦ ਵੀ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ **ਲੋਕਤੰਤਰੀ ਮਾਨਵਵਾਦ**

(democratic humanism) ਦੀ ਧਾਰਣਾ ਤੇ ਆਧਾਰਿਤ ਕਲਾਸਕੀ ਲੋਕਤੰਤਰੀ ਪ੍ਰਣਾਲੀ ਬਹੁਤ ਮਹੱਤਵਪੂਰਣ ਹੈ। ਇਸ ਵਿਚ ਮਨੁੱਖ ਦੇ ਸੁਤੰਤਰਤਾ ਦੇ ਸਮਾਨਤਾ ਦੇ ਅਧਿਕਾਰਾਂ ਦੀ ਰਖਿਆ ਕੀਤੀ ਜਾਂਦੀ ਹੈ। ਇਸ ਦਾ ਮੁੱਖ ਉਦੇਸ਼ ਲੋਕ ਭਲਾਈ ਹੁੰਦਾ ਹੈ, ਜਿਵੇਂ ਮੈਜ਼ਿਨੀ ਨੇ ਵੀ ਕਿਹਾ ਹੈ ਕਿ ਭਾਵ ਲੋਕਤੰਤਰ ਸਰਵ ਉੱਤਮ ਲੋਕਾਂ ਦੀ ਅਗਵਾਈ ਹੇਠ ਸਾਰੇ ਲੋਕਾਂ ਦੀ ਉੱਨਤੀ ਲਈ ਯਤਨ ਹੈ। ਇਸ ਪ੍ਰਣਾਲੀ ਅਧੀਨ ਜਾਤੀ, ਧਰਮ, ਲਿੰਗ, ਰੰਗ ਜਾਂ ਸੰਪਤੀ ਦੇ ਆਧਾਰ ਤੇ ਕੋਈ ਭੇਦ ਭਾਵ ਨਹੀਂ ਕੀਤਾ ਜਾਂਦਾ ਅਤੇ ਸਭ ਨੂੰ ਵਿਕਾਸ ਦੇ ਸਮਾਨ ਮੌਕੇ ਦਿੱਤੇ ਜਾਂਦੇ ਹਨ। ਕਾਨੂੰਨੀ ਦ੍ਰਿਸ਼ਟੀ ਵਿਚ ਵੀ ਸਭ ਨੂੰ ਸਮਾਨ ਮੰਨਿਆ ਜਾਂਦਾ ਹੈ ਅਤੇ ਹਰ ਵਿਅਕਤੀ ਨੂੰ ਆਰਥਿਕ ਵਿਕਾਸ ਲਈ ਇਕੋ ਜਿਹੇ ਅਧਿਕਾਰ ਦਿੱਤੇ ਜਾਂਦੇ ਹਨ। ਇਸ ਪ੍ਰਣਾਲੀ ਅਧੀਨ ਵਿਅਕਤੀਗਤ ਸੁਤੰਤਰਤਾ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੁੰਦਾ ਹੈ ਅਤੇ ਸੁਤੰਤਰ ਅਤੇ ਨਿਰਪੱਖ ਨਿਆਂ ਪਾਲਿਕਾ ਦੀ ਵਿਵਸਥਾ ਕਰਕੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਵਿਅਕਤੀ ਦੀ ਸੁਤੰਤਰਤਾ ਪੂਰੀ ਤਰ੍ਹਾਂ ਸੁਰਖਿਅਤ ਹੋਵੇ। ਇਹ ਪ੍ਰਣਾਲੀ ਵਿਅਕਤੀ ਦੇ ਗੌਰਵ ਵਿਚ ਵਾਧਾ ਕਰਦੀ ਹੈ ਅਤੇ ਉਸ ਨੂੰ ਜਾਗਰੂਕ ਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਵਿਚ ਸਹਾਇਕ ਹੁੰਦੀ ਹੈ। ਜਿਵੇਂ ਬਰਾਈਸ ਨੇ ਵੀ ਕਿਹਾ ਹੈ, ''ਵੋਟ ਦਾ ਅਧਿਕਾਰ ਪ੍ਰਾਪਤ ਹੋਣ ਦੇ ਨਾਲ ਵਿਅਕਤੀ ਦੀ ਸ਼ਖਸੀਅਤ ਤੇ ਗੌਰਵ ਵਿਚ ਵਾਧਾ ਹੁੰਦਾ ਹੈ ਅਤੇ ਇਸ ਅਧਿਕਾਰ ਕਾਰਨ ਉਸ ਵਿਚ ਜ਼ਿੰਮੇਵਾਰੀ ਦੀ ਭਾਵਨਾ ਦਾ ਪੱਧਰ ਉਚੇਰਾ ਹੁੰਦਾ ਹੈ।'' ਕਿਉਂਕਿ ਕਾਨੂੰਨ ਜਨਤਾ ਦੇ ਪ੍ਰਤੀਨਿਧੀਆਂ ਦੁਆਰਾ ਬਣਾਏ ਜਾਂਦੇ ਹਨ ਅਤੇ ਜਨਤਾ ਦੀ ਇੱਛਾ ਦਾ ਪ੍ਰਗਟਾਵਾ ਕਰਦੇ ਹਨ, ਇਸ ਲਈ ਜਨਤਾ ਸੁਭਾਵਿਕ ਹੀ ਉਹਨਾਂ ਦੀ ਪਾਲਣਾ ਬਿਨਾਂ ਕਿਸੇ ਹੀਲ ਹੁੱਜਤ ਦੇ ਕਰਦੀ ਹੈ ਕਿਉਂਕਿ ਨਾਗਰਿਕ ਇਹ ਮਹਿਸੂਸ ਕਰਦੇ ਹਨ ਕਿ ਸਰਕਾਰ ਉਹਨਾਂ ਦੀ ਹੀ ਬਣਾਈ ਹੋਈ ਹੈ ਅਤੇ ਰਾਜ ਦੇ ਕਰਮਚਾਰੀ ਉਹਨਾਂ ਦੇ ਮਾਲਕ ਨਹੀਂ, ਸਗੋਂ ਸੇਵਕ ਹਨ। ਲੋਕਤੰਤਰ ਨਾਗਰਿਕਾਂ ਅੰਦਰ ਅਜਿਹੀ ਰਾਸ਼ਟਰੀ ਭਾਵਨਾ ਪੈਦਾ ਕਰਦਾ ਹੈ ਕਿ ਉਹ ਕੋਈ ਅਜਿਹਾ ਕੰਮ ਨਹੀਂ ਕਰਦੇ ਜਿਸ ਨਾਲ ਰਾਸ਼ਟਰ ਨੂੰ ਹਾਨੀ ਪਹੁੰਚਣ ਦੀ ਸੰਭਾਵਨਾ ਹੋਵੇ। ਇਹ ਪ੍ਰਣਾਲੀ ਵਿਅਕਤੀ ਨੂੰ ਸੱਤਾਧਾਰੀ ਰਾਜ ਤੋਂ ਮੁਕਤੀ ਦਿਵਾਉਂਦੀ ਹੈ ਤੇ ਉਸ ਦੇ ਚਰਿਤਰ ਨਿਰਮਾਣ ਵਿਚ ਸਹਾਇਕ ਹੁੰਦੀ ਹੈ। ਜੇ.ਐਸ. ਮਿਲ ਅਨੁਸਾਰ, ''ਲੋਕਤੰਤਰ ਦੂਜੀਆਂ ਸ਼ਾਸਨ ਪ੍ਰਣਾਲੀਆਂ ਦੇ ਮੁਕਾਬਲੇ ਬਿਹਤਰ ਅਤੇ ਉਚੇਰੇ ਪੱਧਰ ਤੇ ਰਾਸ਼ਟਰੀ ਚਰਿਤਰ ਦਾ ਵਿਕਾਸ ਕਰਦਾ ਹੈ।'' ਇਸ ਪ੍ਰਣਾਲੀ ਰਾਹੀਂ ਲੋਕਾਂ ਅੰਦਰ ਨੈਤਿਕ ਬਲ, ਈਮਾਨਦਾਰੀ, ਮਿਹਨਤ, ਆਤਮ-ਵਿਸ਼ਵਾਸ ਅਤੇ ਹੌਸਲੇ ਜਿਹੇ ਗੁਣਾਂ ਦਾ ਵਿਕਾਸ ਹੁੰਦਾ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਆਪਣੀਆਂ ਸਾਰੀਆਂ ਖਾਮੀਆਂ ਦੇ ਬਾਵਜੂਦ ਵੀ ਲੋਕਤੰਤਰ ਇਕ ਸਰਵ ਉੱਤਮ ਪ੍ਰਣਾਲੀ ਹੈ। ਲੋਕਤੰਤਰ ਦੇ ਦੋਸ਼ ਅਸਲ ਵਿਚ ਪ੍ਰਣਾਲੀ ਦੇ ਦੋਸ਼ ਨਹੀਂ ਨਹੀਂ, ਸਗੋਂ ਸ਼ਾਸਕ ਵਰਗ ਅਤੇ ਜਨਤਾ ਦੇ ਦੋਸ਼ ਹਨ। ਜੇਕਰ ਕਿਸੇ ਦੇਸ਼ ਵਿਚ ਲੋਕਤੰਤਰ ਸਫ਼ਲ ਨਹੀਂ ਹੋ ਸਕਿਆ ਤਾਂ ਉਸ ਵਿਚ ਦੋਸ਼ ਇਸ ਪ੍ਰਣਾਲੀ ਦਾ

ਨਹੀਂ, ਸਗੋਂ ਉਥੋਂ ਦੇ ਸ਼ਾਸਕਾਂ ਤੇ ਲੋਕਾਂ ਦਾ ਹੈ ਜੋ ਉਹ ਗੁਣ ਪੈਦਾ ਨਹੀ ਕਰ ਸਕੇ ਤੇ ਉਹ ਮਾਹੌਲ ਪ੍ਰਦਾਨ ਨਹੀ ਕਰ ਸਕੇ ਜੋ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਹੈ। ਸੋ ਲੋੜ ਹੈ ਜਾਗਰੂਕ ਨਾਗਰਿਕਾਂ ਤੇ ਅਜਿਹੀਆਂ ਲੋਕਤੰਤਰੀ ਕਦਰਾਂ ਕੀਮਤਾਂ ਦੀ, ਜਿੰਨ੍ਹਾਂ ਬਗੈਰ ਉਦਾਰਵਾਦੀ ਜਾਂ ਕਲਾਸਕੀ ਲੋਕਤੰਤਰ ਸਫ਼ਲਤਾ ਪੂਰਵਕ ਨਹੀਂ ਚਲ ਸਕਦਾ।

**ਸਵੈ ਅਭਿਆਸ ਲਈ ਪ੍ਰਸ਼ਨ - III**

1. ਕਲਾਸਕੀ ਲੋਕਤੰਤਰ ਦੀ ਜਿਹਨਾਂ ਆਧਾਰਾਂ ਤੇ ਆਲੋਚਨਾ ਕੀਤੀ ਜਾਂਦੀ ਹੈ ਉਹਨਾਂ ਵਿਚੋਂ ਕੋਈ ਚਾਰ ਲਿਖੋ (ਕੇਵਲ ਸਿਰਲੇਖ)
2. ਕਲਾਸਕੀ ਲੋਕਤੰਤਰ ਮਹੱਤਵ ਬਾਰੇ ਚਾਰ ਲਾਈਨਾਂ ਵਿਚ ਲਿਖੋ (ਕੇਵਲ ਸਿਰਲੇਖ)
3. ਲੋਕਤੰਤਰ ਦੇ ਦੋਸ਼ ਇਸ ਪ੍ਰਣਾਲੀ ਦੇ ਨਹੀਂ ਸਗੋਂ __________ਅਤੇ __________ ਦੇ ਦੋਸ਼ ਹਨ।

**2.5.6 ਲੋਕਤੰਤਰ ਦਾ ਮਾਰਕਸਵਾਦੀ ਸਿਧਾਂਤ (Marxist theory of democracy)**: ਮਾਰਕਸਵਾਦ ਅਨੁਸਾਰ

ਲੋਕਤੰਤਰ ਸਮੇਤ ਸਭ ਸਰਕਾਰਾਂ ਸ਼ਾਸਕ ਸ਼੍ਰੇਣੀਆਂ ਦੁਆਰਾ ਸ਼ਾਸਿਤ ਲੋਕਾਂ ਉਪਰ ਦਮਨ ਕਰਨ ਦਾ ਹਥਿਆਰ ਹਨ। ਲੋਕਤੰਤਰੀ ਰੂਪ ਰਾਜ ਦੀ ਇਸ ਪ੍ਰਕ੍ਰਿਤੀ ਨੂੰ ਨਹੀਂ ਬਦਲਦੇ। ਕਮਿਊਨਿਸਟ ਮੈਨੀਫੈਸਟੋ ਵਿੱਚ ਆਖਿਆ ਗਿਆ ਹੈ ਕਿ ਕਿਰਤੀ ਸਮਾਜ ਦਾ ਪਹਿਲਾ ਇਨਕਲਾਬ ਪ੍ਰੋਲੀਤਾਰੀ ਨੂੰ ਹੁਕਮਰਾਨ ਸ਼੍ਰੇਣੀ ਬਣਨ ਦੀ ਸਥਿਤੀ ਤਕ ਉਠਾਂਦਾ ਹੈ ਤਾਂ ਕਿ ਲੋਕਤੰਤਰ ਸਥਾਪਿਤ ਹੋ ਸਕੇ। ਮਾਰਕਸ ਅਤੇ ਏਂਜਲਸ ਸਮਝਦੇ ਹਨ ਕਿ ਆਰਥਿਕ ਬਰਾਬਰੀ ਲਿਆਉਣ ਲਈ ਉਪਾਓ ਤਜ਼ਵੀਜ਼ ਕੀਤੇ ਹਨ।

1. ਜ਼ਮੀਨ ਜਾਇਦਾਦ ਦਾ ਕੌਮੀਕਰਣ
2. ਭਾਰੀ ਆਮਦਨ ਕਰ
3. ਵਿਰਾਸਤ ਦੇ ਸਭ ਅਧਿਕਾਰਾਂ ਖਾਤਮਾ
4. ਸਭ ਲਈ ਕਿਰਤੀ ਵਜੋਂ ਕਾਰਜ ਕਾਰਨ ਦੀ ਜ਼ਿੰਮੇਵਾਰੀ

ਮਾਰਕਸਵਾਦੀ ਦੇਸ਼ਾਂ ਨੇ ਆਰਥਿਕ ਪਛੜੇਪਨ ਅਤੇ ਲੋਕਤੰਤਰ ਦੀਆਂ ਸਮੱਸਿਆਵਾਂ ਨਾਲ ਕਾਰਗਰ ਢੰਗ ਨਾਲ ਨਿਪਟਣ ਦੀ ਸਮਰਥਾ ਵਿਖਾਈ ਹੈ। ਨਾਗਰਿਕਾਂ ਨੂੰ ਰਾਜਨੀਤਿਕ ਅਧਿਕਾਰ ਹੋਣ ਜਾਂ ਨਾਂਹ, ਪਰ ਕੋਈ ਵੀ ਭੁੱਖਾ ਨਹੀਂ ਸੀ ਸੌਂਦਾ, ਬੱਚਿਆਂ ਦੀ ਢੁਕਵੀ ਸੰਭਾਲ ਹੁੰਦੀ ਹੈ ਤੇ ਸਿੱਖਿਆ ਮਿਲਦੀ ਹੈ। ਕਿਸੇ ਦਾ ਸ਼ੋਸ਼ਣ ਨਹੀਂ ਹੁੰਦਾ।

ਲੋਕਤੰਤਰ ਦੀ ਇੱਕ ਹੋਰ ਆਧੁਨਿਕ ਵਿਆਖਿਆ ਸਮਾਜਵਾਦੀ ਲੋਕਤੰਤਰ ਦੇ ਸੰਦਰਭ ਵਿਚ ਕੀਤੀ ਗਈ ਹੈ। ਇਹ ਸਮਾਜਵਾਦੀ ਲੋਕਤੰਤਰ ਪੂਜੀਵਾਦ ਤੋਂ ਕਮਿਊਨਿਜ਼ਮ ਵਿੱਚ ਤਬਦੀਲੀ ਦੇ ਵਿਚਕਾਰ ਵਾਲੇ ਭਾਵ ਬਦਲਾਵ ਵਾਲੇ ਸਮੇਂ ਦੌਰਾਨ ਸਥਾਪਿਤ ਕੀਤਾ ਜਾਣਾ ਹੈ। ਸ਼੍ਰੇਣੀਆਂ ਤੇ ਵਿਰੋਧਤਾਵਾਂ ਦੀ ਥਾਂ (ਸੋ ਰੁਪਏ ਪੂੰਜੀਵਾਦੀ ਸਮਾਜ ਵਿੱਚ ਮੌਜੂਦ ਹਨ) ਇਸ ਨਵੇਂ ਸਥਾਪਿਤ ਸਮਾਜਵਾਦੀ ਸਮਾਜ ਵਿੱਚ ਇਕ ਅਜਿਹਾ ਭਾਈਚਾਰਾ ਹੋਵੇਗਾ ਜਿਸ ਵਿੱਚ ਹਰ ਇਕ ਦੇ ਸੁਤੰਤਰ ਵਿਕਾਸ ਦੀ ਸ਼ਰਤ ਪੂਰੀ ਹੋਵੇਗੀ। ਅਸਲ ਵਿਚ ਮਾਰਕਸ ਨੇ ਲੋਕਤੰਤਰ ਦੇ ਆਪਣੇ ਚਿੱਤਰ ਦਾ ਸਿਰਫ਼ ਖਾਕਾ ਹੀ ਤਿਆਰ ਕੀਤਾ ਸੀ। ਤਸਵੀਰ ਵਿਚ ਰੰਗ ਭਰਨ ਦਾ ਕੰਮ ਲੈਨਿਨ ਨੇ ਕੀਤਾ। ਅਤੇ ਅਜਿਹਾ ਕਰਦਿਆਂ ਇਸ ਨੇ ਇਸ ਵਿੱਚ ਵਾਧਾ ਵੀ ਕੀਤਾ। ਉਦਾਹਰਣ ਵਜੋਂ ਮਾਰਕਸ ਅਨੁਸਾਰ ਲੋਕਤੰਤਰ ਇਕ ਸ਼੍ਰੇਣੀ ਰਹਿਤ ਸਮਾਜ ਸੀ, ਪਰ ਲੈਨਿਨ ਲਈ ਲੋਕਤੰਤਰ ਵੀ ਰਾਜ ਦੀ ਕਿਸਮ ਸੀ ਤੇ ਉਸ ਤੇ ਉਸ ਦਾ ਮੱਤ ਸੀ ਕਿ ਰਾਜ ਰਹਿਤ ਸਮਾਜ ਲੋਕਤੰਤਰ ਅਧੀਨ ਸੰਭਵ ਨਹੀਂ ਉਹ ਲਿਖਦਾ, ਲੋਕਤੰਤਰ ਇਕ ਤਰ੍ਹਾਂ ਦਾ ਰਾਜ ਹੈ - ਰਾਜ ਦੀ ਇਹ, ਕਿਸਮ ਹੈ, ਸੋ ਹੋਰ ਸਾਰੇ ਰਾਜਾਂ ਵਾਂਗ ਇਹ ਵੀ, ਜਥੇਬੰਦ ਤੇ ਤਰਤੀਬਵਾਰ ਢੰਗ ਨਾਲ ਕੀਤਾ ਗਿਆ ਜਬਰ ਮਾਤਰ ਹੈ। ਜੇ ਲੋਕਤੰਤਰ ਦਾ ਭਾਵ ਰਾਜ ਹੈ ਅਤੇ ਜੇਕਰ ਰਾਜ ਨੂੰ ਖਤਮ ਕਰਨਾ ਹੈ ਤਾਂ ਫਿਰ ਲੋਕਤੰਤਰ ਨੂੰ ਵੀ ਖਤਮ ਕਰਨਾ ਪਵੇਗਾ। ਪਰ ਕਾਮਿਆਂ ਦੇ ਜਾਂ ਪ੍ਰੋਲੇਤਾਰੀ ਸ਼ਾਸਨ ਅਧੀਨ ਬੁਰਜੂਆਂ ਲੋਕਤੰਤਰ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਹ ਕਾਮਿਆਂ ਦੀ ਤਾਨਾਸ਼ਾਹੀ ਹੀ ਹੈ।

**2.5.7. ਸਿੱਟਾ (Conclusion)** :-

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਦਾਰਵਾਦੀਆਂ, ਮਾਕਸਵਾਦੀਆਂ ਅਤੇ ਵਸ਼ਿਸ਼ਟ ਵਰਗਾਂ ਨੇ ਆਪੋ-ਆਪਣੇ ਢੰਗ ਨਾਲ ਲੋਕਤੰਤਰ ਦੀ ਵਿਆਖਿਆ ਕੀਤੀ ਹੈ। ਕੋਈ ਵੀ ਸਿਧਾਂਤ ਆਪਣੇ ਆਪ ਵਿੱਚ ਪੂਰਨ ਨਹੀਂ ਹੈ। ਲੋਕਤੰਤਰ ਇਕ ਗਤੀਸ਼ੀਲ (dynamic) ਧਾਰਨਾ ਹੈ, ਇਸ ਕਰਕੇ ਇਹ ਕਿਸੇ ਇਕ ਸਿਧਾਂਤ ਦਾ ਮੁਥਾਜ ਨਹੀਂ।

**2.5.8ਸਵੈ ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ :-**

**ਸਵੈ ਅਭਿਆਸ ਲਈ 1**

1. ਲੋਕਤੰਤਰ ਨੂੰ ਅੰਗਰੇਜ਼ੀ ਵਿੱਚ ਡੈਮੋਕਰੇਸੀ ਕਹਿੰਦੇ ਹਨ - ਇਹ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਡੈਮੋਸ (Demos) ਭਾਵ ਲੋਕ ਅਤੇ ਕਰੇਟੀਆ (Cratia) ਭਾਵ ਸ਼ਾਸਨ ਤੋਂ ਮਿਲ ਕੇ ਬਣਿਆ ਹੈ - ਸੋ ਇਸ ਦਾ ਸ਼ਾਬਦਿਕ ਅਰਥ ਹੈ - ਉਹ ਸ਼ਾਸਨ ਪ੍ਰਣਾਲੀ ਜਿਸ ਵਿਚ ਸ਼ਾਸਨ ਕਰਨ ਦੀ ਸ਼ਕਤੀ ਲੋਕਾਂ ਕੋਲ ਹੋਵੇ।

2. ਲਿੰਕਨ ਅਨੁਸਾਰ ਲੋਕਤੰਤਰ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਰਾਜ ਹੈ।

3. ਲੋਕਤੰਤਰ ਦੇ ਵਿਭਿੰਨ ਪਹਿਲੂ ਹਨ :-

(i) ਰਾਜਨੀਤਿਕ, - ਲੋਕਤੰਤਰ ਰਾਜ ਤੇ ਸਰਕਾਰ

(ii) ਆਰਥਿਕ - ਲੋਕਤੰਤਰੀ ਅਰਥ ਵਿਵਸਥਾ

(iii) ਸਮਾਜਿਕ - ਲੋਕਤੰਤਰੀ ਸਮਾਜ

**ਸਵੈ ਅਭਿਆਸ ਲਈ 2**

1. ਲੋਕਾਂ ਦੀ ਅਹਿਮੀਅਤ ਉਤੇ

2. ਲਾਕ ਨੇ ਕਲਾਸਕੀ ਲੋਕਤੰਤਰ ਹੇਠ ਲਿਖੇ ਸਿਧਾਂਤਾਂ ਦੀ ਪ੍ਰੋੜ੍ਹਤਾ ਕੀਤੀ :-

(i) ਰਾਜਨੀਤਿਕ ਸ਼ਕਤੀ ਸ਼ਾਸਨ ਕੋਲ ਇਕ ਟਰਸਟ ਦੇ ਰੂਪ ਵਿਚ ਹੁੰਦੀ ਹੈ।

(ii) ਵਿਅਕਤੀ ਦੇ ਕੁਝ ਮੁਢਲੇ ਅਧਿਕਾਰ ਹੁੰਦੇ ਹਨ, ਜਿਹਨਾਂ ਨੂੰ ਖੋਹਿਆ ਨਹੀਂ ਜਾ ਸਕਦਾ।

(iii) ਸਰਕਾਰ ਦਾ ਆਧਾਰ ਲੋਕਾਂ ਦੀ ਸਹਿਮਤੀ ਹੋਣੀ ਚਾਹੀਦੀ ਹੈ ਅਤੇ ਰਾਜਨੀਤਿਕ ਸ਼ਕਤੀ ਇਸੇ ਸਹਿਮਤੀ ਵਿਚੋਂ ਪ੍ਰਵਾਹਿਤ ਹੋਣੀ ਚਾਹੀਦੀ ਹੈ।

3 (i) ਬਾਲਗ ਮਤਾਧਿਕਾਰ

(ii) ਸਰਕਾਰ ਦੀਆਂ ਸੀਮਾਵਾਂ ਤਾਂਕਿ ਲੋਕ ਸੁਤੰਤਰਤਾ ਮਾਣ ਸਕਣ।

**4. ਲੋਕਤੰਤਰ ਦੇ ਕੁਝ ਮਹੱਤਵਪੂਰਣ ਲੱਛਣ ਹਨ :-**

(i) ਮਨੁੱਖ ਇਕ ਨੈਤਿਕ ਅਤੇ ਵਿਵੇਕਸ਼ੀਲ ਪ੍ਰਾਣੀ ਹੈ।

(ii) ਪ੍ਰਭੂਸੱਤਾ ਜਨਤਾ ਵਿਚ ਨਿਹਿਤ ਹੁੰਦੀ ਹੈ।

(iii) ਰਾਜ ਤੇ ਸਰਕਾਰ ਨੂੰ ਵਿਅਕਤੀ ਦੇ ਸਰਬ ਪੱਖੀ ਵਿਕਾਸ ਸਾਧਨ ਮੰਨਿਆ ਜਾਂਦਾ ਹੈ।

(iv) ਸਮਾਜ ਦਾ ਬਹੁਵਾਦੀ ਸਰੂਪ ਵਿਚ ਵਿਸ਼ਵਾਸ।

(v) ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੀ ਭਾਵਨਾ ਦਾ ਵਿਕਾਸ

**ਸਵੈ ਅਭਿਆਸ ਲਈ - (III)**

**ਕਾਨੂੰਨ ਦਾ ਸ਼ਾਸਨ**

(i) ਆਮ ਇੱਛਾ ਦਾ ਸਿਧਾਂਤ ਸਪਸ਼ਟ ਨਹੀਂ।

(ii) ਚੁਣੀ ਹੋਈ ਸਰਕਾ ਜਨਤਾ ਦੇ ਕੰਟਰੋਲ ਵਿਚ ਨਹੀਂ ਰਹਿੰਦੀ।

(iii) ਕਲਾਸਕੀ ਪਰਜਾਤੰਤਰ ਅਧੀਨ ਕਦਰਾਂ ਕੀਮਤਾਂ ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ ਤੇ ਅਸਲੀ ਸਮੱਸਿਆਵਾਂ ਤੇ ਘੱਟ

(iv) ਵਾਦ ਵਿਵਾਦ ਤੇ ਗਲਬਾਤ ਰਾਹੀਂ ਮਸਲੇ ਸੁਲਝਾਉਣਾ ਮੁਸ਼ਕਿਲ ਹੈ।

2. ਕਲਾਸਕੀ ਲੋਕਤੰਤਰ ਮਾਨਵਵਾਦ ਦੀ ਧਾਰਨਾ ਉੱਤੇ ਆਧਾਰਿਤ ਹੈ।

ਇਸ ਵਿਚ ਵਿਅਕਤੀ ਦੇ ਸੁਤੰਤਰਤਾ ਤੇ ਸਮਾਨਤਾ ਦੇ ਅਧਿਕਾਰਾਂ ਦੀ ਰਖਿਆ ਕਰਨ ਦਾ ਪੂਰਾ ਯਤਨ ਕੀਤਾ ਜਾਂਦਾਹੈ। ਇਸ ਦਾ ਉਦੇਸ਼ ਲੋਕ ਭਲਾਈ ਹੁੰਦਾ ਹੈ ਅਤੇ ਇਸ ਅਧੀਨ ਜਾਤੀ, ਧਰਮ, ਲਿੰਗ, ਰੰਗ ਜਾਂ ਧਰਮ ਦੇ ਆਧਾਰ ਤੇ ਕਿਸੇ ਤਰ੍ਹਾਂ ਦਾ ਕੋਈ ਭੇਦ ਭਾਵ ਨਹੀਂ ਕੀਤਾ ਜਾਂਦਾ।

3. ਸ਼ਾਸਕ ਵਰਗ ਅਤੇ ਜਨਤਾ

**ਸਵੈ ਅਭਿਆਸ ਲਈ ਪ੍ਰਸ਼ਨ - IV**

1. (i) ਸਮਾਜ ਵਿਚ ਦੋ ਵਰਗ ਹੁੰਦੇ ਹਨ ਇਕ ਸ਼ਾਸਕਾਂ ਦਾ ਅਤੇ ਇਕ ਸ਼ਾਸਿਤਾਂ ਦਾ -

(ii) ਤਰਕਪੂਰਣ ਵਿਵਹਾਰ ਕਰਨ ਤੇ ਨਿਰਣੇ ਲੈਣ ਲਈ ਲੋਕਾਂ ਨੂੰ ਰਹਿਨੁਮਾਈ ਦੀ ਲੋੜ ਹੁੰਦੀ ਹੈ।
(iii) ਚੋਣਾਂ ਸਮਾਜ ਵਿਚ ਵਸ਼ਿਸ਼ਟ ਵਰਗਾਂ ਵਿਚ ਅਦਲਾ ਬਦਲੀ ਜਾਂ ਫੇਰ ਬਦਲ ਦਾ ਢੰਗ ਮਾਤਰ ਹਨ।
(iv) ਲੋਕਤੰਤਰ ਲੋਕਾਂ ਲਈ ਸਰਕਾਰ ਤਾਂ ਹੈ ਪਰ ਲੋਕਾਂ ਦੁਆਰਾ ਨਹੀਂ।

**2.5.9 ਕੁਝ ਮਹੱਤਵਪੂਰਨ ਪੁਸਤਕਾਂ (Suggested Readings) :-**


- ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ - ਡਾ. ਐਸ.ਕੇ. ਸ਼ਰਮਾ (ਪੰਜਾਬੀ ਮਾਧਿਅਮ)
- Political Theory - J.S. Badyal (Pbi. Medium)
- Modern Political Analysis- N. Jayapalan (Eng Medium)
- www.oup.com
- www.cup.com